ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 148
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 30 May, 2026) ਸ਼ਨੀਵਾਰ, 30 ਮਈ, 2026, 16 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਭਗਵੰਤ ਮਾਨ ਦੇ ਅੱਜ ਸੱਦੀ ਪੰਜਾਬ ਕੈਬਨਿਟ ਦੀ ਮੀਟਿੰਗ

ਚੰਡੀਗੜ੍ਹ , 29 ਮਈ (ਚ.ਨ.ਸ.):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਸੱਦੀ ਹੈ। ਇਹ ਮੀਟਿੰਗ ਭਲਕੇ ਸ਼ਨੀਵਾਰ 30.05.2026 ਨੂੰ ਦੁਪਹਿਰ 12:00 ਵਜੇ ਮੁੱਖ ਮੰਤਰੀ ਰਿਹਾਇਸ਼ ਚੰਡੀਗੜ੍ਹ ਵਿਖੇ ਹੋਵੇਗੀ। ਹਾਲਾਂਕਿ ਪੰਜਾਬ ਸਰਕਾਰ ਵੱਲੋਂ ਮੰਤਰੀ ਮੰਡਲ ਦੀ ਮੀਟਿੰਗ ਨੂੰ ਲੈ ਕੇ ਕੋਈ ਏਜੰਡਾ ਜਾਰੀ ਨਹੀਂ ਕੀਤਾ ਗਿਆ ਪਰ ਮੰਨਿਆ ਜਾ ਰਿਹਾ ਹੈ ਕਿ ਇਸ ਮੀਟਿੰਗ ਵਿੱਚ ਕਈ ਵੱਡੇ ਫ਼ੈਸਲਿਆਂ 'ਤੇ ਮੋਹਰ ਲੱਗ ਸਕਦੀ ਹੈ।


# ਸਿੱਖਿਆ ਦਾ ਮਹਾਂ ਜਸ਼ਨ

**ਨੀਤੀ ਆਯੋਗ ਦੀ ਰਿਪੋਰਟ, ਪੰਜਾਬ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਦੇਸ਼ ਵਿੱਚ ਨੰਬਰ 1**




| 19,000+ | 1.8 ਲੱਖ+ | 25 ਲੱਖ+ |
|---|---|---|
| ਸਰਕਾਰੀ ਸਕੂਲ | ਸਰਕਾਰੀ ਸਕੂਲ ਸਟਾਫ਼ | ਸਰਕਾਰੀ ਵਿਦਿਆਰਥੀ |

**ਮੁੱਖ ਮੰਤਰੀ ਭਗਵੰਤ ਸਿੰਘ ਮਾਨ**
ਤੁਹਾਨੂੰ ਇਸ ਇਤਿਹਾਸਿਕ ਜਸ਼ਨ ਦਾ ਹਿੱਸਾ ਬਣਨ ਲਈ ਨਿੱਘਾ ਸੱਦਾ ਦਿੰਦੇ ਹਨ।

**ਸਵੇਰੇ 8:00 ਵਜੇ | 30 ਮਈ, 2026**

**ਜਸ਼ਨ**
**ਸਿੱਖਿਆ ਦਾ ਮਹਾਂ ਜਸ਼ਨ**
ਆਪਣੇ ਬੱਚੇ ਦੇ ਸਕੂਲ ਵਿੱਚ ਮੈਗਾ ਪੀ.ਟੀ.ਐਮ. (ਮਾਪੇ-ਅਧਿਆਪਕ ਮਿਲਣੀ) ਅਤੇ ਪੇਰੈਂਟਸ ਵਰਕਸ਼ਾਪ ਵਿੱਚ ਸ਼ਾਮਲ ਹੋਵੋ।

**ਸਿੱਖੋ**
**ਵਰਕਸ਼ਾਪ ਵਿੱਚ**
ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਪਣੇ ਬੱਚੇ ਦੀ ਪੜ੍ਹਾਈ ਨੂੰ ਜਾਰੀ ਰੱਖਣ ਦੇ ਸੌਖੇ ਤਰੀਕੇ ਜਾਣੋ।

**ਜਾਣੋ**
**ਪੀ.ਟੀ.ਐਮ. ਵਿੱਚ**
ਅਧਿਆਪਕਾਂ ਨੂੰ ਮਿਲੋ, ਜਾਣੋ ਕਿ ਤੁਹਾਡਾ ਬੱਚਾ ਕਿਵੇਂ ਪੜ੍ਹ ਰਿਹਾ ਹੈ ਅਤੇ ਉਸ ਨੂੰ ਕਿੱਥੇ ਮਦਦ ਦੀ ਲੋੜ ਹੈ।

**ਮੈਗਾ ਮਾਪੇ-ਅਧਿਆਪਕ ਮਿਲਣੀ ਅਤੇ ਵਰਕਸ਼ਾਪ**

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

### ਨਗਰ ਨਿਗਮ ਚੋਣਾਂ 'ਚ 'ਆਪ' ਦੀ ਵੱਡੀ ਜਿੱਤ

# ਪੰਜਾਬ ਦੇ ਲੋਕਾਂ ਨੇ ਕੇਜਰੀਵਾਲ ਦੀ ਸਿਆਸਤ ਤੇ ਮਾਨ ਦੇ ਕੰਮ 'ਤੇ ਲਗਾਈ ਮੋਹਰ : ਸਿਸੋਦੀਆ

ਚੰਡੀਗੜ੍ਹ, 29 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਵਿੱਚ ਨਗਰ ਨਿਗਮ ਤੇ ਕੌਂਸਲ ਚੋਣਾਂ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ (ਆਪ) ਨੇ ਇੱਕ ਵਾਰ ਫਿਰ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਬੰਪਰ ਜਿੱਤ ਹਾਸਲ ਕੀਤੀ ਹੈ। ਇਸ ਇਤਿਹਾਸਕ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਦੇਸ਼ ਦਫ਼ਤਰ ਵਿੱਚ ਜਸ਼ਨ ਦਾ ਮਾਹੌਲ ਰਿਹਾ। ਸਵੇਰ ਤੋਂ ਹੀ ਨਤੀਜਿਆਂ ਦੇ ਰੁਝਾਨ 'ਆਪ' ਦੇ ਪੱਖ ਵਿੱਚ ਆਉਣ ਤੋਂ ਬਾਅਦ ਪਾਰਟੀ ਆਗੂ ਤੇ ਵਰਕਰ ਦਫ਼ਤਰ 'ਤੇ ਇਕੱਠਾ ਹੋਣਾ ਸ਼ੁਰੂ ਹੋ ਗਏ।

ਜਿੱਤ ਦੀ ਖ਼ੁਸ਼ੀ ਵਿੱਚ ਪਾਰਟੀ ਮੁੱਖ ਦਫ਼ਤਰ ਵਿਖੇ ਵਰਕਰਾਂ ਨੇ ਢੋਲ ਦੀ ਥਾਪ 'ਤੇ ਜੰਮ ਕੇ ਭੰਗੜਾ ਪਾਇਆ ਅਤੇ ਇੱਕ-ਦੂਜੇ ਨੂੰ ਲੱਡੂ ਖਵਾ ਕੇ ਅਤੇ ਵਧਾਈ ਦੇ ਕੇ ਜਿੱਤ ਦਾ ਜਸ਼ਨ ਮਨਾਇਆ। ਇਸ ਵਿਜੇ ਉਤਸਵ ਦੇ ਮੌਕੇ 'ਤੇ ਆਪ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਨ੍ਹਾਂ ਤੋਂ ਇਲਾਵਾ ਪਾਰਟੀ ਦੇ ਤਮਾਮ ਸੀਨੀਅਰ ਆਗੂ, ਵਿਧਾਇਕ ਅਤੇ ਅਹੁਦੇਦਾਰ ਵੀ ਇਸ ਜਸ਼ਨ ਵਿੱਚ ਸ਼ਾਮਲ ਹੋਏ।



ਇਸ ਮੌਕੇ ਮੌਜੂਦ ਸੀਨੀਅਰ ਆਗੂਆਂ ਨੇ ਪੰਜਾਬ ਦੀ ਜਨਤਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੀਆਂ ਲੋਕ-ਭਲਾਈ ਨੀਤੀਆਂ ਅਤੇ ਵਿਕਾਸ ਕਾਰਜਾਂ 'ਤੇ ਜਨਤਾ ਦੀ ਮੋਹਰ ਹੈ। ਨਗਰ ਨਿਗਮਾਂ ਵਿੱਚ ਵੀ ਹੁਣ 'ਆਪ' ਦੀ ਸਰਕਾਰ ਬਣਨ ਨਾਲ ਸ਼ਹਿਰਾਂ ਦਾ ਵਿਕਾਸ ਹੋਰ ਤੇਜ਼ੀ ਨਾਲ ਹੋਵੇਗਾ।

ਉੱਥੇ ਹੀ, 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਵੀ ਪੰਜਾਬ ਦੀ ਜਨਤਾ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਲੋਕਾਂ ਨੇ ਬਹੁਤ ਵੱਡਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ,"ਇਨ੍ਹਾਂ ਚੋਣਾਂ ਵਿੱਚ 'ਆਪ' ਦੇ ਪੱਖ ਵਿੱਚ ਆਏ ਨਤੀਜਿਆਂ ਨੂੰ ਲੈ ਕੇ ਮੈਂ ਪੰਜਾਬ ਦੀ ਜਨਤਾ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੰਨਾ ਵੱਡਾ ਸਨਮਾਨ ਅਤੇ ਆਸ਼ੀਰਵਾਦ ਦਿੱਤਾ ਹੈ।"

ਜਨਤਾ ਨੇ ਸਾਫ਼ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਦਾ ਇਮਾਨਦਾਰੀ ਦੀ ਰਾਜਨੀਤੀ ਕਰਨ ਦਾ ਤਰੀਕਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪਿਛਲੇ 4 ਸਾਲਾਂ ਦਾ ਕੰਮ ਕਰਨ ਦਾ ਅੰਦਾਜ਼ ਬੇਹੱਦ ਪਸੰਦ ਆ ਰਿਹਾ ਹੈ।

ਮਨੀਸ਼ ਸਿਸੋਦੀਆ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਜਦੋਂ ਪੰਜਾਬ ਵਿੱਚ ਜ਼ਿਲ੍ਹਾ ਪੰਚਾਇਤ ਦੀਆਂ ਚੋਣਾਂ ਹੋਈਆਂ ਸਨ, ਉਦੋਂ ਪਿੰਡਾਂ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇੱਕਤਰਫ਼ਾ ਬੰਪਰ ਜਿੱਤ ਦਿਵਾਈ ਸੀ ਅਤੇ ਹੁਣ ਨਗਰ ਨਿਗਮ/ਕੌਂਸਲ ਦੀਆਂ ਚੋਣਾਂ ਵਿੱਚ, ਖ਼ਾਸ ਕਰਕੇ ਸ਼ਹਿਰਾਂ ਦੇ ਲੋਕਾਂ ਨੇ ਇਹ ਸਪਸ਼ਟ ਸੰਦੇਸ਼ ਦੇ ਦਿੱਤਾ ਹੈ ਕਿ ਉਨ੍ਹਾਂ ਨੂੰ ਸਾਡੀ ਸਰਕਾਰ ਦੇ ਜਨਹਿਤ ਦੇ ਕੰਮ ਪਸੰਦ ਆ ਰਹੇ ਹਨ। ਸਿਸੋਦੀਆ ਨੇ ਕਿਹਾ ਕਿ ਮਾਨ ਸਾਹਿਬ ਦੀ ਸਰਕਾਰ ਨੇ ਬਿਜਲੀ, ਪਾਣੀ, ਰੁਜ਼ਗਾਰ, ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਜੋ ਕ੍ਰਾਂਤੀਕਾਰੀ ਕਦਮ ਚੁੱਕੇ ਹਨ, ਜਨਤਾ ਨੇ ਅੱਜ ਉਸ 'ਤੇ ਆਪਣੀ ਮੋਹਰ ਲਗਾ ਦਿੱਤੀ ਹੈ। ਪੰਜਾਬ ਦੇ ਇਸ ਚੋਣ ਨਤੀਜਿਆਂ ਨੇ ਦੋ ਬੇਹੱਦ ਸਾਫ਼ ਸੰਦੇਸ਼ ਦਿੱਤੇ ਹਨ। ਪਹਿਲਾ ਸੰਦੇਸ਼ ਜਨਤਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਕਾਸ ਕਾਰਜਾਂ ਨੂੰ ਆਪਣਾ ਸਮਰਥਨ ਦੇ ਕੇ ਦਿੱਤਾ ਹੈ, ਅਤੇ ਦੂਜਾ ਕਰਾਰਾ ਸੰਦੇਸ਼ ਜਨਤਾ ਨੇ 'ਈਡੀ ਪਾਰਟੀ' (ਭਾਜਪਾ) ਨੂੰ ਦਿੱਤਾ ਹੈ। ਪੰਜਾਬ ਦੇ ਜਾਗਰੂਕ ਵੋਟਰਾਂ ਨੇ ਇਹ ਸਾਫ਼ ਦੱਸ ਦਿੱਤਾ ਹੈ ਕਿ ਪੰਜਾਬ ਦੀ ਧਰਤੀ 'ਤੇ 'ਈਡੀ ਪਾਰਟੀ' ਅਤੇ ਉਸ ਦੀ ਬਦਲਾਖੋਰੀ ਦੀ ਰਾਜਨੀਤੀ ਲਈ ਕੋਈ ਥਾਂ ਨਹੀਂ ਹੈ। ਇਸ ਚੋਣ ਵਿੱਚ ਜਨਤਾ ਨੇ 'ਈਡੀ ਪਾਰਟੀ' ਨੂੰ ਇਸ ਕਦਰ ਨਕਾਰਿਆ ਹੈ ਕਿ ਉਨ੍ਹਾਂ ਦੇ 1142 ਉਮੀਦਵਾਰਾਂ ਦੀ ਜ਼ਮਾਨਤ ਤੱਕ ਜ਼ਬਤ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਾਲ 2027 ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਇਤਿਹਾਸਕ ਬਹੁਮਤ ਨਾਲ ਜਿੱਤਣ ਲਈ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰ ਰਹੇ ਹਨ। ਹਾਲਾਂਕਿ ਵਿਧਾਨ ਸਭਾ ਚੋਣਾਂ ਵਿੱਚ ਅਜੇ ਸਮਾਂ ਹੈ, ਪਰ ਨਗਰ ਨਿਗਮ/ਕੌਂਸਲ ਚੋਣਾਂ ਵਿੱਚ ਜਿੱਤੇ ਸਾਡੇ ਇਹ ਤਮਾਮ ਨਵੇਂ ਚੁਣੇ ਗਏ ਮੇਅਰ ਅਤੇ ਕੌਂਸਲਰ ਹੁਣ ਜ਼ਮੀਨੀ ਪੱਧਰ 'ਤੇ ਮਾਨ ਸਾਹਿਬ ਦਾ ਹੱਥ ਵਟਾਉਣਗੇ। ਅਸੀਂ ਸਾਰੇ ਮਿਲ ਕੇ ਪੰਜਾਬ ਦੇ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਾਂਗੇ ਅਤੇ 2027 ਵਿੱਚ ਇੱਕ ਵਾਰ ਫਿਰ ਪੰਜਾਬ ਵਿੱਚ ਜਿੱਤ ਦਾ ਪਰਚਮ ਲਹਿਰਾਵਾਂਗੇ।

### ਨੀਟ ਪੇਪਰ ਲੀਕ ਮਾਮਲਾ

# ਹੁਣ ਏਅਰਫੋਰਸ ਰਾਹੀਂ ਭੇਜੇ ਜਾਣਗੇ ਪ੍ਰਸ਼ਨ ਪੱਤਰ, ਫ਼ੀਸ ਰਿਫੰਡ ਦੀ ਤਾਰੀਕ 22 ਜੂਨ ਤੱਕ ਵਧੀ

ਨਵੀਂ ਦਿੱਲੀ, 29 ਮਈ (ਚ.ਨ.ਸ.): ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣੇ ਨੀਟ "7 2026 ਪੇਪਰ ਲੀਕ ਮਾਮਲੇ ਵਿੱਚ ਇੱਕ ਵੱਡਾ ਮੋੜ ਆਇਆ ਹੈ। 21 ਜੂਨ ਨੂੰ ਹੋਣ ਵਾਲੀ ਨੀਟ ਦੀ ਮੁੜ-ਪ੍ਰੀਖਿਆ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਲੀਕ-ਪਰੂਫ ਬਣਾਉਣ ਲਈ ਕੇਂਦਰ ਸਰਕਾਰ ਹੁਣ ਭਾਰਤੀ ਵਾਯੂ ਸੈਨਾ ਦੀ ਮਦਦ ਲੈਣ ਦੀ ਯੋਜਨਾ ਬਣਾ ਰਹੀ ਹੈ। ਰਿਪੋਰਟਾਂ ਮੁਤਾਬਕ ਏਅਰਫੋਰਸ ਦੇ ਜਹਾਜ਼ਾਂ ਰਾਹੀਂ ਪ੍ਰਸ਼ਨ ਪੱਤਰਾਂ ਨੂੰ ਪ੍ਰੀਖਿਆ ਕੇਂਦਰਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਇਸ ਸਬੰਧੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਅਤੇ ਸੰਚਾਰ ਮੰਤਰੀ ਜਿਓਤਿਰਾਦਿਤਿਆ ਸਿੰਧੀਆ ਨਾਲ ਇੱਕ ਉੱਚ ਪੱਧਰੀ ਬੈਠਕ ਹੋਈ ਹੈ, ਹਾਲਾਂਕਿ ਅੰਤਿਮ ਫੈਸਲਾ ਪ੍ਰਧਾਨ ਮੰਤਰੀ ਮੋਦੀ ਦੀ ਮਨਜ਼ੂਰੀ ਤੋਂ ਬਾਅਦ ਲਿਆ ਜਾਵੇਗਾ।

**ਪ੍ਰੀਖਿਆ ਫ਼ੀਸ ਰਿਫੰਡ ਲਈ ਬੈਂਕ ਖਾਤੇ ਦੇਣ ਦੀ ਤਰੀਕ 22 ਜੂਨ ਤੱਕ ਵਧੀ** : ਵਿਦਿਆਰਥੀਆਂ ਨੂੰ ਰਾਹਤ ਦਿੰਦਿਆਂ ਐਨ.ਟੀ.ਏ. ਨੇ ਐਲਾਨ ਕੀਤਾ ਹੈ ਕਿ 21 ਜੂਨ ਨੂੰ ਹੋਣ ਵਾਲੀ ਮੁੜ-ਪ੍ਰੀਖਿਆ ਲਈ ਕੋਈ ਨਵੀਂ ਫ਼ੀਸ ਨਹੀਂ ਲਈ ਜਾਵੇਗੀ ਅਤੇ ਪਹਿਲਾਂ ਦਿੱਤੀ ਗਈ ਫ਼ੀਸ ਵਾਪਸ ਕੀਤੀ ਜਾਵੇਗੀ। ਐਨ.ਟੀ.ਏ. ਮੁਤਾਬਕ ਹੁਣ ਤੱਕ ਕਰੀਬ 13 ਲੱਖ ਉਮੀਦਵਾਰ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਅਪਡੇਟ ਕਰ ਚੁੱਕੇ ਹਨ। ਬਾਕੀ ਰਹਿੰਦੇ ਵਿਦਿਆਰਥੀਆਂ ਦੀ ਸਹੂਲਤ ਲਈ ਬੈਂਕ ਖਾਤੇ ਦੇ ਵੇਰਵੇ ਜਮ੍ਹਾਂ ਕਰਵਾਉਣ ਦੀ ਆਖਰੀ ਤਰੀਕ ਨੂੰ ਵਧਾ ਕੇ 22 ਜੂਨ 2026 (ਰਾਤ 11:50 ਵਜੇ ਤੱਕ) ਕਰ ਦਿੱਤਾ ਗਿਆ ਹੈ। ਉਮੀਦਵਾਰ ਅਧਿਕਾਰਤ ਪੋਰਟਲ 'ਤੇ ਲੌਗਇਨ ਕਰਕੇ ਆਪਣੇ ਖਾਤੇ ਦੀ ਜਾਣਕਾਰੀ ਅਤੇ ਕੈਂਸਲ ਚੈੱਕ ਅਪਲੋਡ ਕਰ ਸਕਦੇ ਹਨ। ਐਨ.ਟੀ.ਏ. ਨੇ ਸਾਫ਼ ਕੀਤਾ ਹੈ ਕਿ ਇਕ ਵਾਰ ਦਿੱਤੀ ਗਈ ਜਾਣਕਾਰੀ ਨੂੰ ਹੀ ਅੰਤਿਮ ਮੰਨਿਆ ਜਾਵੇਗਾ।

**ਸੰਜੇ ਰਾਉਤ ਦਾ ਤਿੱਖਾ ਹਮਲਾ** : ਸਰਕਾਰ ਦੇ ਇਸ ਕਦਮ 'ਤੇ ਸ਼ਿਵ ਸੈਨਾ ("2") ਦੇ ਆਗੂ ਅਤੇ ਰਾਜ ਸਭਾ ਮੈਂਬਰ ਸੰਜੇ ਰਾਉਤ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। 'ਐਕਸ' ਉੱਤੇ ਪੋਸਟ ਕਰਦਿਆਂ ਰਾਉਤ ਨੇ ਇਸ ਨੂੰ ਸ਼ਾਸਨ ਦੀ ਵੱਡੀ ਨਾਕਾਮੀ ਦੱਸਿਆ। ਉਨ੍ਹਾਂ ਕਿਹਾ, "ਸਾਡੀਆਂ ਹਥਿਆਰਬੰਦ ਫ਼ੌਜਾਂ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਲਈ ਹਨ, ਨਾ ਕਿ ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਅਤੇ ਸਿੱਖਿਆ ਮੰਤਰਾਲੇ ਦੀ ਨਾਕਾਮੀ 'ਤੇ ਪਰਦਾ ਪਾਉਣ ਲਈ। ਪੇਪਰ ਲੀਕ ਕਾਰਨ ਲੱਖਾਂ ਵਿਦਿਆਰਥੀਆਂ ਦੇ ਸੁਪਨੇ ਟੁੱਟ ਚੁੱਕੇ ਹਨ ਅਤੇ ਹੁਣ ਸਰਕਾਰ ਫ਼ੌਜ ਦੀ ਵਰਤੋਂ ਇੱਕ ਆਰਜ਼ੀ ਮੱਲ੍ਹਮ ਵਜੋਂ ਕਰਨਾ ਚਾਹੁੰਦੀ ਹੈ।" ਉਨ੍ਹਾਂ ਸਵਾਲ ਚੁੱਕਿਆ ਕਿ ਇਕ ਪ੍ਰੀਖਿਆ ਕਰਵਾਉਣ ਵਰਗੇ ਬੁਨਿਆਦੀ ਕੰਮ ਲਈ ਰੱਖਿਆ ਮੰਤਰੀ ਨੂੰ ਬੈਠਕਾਂ ਕਿਉਂ ਕਰਨੀਆਂ ਪੈ ਰਹੀਆਂ ਹਨ? ਇਹ ਐਨ.ਟੀ.ਏ. ਦੀ ਨਾਕਾਬਲੀਅਤ ਨੂੰ ਦਰਸਾਉਂਦਾ ਹੈ।

**ਸੰਸਦੀ ਕਮੇਟੀ ਦੀ ਵੱਡੀ ਬੈਠਕ, ਸੀ.ਬੀ.ਆਈ. ਤੇ ਐਨ.ਟੀ.ਏ. ਮੁਖੀ ਪੇਸ਼** : ਦੂਜੇ ਪਾਸੇ, ਨੀਟ ਪੇਪਰ ਲੀਕ ਮਾਮਲੇ ਦੀ ਜਾਂਚ ਦੀ ਸਮੀਖਿਆ ਲਈ ਅੱਜ ਸੰਸਦ ਭਵਨ ਵਿੱਚ ਇੱਕ ਅਹਿਮ ਬੈਠਕ ਹੋਈ। ਰਾਜ ਸਭਾ ਮੈਂਬਰ ਐਮ.ਥੰਬੀਦੁਰਈ ਦੀ ਅਗਵਾਈ ਵਾਲੀ 'ਸੰਸਦੀ ਕਮੇਟੀ ਓਨ ਗੌਰਮਿੰਟ ਐਸ਼ੋਰੈਂਸਿਜ਼' ਦੇ ਸਾਹਮਣੇ ਸੀ.ਬੀ.ਆਈ. ਦੇ ਡਾਇਰੈਕਟਰ ਪ੍ਰਵੀਨ ਸੂਦ ਅਤੇ ਐਨ.ਟੀ.ਏ. ਦੇ ਡਾਇਰੈਕਟਰ ਜਨਰਲ ਅਭਿਸ਼ੇਕ ਸਿੰਘ ਪੇਸ਼ ਹੋਏ। ਕਮੇਟੀ ਨੇ ਉੱਚ ਸਿੱਖਿਆ ਸਕੱਤਰ ਅਤੇ ਸਿਹਤ ਸਕੱਤਰ ਸਮੇਤ ਨੈਸ਼ਨਲ ਮੈਡੀਕਲ ਕਮਿਸ਼ਨ ਦੇ ਚੇਅਰਮੈਨ ਨਾਲ ਵੀ ਗੱਲਬਾਤ ਕੀਤੀ ਅਤੇ ਜਾਂਚ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ।

**ਸੀ.ਬੀ.ਆਈ. ਵੱਲੋਂ ਦੋ ਹੋਰ ਗ੍ਰਿਫ਼ਤਾਰੀਆਂ, ਹੁਣ ਤੱਕ 13 ਮੁਲਜ਼ਮ ਕਾਬੂ** : ਸੀ.ਬੀ.ਆਈ. ਨੇ ਆਪਣੀ ਜਾਂਚ ਤੇਜ਼ ਕਰਦਿਆਂ ਮਹਾਰਾਸ਼ਟਰ ਤੋਂ ਦੋ ਹੋਰ ਅਹਿਮ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨਾਲ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 13 ਹੋ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤੇ ਡਾ. ਮਨੋਜ ਸ਼ਿਰੂਰੇ (ਲਾਤੂਰ) 'ਤੇ ਦੋਸ਼ ਹੈ ਕਿ ਇਨ੍ਹਾਂ ਨੇ ਇਕ ਕੋਚਿੰਗ ਸੈਂਟਰ ਦੇ ਮਾਲਕ ਦੇ ਬੇਟੇ ਸਮੇਤ 3 ਵਿਦਿਆਰਥੀਆਂ ਨੂੰ ਮੁਲਜ਼ਮ ਪੀ.ਵੀ. ਕੁਲਕਰਨੀ ਰਾਹੀਂ ਲੀਕ ਹੋਏ ਕੈਮਿਸਟਰੀ (ਰਸਾਇਣ ਵਿਗਿਆਨ) ਦੇ ਪ੍ਰਸ਼ਨ ਪੱਤਰ ਮੁਹੱਈਆ ਕਰਵਾਏ ਸਨ। ਇਸ ਦੇ ਨਾਲ ਹੀ ਤੇਜਸ ਹਰਸ਼ਦਕੁਮਾਰ ਸ਼ਾਹ, ਜੋ ਪੁਣੇ ਦੀ ਅਭੰਗ ਪ੍ਰਭੂ ਮੈਡੀਕਲ ਅਕੈਡਮੀ ਵਿੱਚ ਫਿਜ਼ਿਕਸ ਦੇ ਫੈਕਲਟੀ ਮੈਂਬਰ ਹਨ, ਨੇ ਦੂਜੀ ਮੁਲਜ਼ਮ ਮਨੀਸ਼ਾ ਹਵਲਦਾਰ ਤੋਂ ਫਿਜ਼ਿਕਸ ਦਾ ਲੀਕ ਹੋਇਆ ਪੇਪਰ ਹਾਸਲ ਕੀਤਾ ਸੀ। ਦੱਸਣਯੋਗ ਹੈ ਕਿ 3 ਮਈ ਨੂੰ ਹੋਈ ਨੀਟ-"7 ਪ੍ਰੀਖਿਆ ਵਿੱਚ 23 ਲੱਖ ਵਿਦਿਆਰਥੀ ਬੈਠੇ ਸਨ, ਪਰ ਪੇਪਰ ਲੀਕ ਦੇ ਦੋਸ਼ਾਂ ਤੋਂ ਬਾਅਦ 12 ਮਈ ਨੂੰ ਸਿੱਖਿਆ ਮੰਤਰਾਲੇ ਦੀ ਸ਼ਿਕਾਇਤ 'ਤੇ ਸੀ.ਬੀ.ਆਈ. ਨੇ ਕੇਸ ਦਰਜ ਕੀਤਾ ਸੀ ਅਤੇ ਪ੍ਰੀਖਿਆ ਰੱਦ ਕਰ ਦਿੱਤੀ ਗਈ ਸੀ।

### 20 ਲੱਖ ਦੀ ਰਿਸ਼ਵਤ ਦਾ ਮਾਮਲਾ

# ਵਿਜੀਲੈਂਸ ਡੀ.ਜੀ.ਪੀ. ਦੇ ਫ਼ਰਾਰ ਰੀਡਰ ਦੀ ਹਾਈਕੋਰਟ ਵੱਲੋਂ ਅਗਾਊਂ ਜ਼ਮਾਨਤ ਅਰਜ਼ੀ ਰੱਦ

ਚੰਡੀਗੜ੍ਹ, 29 ਮਈ (ਚ.ਨ.ਸ.): ਪੰਜਾਬ ਵਿਜੀਲੈਂਸ ਵਿਭਾਗ ਦੇ ਡੀ.ਜੀ.ਪੀ. ਦੇ ਰੀਡਰ ਓ.ਪੀ. ਰਾਣਾ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਵੱਡਾ ਝਟਕਾ ਲੱਗਿਆ ਹੈ। ਹਾਈਕੋਰਟ ਨੇ 20 ਲੱਖ ਰੁਪਏ ਦੀ ਰਿਸ਼ਵਤ ਮਾਮਲੇ ਵਿੱਚ ਨਾਮਜ਼ਦ ਮੁਲਜ਼ਮ ਓ.ਪੀ. ਰਾਣਾ ਦੀ ਅਗਾਊਂ ਜ਼ਮਾਨਤ ਅਰਜ਼ੀ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਚੰਡੀਗੜ੍ਹ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਵੀ ਰਾਣਾ ਦੀ ਜ਼ਮਾਨਤ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਮਗਰੋਂ ਉਸ ਨੇ ਹਾਈਕੋਰਟ ਦਾ ਰੁਖ ਕੀਤਾ ਸੀ।

ਇਹ ਪੂਰੀ ਕਾਰਵਾਈ ਪੰਜਾਬ ਦੇ ਇੱਕ ਸਟੇਟ ਟੈਕਸ ਅਧਿਕਾਰੀ ਦੀ ਸ਼ਿਕਾਇਤ 'ਤੇ ਅਮਲ ਵਿੱਚ ਲਿਆਂਦੀ ਗਈ ਹੈ। ਸ਼ਿਕਾਇਤਕਰਤਾ ਅਨੁਸਾਰ, ਉਸ ਵਿਰੁੱਧ ਵਿਜੀਲੈਂਸ ਵਿਭਾਗ ਵਿੱਚ ਚੱਲ ਰਹੀ ਇੱਕ ਜਾਂਚ ਨੂੰ ਰਫ਼ਾ-ਦਫ਼ਾ ਕਰਨ ਅਤੇ ਕੇਸ ਬੰਦ ਕਰਵਾਉਣ ਬਦਲੇ ਮੁਲਜ਼ਮਾਂ ਨੇ 20 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। ਬਾਅਦ ਵਿੱਚ ਇਹ ਸੌਦਾ 13 ਲੱਖ ਰੁਪਏ ਨਕਦ ਅਤੇ ਇੱਕ ਮਹਿੰਗੇ "ਸੈਮਸੰਗ ਗਲੈਕਸੀ ਜ਼ੈੱਡ ਫੋਲਡ-7" ਮੋਬਾਈਲ ਫ਼ੋਨ ਦੇ ਰੂਪ ਵਿੱਚ ਤੈਅ ਹੋਇਆ ਸੀ।

ਸੀ.ਬੀ.ਆਈ. ਨੇ ਚੰਡੀਗੜ੍ਹ ਵਿਖੇ ਜਾਲ ਵਿਛਾ ਕੇ ਮੁਲਜ਼ਮ ਅੰਕਿਤ ਵਧਵਾ ਨੂੰ 13 ਲੱਖ ਰੁਪਏ ਦੀ ਨਕਦੀ ਅਤੇ ਮੋਬਾਈਲ ਫ਼ੋਨ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਹੋਈ ਜਾਂਚ ਅਤੇ ਛਾਪੇਮਾਰੀ ਦੌਰਾਨ ਮੁਲਜ਼ਮਾਂ ਦੇ ਟਿਕਾਣਿਆਂ ਤੋਂ 9 ਲੱਖ ਰੁਪਏ ਦੀ ਹੋਰ ਨਕਦੀ ਅਤੇ ਕਈ ਅਹਿਮ ਤੇ ਇਤਰਾਜ਼ਯੋਗ ਦਸਤਾਵੇਜ਼ ਵੀ ਜ਼ਬਤ ਕੀਤੇ ਗਏ।

ਸੀ.ਬੀ.ਆਈ. ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਪੂਰੇ ਰਿਸ਼ਵਤਖੋਰੀ ਦੇ ਨੈੱਟਵਰਕ ਵਿੱਚ ਡੀ.ਜੀ.ਪੀ. ਵਿਜੀਲੈਂਸ ਦੇ ਰੀਡਰ ਓ.ਪੀ. ਰਾਣਾ ਦੀ ਮੁੱਖ ਅਤੇ ਸਰਗਰਮ ਭੂਮਿਕਾ ਸੀ। ਸੀ.ਬੀ.ਆਈ. ਮੁਤਾਬਕ, ਛਾਪੇਮਾਰੀ ਵਾਲੇ ਦਿਨ ਓ.ਪੀ. ਰਾਣਾ ਟੀਮ ਨੂੰ ਚਕਮਾ ਦੇ ਕੇ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਿਆ ਸੀ। ਹਾਈਕੋਰਟ ਵੱਲੋਂ ਵੀ ਅਗਾਊਂ ਜ਼ਮਾਨਤ ਅਰਜ਼ੀ ਖਾਰਜ ਹੋਣ ਤੋਂ ਬਾਅਦ ਹੁਣ ਫ਼ਰਾਰ ਚੱਲ ਰਹੇ ਓ.ਪੀ. ਰਾਣਾ 'ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਗਈ ਹੈ ਤੇ ਸੀ.ਬੀ.ਆਈ. ਵੱਲੋਂ ਉਸ ਦੀ ਭਾਲ ਵਿੱਚ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਸਰਕਾਰ ਬਦਲਣ ਜਾ ਰਹੀ ਇੱਕ ਤੋਂ ਲੈ 500 ਰੁਪਏ ਤੱਕ ਦੇ ਨੋਟ!

## ਆਰ.ਬੀ.ਆਈ. ਜਾਰੀ ਕਰੇਗਾ ਪਲਾਸਟਿਕ ਦੀ ਕਰੰਸੀ

ਮੁੰਬਈ, 29 ਮਈ (ਚ.ਨ.ਸ.): ਭਾਰਤੀ ਰਿਜ਼ਰਵ ਬੈਂਕ ਦੇਸ਼ ਵਿੱਚ ਕਰੰਸੀ ਨੋਟਾਂ ਦੀ ਲਗਾਤਾਰ ਵਧਦੀ ਮੰਗ ਨੂੰ ਪੂਰਾ ਕਰਨ ਲਈ ਇੱਕ ਵਾਰ ਫਿਰ ਪੌਲੀਮਰ (ਪਲਾਸਟਿਕ) ਦੇ ਨੋਟ ਲਿਆਉਣ ਦੀ ਤਿਆਰੀ ਕਰ ਰਿਹਾ ਹੈ। ਸੂਤਰਾਂ ਅਨੁਸਾਰ, ਇਸ ਅਹਿਮ ਮੁੱਦੇ 'ਤੇ ਕੇਂਦਰੀ ਬੈਂਕ ਦੀਆਂ ਪਟਨਾ ਅਤੇ ਮੁੰਬਈ ਵਿੱਚ ਹੋਈਆਂ ਪਿਛਲੀਆਂ ਬੋਰਡ ਮੀਟਿੰਗਾਂ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਇਹ ਫੈਸਲਾ ਇਸ ਲਈ ਲਿਆ ਜਾ ਰਿਹਾ ਹੈ ਕਿਉਂਕਿ ਪਲਾਸਟਿਕ ਦੇ ਨੋਟ ਬਣਾਉਣ ਦੀ ਲਾਗਤ ਕਾਗਜ਼ੀ ਨੋਟਾਂ ਦੇ ਮੁਕਾਬਲੇ ਘੱਟ ਆਵੇਗੀ ਅਤੇ ਇਹ ਨੋਟ ਵਧੇਰੇ ਟਿਕਾਊ ਹੋਣ ਕਾਰਨ ਲੰਬੇ ਸਮੇਂ ਤੱਕ ਚੱਲ ਸਕਣਗੇ। ਆਰ.ਬੀ.ਆਈ. ਜਲਦ ਹੀ ਇਨ੍ਹਾਂ ਨੋਟਾਂ ਦੇ ਜਨਤਕ ਪ੍ਰਯੋਗ ਸ਼ੁਰੂ ਕਰਨ ਦਾ ਐਲਾਨ ਕਰ ਸਕਦਾ ਹੈ।



ਫਟੇ-ਪੁਰਾਣੇ ਨੋਟਾਂ ਦਾ ਨਿਪਟਾਰਾ ਕਰਨ ਦਾ ਕੰਮ ਬਹੁਤ ਵੱਡੇ ਪੱਧਰ 'ਤੇ ਹੋ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਸਾਲ 2024-25 ਵਿੱਚ 2,38,563 ਲੱਖ ਫਟੇ-ਪੁਰਾਣੇ ਨੋਟਾਂ ਦਾ ਨਿਪਟਾਰਾ ਕੀਤਾ ਗਿਆ, ਜਦੋਂ ਕਿ ਪਿਛਲੇ ਸਾਲ ਇਹ ਗਿਣਤੀ 2,12,493 ਲੱਖ ਸੀ। ਇਨ੍ਹਾਂ ਵਿੱਚ ਸਭ ਤੋਂ ਵੱਧ 500 ਰੁਪਏ ਦੇ ਨੋਟ (89,855 ਲੱਖ) ਅਤੇ ਫਿਰ 100 ਰੁਪਏ ਦੇ ਨੋਟ ਸ਼ਾਮਲ ਸਨ।

ਨੋਟਾਂ ਦੀ ਮੰਗ ਵਧਣ ਕਾਰਨ ਇਨ੍ਹਾਂ ਦੀ ਛਪਾਈ ਦਾ ਖਰਚਾ ਵੀ ਵਧਿਆ ਹੈ। ਸਾਲ 2024-25 ਦੌਰਾਨ ਨੋਟਾਂ ਦੀ ਛਪਾਈ 'ਤੇ 6,372.8 ਕਰੋੜ ਰੁਪਏ ਖਰਚ ਹੋਏ ਹਨ, ਜੋ ਕਿ 2023-24 ਵਿੱਚ ਹੋਏ 5,101.4 ਕਰੋੜ ਰੁਪਏ ਦੇ ਖਰਚੇ ਤੋਂ ਕਾਫੀ ਜ਼ਿਆਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ 10 ਅਤੇ 20 ਰੁਪਏ ਦੇ ਨੋਟਾਂ ਦੀ ਬਹੁਤ ਜ਼ਿਆਦਾ ਮੰਗ ਦੇਖੀ ਗਈ ਹੈ। ਹਾਲਾਂਕਿ, ਕੁੱਲ ਕਰੰਸੀ ਦੇ ਮੁੱਲ ਦੇ ਹਿਸਾਬ ਨਾਲ 10 ਰੁਪਏ ਦੇ ਨੋਟਾਂ ਦਾ ਹਿੱਸਾ ਸਿਰਫ 0.7 ਫੀਸਦੀ ਅਤੇ 20 ਰੁਪਏ ਦੇ ਨੋਟਾਂ ਦਾ ਹਿੱਸਾ 0.8 ਫੀਸਦੀ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਾਲ 2012 ਵਿੱਚ ਵੀ ਤਤਕਾਲੀ ਸਰਕਾਰ ਨੇ ਦੇਸ਼ ਦੇ 5 ਸ਼ਹਿਰਾਂ ਵਿੱਚ ਪ੍ਰਯੋਗਿਕ ਤੌਰ 'ਤੇ 10 ਰੁਪਏ ਦੇ ਇਕ ਅਰਬ ਪੌਲੀਮਰ ਨੋਟ ਜਾਰੀ ਕਰਨ ਦਾ ਫੈਸਲਾ ਲਿਆ ਸੀ। ਰਿਜ਼ਰਵ ਬੈਂਕ ਨੇ ਸਿੱਕਿਆਂ ਦੀ ਵਰਤੋਂ ਨੂੰ ਵਧਾਉਣ ਦੀ ਵੀ ਕੋਸ਼ਿਸ਼ ਕੀਤੀ ਸੀ ਪਰ ਉਮੀਦ ਮੁਤਾਬਕ ਨਤੀਜੇ ਨਾ ਮਿਲਣ ਕਾਰਨ ਹੁਣ ਪਲਾਸਟਿਕ ਦੇ ਨੋਟਾਂ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

### ਦੇਸ਼ ਭਰ ਦੇ ਹਜ਼ਾਰਾਂ ਅਧਿਆਪਕਾਂ ਨੂੰ ਵੱਡੀ ਰਾਹਤ

# ਸੁਪਰੀਮ ਕੋਰਟ ਨੇ 'ਟੈਟ' ਪਾਸ ਕਰਨ ਦੀ ਸਮਾਂ-ਸੀਮਾ ਇੱਕ ਸਾਲ ਲਈ ਵਧਾਈ

ਨਵੀਂ ਦਿੱਲੀ, 29 ਮਈ (ਚ.ਨ.ਸ.): ਸੁਪਰੀਮ ਕੋਰਟ ਨੇ ਦੇਸ਼ ਭਰ ਦੇ ਹਜ਼ਾਰਾਂ ਅਧਿਆਪਕਾਂ ਨੂੰ ਵੱਡੀ ਰਾਹਤ ਦਿੰਦਿਆਂ ਟੈਟ ਪਾਸ ਕਰਨ ਦੀ ਮਿਆਦ ਇੱਕ ਸਾਲ ਲਈ ਵਧਾ ਦਿੱਤੀ ਹੈ। ਹੁਣ ਅਧਿਆਪਕਾਂ ਨੂੰ 31 ਅਗਸਤ, 2028 ਤੱਕ ਟੈਟ ਪ੍ਰੀਖਿਆ ਪਾਸ ਕਰਨੀ ਹੋਵੇਗੀ। ਪਹਿਲਾਂ ਇਹ ਆਖਰੀ ਤਾਰੀਖ 31 ਅਗਸਤ, 2027 ਸੀ। ਇਹ ਫੈਸਲਾ ਉਹਨਾਂ ਅਧਿਆਪਕਾਂ ਲਈ ਰਾਹਤ ਭਰਿਆ ਹੈ ਜਿਨ੍ਹਾਂ ਨੇ ਹਾਲੇ ਤੱਕ ਟੈਟ ਪਾਸ ਨਹੀਂ ਕੀਤਾ। ਖਾਸ ਕਰਕੇ ਉਹਨਾਂ ਰਾਜਾਂ ਵਿੱਚ ਇਸ ਨਾਲ ਤਣਾਅ ਘਟਣ ਦੀ ਉਮੀਦ ਹੈ ਜਿੱਥੇ ਵੱਡੀ ਗਿਣਤੀ ਵਿੱਚ ਅਧਿਆਪਕ ਟੈਟ ਦੀ ਲਾਜ਼ਮੀ ਸ਼ਰਤ ਪੂਰੀ ਨਹੀਂ ਕਰ ਸਕੇ ਸਨ। ਅਧਿਆਪਕਾਂ ਦੀ ਅਰਜ਼ੀ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ 2009 ਤੋਂ ਪਹਿਲਾਂ ਨਿਯੁਕਤ ਅਧਿਆਪਕਾਂ ਨੂੰ ਟੈਟ ਦੀ ਲਾਜ਼ਮੀ ਸ਼ਰਤ ਤੋਂ ਛੂਟ ਦੇਣ ਦੀ ਮੰਗ ਰੱਦ ਕੀਤੀ ਜਾਂਦੀ ਹੈ। ਸੁਣਵਾਈ ਦੌਰਾਨ ਬੈਂਚ ਨੇ ਅਧਿਆਪਕਾਂ ਨੂੰ ਕਿਹਾ ਕਿ ਉਹ ਸਿਰਫ ਆਪਣੀ ਨੌਕਰੀ ਬਚਾਉਣ ਤੱਕ ਹੀ ਸੀਮਿਤ ਨਾ ਰਹਿਣ,ਸਗੋਂ ਬੱਚਿਆਂ ਨੂੰ ਗੁਣਵੱਤਾਪੂਰਨ ਸਿੱਖਿਆ ਦੇਣ 'ਤੇ ਵੀ ਧਿਆਨ ਦੇਣ।



ਕੁਝ ਸਮਾਂ ਪਹਿਲਾਂ ਉੱਤਰ ਪ੍ਰਦੇਸ਼ ਦੇ ਲਗਭਗ 30 ਹਜ਼ਾਰ ਅਧਿਆਪਕਾਂ ਨੇ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਟੈਟ ਦੀ ਲਾਜ਼ਮੀ ਸ਼ਰਤ ਦੇ ਖ਼ਿਲਾਫ਼ ਵੱਡਾ ਪ੍ਰਦਰਸ਼ਨ ਕੀਤਾ ਸੀ। ਅਧਿਆਪਕ ਲੰਮੇ ਸਮੇਂ ਤੋਂ ਇਸ ਨਿਯਮ ਵਿੱਚ ਛੂਟ ਜਾਂ ਸਮਾਂ ਵਧਾਉਣ ਦੀ ਮੰਗ ਕਰ ਰਹੇ ਸਨ।

National Council for Teacher Education (N3"5) ਨੇ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਟੈਟ ਨੂੰ ਲਾਜ਼ਮੀ ਕੀਤਾ ਸੀ। ਇਸ ਤੋਂ ਬਾਅਦ ਕਈ ਰਾਜਾਂ ਵਿੱਚ ਵੱਡੀ ਗਿਣਤੀ ਵਿੱਚ ਉਹ ਅਧਿਆਪਕ ਪ੍ਰਭਾਵਿਤ ਹੋਏ ਜਿਨ੍ਹਾਂ ਨੇ ਹਾਲੇ ਤੱਕ ਇਹ ਪ੍ਰੀਖਿਆ ਪਾਸ ਨਹੀਂ ਕੀਤੀ ਸੀ।

ਸਮਾਂਸੀਮਾ ਖਤਮ ਹੋਣ ਕਾਰਨ ਉਨ੍ਹਾਂ ਦੀ ਨੌਕਰੀ 'ਤੇ ਸੰਕਟ ਬਣ ਗਿਆ ਸੀ। ਇਸ ਨੂੰ ਦੇਖਦੇ ਹੋਏ ਯਾਚਿਕਾਕਾਰਾਂ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ। ਕੋਰਟ ਨੇ ਸਮਾਂ ਸੀਮਾ ਵਧਾ ਕੇ ਰਾਹਤ ਤਾਂ ਦਿੱਤੀ ਪਰ ਨਾਲ ਹੀ ਸਿੱਖਿਆ ਦੀ ਗੁਣਵੱਤਾ ਕਾਇਮ ਰੱਖਣ ਦੀ ਜ਼ਿੰਮੇਵਾਰੀ ਵੀ ਅਧਿਆਪਕਾਂ 'ਤੇ ਰੱਖੀ।

# ਗੈਂਗਸਟਰਾਂ 'ਤੇ ਵਾਰ ਦੇ 129ਵੇਂ ਦਿਨ 438 ਥਾਵਾਂ ਉੱਤੇ ਛਾਪੇਮਾਰੀ ਦੌਰਾਨ 156 ਕਾਬੂ

ਚੰਡੀਗੜ੍ਹ, 29 ਮਈ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 129ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 438 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 129ਵੇਂ ਦਿਨ ਪੁਲਿਸ ਟੀਮਾਂ ਨੇ 156 ਵਿਅਕਤੀਆਂ ਨੂੰ 1 ਹਥਿਆਰ ਸਮੇਤ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 32,553 ਹੋ ਗਈਆਂ। ਇਸ ਤੋਂ ਇਲਾਵਾ 96 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 9 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 1 ਭਗੌੜੇ ਅਪਰਾਧੀ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।




ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 454ਵੇਂ ਦਿਨ ਵੀ ਜਾਰੀ ਰੱਖਦਿਆਂ 58 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਦੇ ਕਬਜੇ ਵਿੱਚੋਂ 366 ਗ੍ਰਾਮ ਹੈਰੋਇਨ, 105 ਕਿਲੋ ਭੁੱਕੀ, 1855 ਨਸ਼ੀਲੀਆਂ ਗੋਲੀਆਂ ਤੇ 29,200 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 454 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸਾ ਤਸਕਰਾਂ ਦੀ ਗਿਣਤੀ 65,775 ਹੋ ਗਈ ਹੈ। ਨਸਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 10 ਵਿਅਕਤੀਆਂ ਨੂੰ ਨਸਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜੀ ਕੀਤਾ ਹੈ।

### ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਦੀ ਰਿਪੋਰਟ 'ਚ ਦਾਅਵਾ

# ਖੇਤਰੀ ਪਾਰਟੀਆਂ ਦੀ ਆਮਦਨ 52 ਫ਼ੀਸਦੀ ਘਟੀ

## 21 ਫ਼ੀਸਦੀ ਦਲਾਂ ਨੇ ਆਮਦਨ ਨਾਲੋਂ ਵੱਧ ਖ਼ਰਚਾ ਕੀਤਾ : ਏ.ਡੀ.ਆਰ.

ਨਵੀਂ ਦਿੱਲੀ, 29 ਮਈ (ਚ.ਨ.ਸ.): ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਇਕ ਰਿਪੋਰਟ ਅਨੁਸਾਰ, 2024-25 ਵਿਚ 36 ਖੇਤਰੀ ਰਾਜਨੀਤਕ ਪਾਰਟੀਆਂ ਦੀ ਸੰਯੁਕਤ ਆਮਦਨ ਵਿਚ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 51 ਪ੍ਰਤੀਸ਼ਤ ਤੋਂ ਵੱਧ ਦੀ ਗਿਰਾਵਟ ਆਈ, ਜਦੋਂ ਕਿ ਉਨ੍ਹਾਂ ਵਿਚੋਂ 21 ਪਾਰਟੀਆਂ ਨੇ ਅਪਣੀ ਐਲਾਨੀ ਆਮਦਨ ਤੋਂ ਵੱਧ ਖ਼ਰਚ ਕੀਤਾ। ਰਿਪੋਰਟ ਮੁਤਾਬਕ 67 ਮਾਨਤਾ ਪ੍ਰਾਪਤ ਖੇਤਰੀ ਪਾਰਟੀਆਂ ਵਿਚੋਂ 36 ਦੇ ਆਡਿਟ ਕੀਤੇ ਖਾਤਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਨ੍ਹਾਂ ਦੀਆਂ 2024-25 ਵਿੱਤੀ ਸਾਲ ਲਈ ਸਾਲਾਨਾ ਆਡਿਟ ਰਿਪੋਰਟਾਂ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਉਪਲਬਧ ਸਨ। ਇਸ ਵਿਚ ਕਿਹਾ ਗਿਆ ਹੈ ਕਿ ਬਾਕੀ 31 ਪਾਰਟੀਆਂ ਨੇ 31 ਅਕਤੂਬਰ, 2025 ਦੀ ਆਖ਼ਰੀ ਮਿਤੀ ਤੋਂ 207 ਦਿਨ ਬਾਅਦ ਵੀ ਆਪਣੀਆਂ ਆਡਿਟ ਰਿਪੋਰਟਾਂ ਜਮ੍ਹਾਂ ਨਹੀਂ ਕਰਵਾਈਆਂ ਸਨ। ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, ਵਿੱਤੀ ਸਾਲ 2024-25 ਵਿਚ 36 ਖੇਤਰੀ ਪਾਰਟੀਆਂ ਦੀ ਕੁੱਲ ਆਮਦਨ 1,192.94 ਕਰੋੜ ਸੀ, ਜੋ ਕਿ ਵਿੱਤੀ ਸਾਲ 2023-24 ਵਿਚ 2,463.17 ਕਰੋੜ ਦੇ ਮੁਕਾਬਲੇ 1,270.23 ਕਰੋੜ ਜਾਂ 51.57 ਪ੍ਰਤੀਸ਼ਤ ਘੱਟ ਹੈ। ਹਾਲਾਂਕਿ, ਰਿਪੋਰਟ ਅਨੁਸਾਰ, ਇਨ੍ਹਾਂ ਪਾਰਟੀਆਂ ਦੁਆਰਾ ਐਲਾਨਿਆ ਗਿਆ ਕੁੱਲ ਖ਼ਰਚ 1,433.07 ਕਰੋੜ ਤਕ ਪਹੁੰਚ ਗਿਆ, ਜੋ ਕਿ ਉਨ੍ਹਾਂ ਦੀ ਸੰਯੁਕਤ ਆਮਦਨ ਤੋਂ 240.12 ਕਰੋੜ ਜਾਂ ਲਗਭਗ 20 ਪ੍ਰਤੀਸ਼ਤ ਵੱਧ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਸ਼ਲੇਸ਼ਣ ਕੀਤੀਆਂ ਗਈਆਂ ਪਾਰਟੀਆਂ ਵਿਚੋਂ, ਚੋਟੀ ਦੀਆਂ ਪੰਜ ਪਾਰਟੀਆਂ ਨੇ ਕੁੱਲ ਆਮਦਨ ਦਾ ਲਗਭਗ 69 ਪ੍ਰਤੀਸ਼ਤ ਅਤੇ ਕੁੱਲ ਖ਼ਰਚ ਦਾ 77 ਪ੍ਰਤੀਸ਼ਤ ਤੋਂ ਵੱਧ ਹਿੱਸਾ ਪਾਇਆ। ਖੇਤਰੀ ਪਾਰਟੀਆਂ ਵਿਚੋਂ, ਤੇਲਗੂ ਦੇਸ਼ਮ ਪਾਰਟੀ (ਟੀ.ਡੀ.ਪੀ.) ਦੁਆਰਾ ਸਭ ਤੋਂ ਵੱਧ ਆਮਦਨ 228.31 ਕਰੋੜ ਐਲਾਨੀ ਗਈ, ਜੋ ਕੁੱਲ ਆਮਦਨ ਦਾ 19.14 ਪ੍ਰਤੀਸ਼ਤ ਹੈ।

ਇਸ ਤੋਂ ਬਾਅਦ ਆਲ ਇੰਡੀਆ ਤ੍ਰਿਣਮੂਲ ਕਾਂਗਰਸ 219.35 ਕਰੋੜ ਰੁਪਏ ਨਾਲ ਦੂਜੇ ਅਤੇ ਵਾਈ.ਐਸ.ਆਰ. ਕਾਂਗਰਸ 140.39 ਕਰੋੜ ਰੁਪਏ ਨਾਲ ਤੀਜੇ ਸਥਾਨ 'ਤੇ ਰਹੀ। ਖ਼ਰਚ ਦੇ ਮਾਮਲੇ ਵਿਚ, ਵਾਈ.ਐਸ.ਆਰ. ਕਾਂਗਰਸ ਨੇ ਸਭ ਤੋਂ ਵੱਧ 340.20 ਕਰੋੜ ਰੁਪਏ ਖ਼ਰਚ ਕੀਤੇ, ਉਸ ਤੋਂ ਬਾਅਦ ਬੀਜੂ ਜਨਤਾ ਦਲ (ਬੀ.ਜੇ.ਡੀ.) 288.44 ਕਰੋੜ ਰੁਪਏ ਨਾਲ ਅਤੇ ਤ੍ਰਿਣਮੂਲ ਕਾਂਗਰਸ 227.59 ਕਰੋੜ ਰੁਪਏ ਨਾਲ ਦੂਜੇ ਸਥਾਨ 'ਤੇ ਰਹੀ। ਏਡੀਆਰ ਰਿਪੋਰਟ ਵਿਚ ਦਸਿਆ ਗਿਆ ਕਿ ਵਾਈਐਸਆਰ ਕਾਂਗਰਸ ਨੇ ਸਭ ਤੋਂ ਵੱਧ ਵਾਧੂ ਖ਼ਰਚ ਦਰਜ ਕੀਤਾ, ਅਪਣੀ ਆਮਦਨ ਤੋਂ 199.82 ਕਰੋੜ ਰੁਪਏ ਵੱਧ ਖ਼ਰਚ ਕੀਤੇ, ਜੋ ਕਿ ਇਸਦੀ ਆਮਦਨ ਤੋਂ 142.33 ਪ੍ਰਤੀਸ਼ਤ ਵੱਧ ਹੈ। ਤ੍ਰਿਣਮੂਲ ਕਾਂਗਰਸ, ਬੀ.ਆਰ.ਐਸ., ਬੀ.ਜੇ.ਡੀ., ਜੇ.ਡੀ.(ਯੂ), ਅਤੇ ਸਮਾਜਵਾਦੀ ਪਾਰਟੀ ਵਰਗੀਆਂ ਪਾਰਟੀਆਂ ਨੇ ਵੀ ਆਪਣੀ ਆਮਦਨ ਤੋਂ ਵੱਧ ਖ਼ਰਚੇ ਦੱਸੇ। ਖੇਤਰੀ ਪਾਰਟੀਆਂ ਲਈ ਸਵੈ-ਇੱਛਤ ਦਾਨ ਫ਼ੰਡਿੰਗ ਦਾ ਸਭ ਤੋਂ ਵੱਡਾ ਸਰੋਤ ਰਿਹਾ। ਦਾਨ ਅਤੇ ਯੋਗਦਾਨਾਂ ਤੋਂ ਪ੍ਰਾਪਤ ਰਕਮ 702.36 ਕਰੋੜ ਜਾਂ ਕੁੱਲ ਆਮਦਨ ਦਾ 58.88 ਪ੍ਰਤੀਸ਼ਤ ਸੀ। ਤ੍ਰਿਣਮੂਲ ਕਾਂਗਰਸ ਨੂੰ ਸਭ ਤੋਂ ਵੱਧ 184.08 ਕਰੋੜ ਦਾ ਦਾਨ ਮਿਲਿਆ, ਉਸ ਤੋਂ ਬਾਅਦ ਵਾਈ.ਐਸ.ਆਰ. ਕਾਂਗਰਸ ਨੂੰ 140.05 ਕਰੋੜ ਅਤੇ ਟੀ.ਡੀ.ਪੀ. ਨੂੰ 85.20 ਕਰੋੜ ਦਾ ਨੰਬਰ ਹੈ। ਵਿਆਜ ਆਮਦਨ ਨੇ 277.21 ਕਰੋੜ ਦਾ ਯੋਗਦਾਨ ਪਾਇਆ, ਜੋ ਕੁੱਲ ਆਮਦਨ ਦਾ 23.24 ਪ੍ਰਤੀਸ਼ਤ ਹੈ। ਰਿਪੋਰਟ ਅਨੁਸਾਰ, ਚੋਣ ਖ਼ਰਚੇ ਅਤੇ ਪ੍ਰਸ਼ਾਸਕੀ ਖ਼ਰਚੇ ਸਭ ਤੋਂ ਆਮ ਖ਼ਰਚੇ ਦੀਆਂ ਵਸਤੂਆਂ ਰਹੀਆਂ।

# ਮੋਹਾਲੀ ਨਗਰ ਨਿਗਮ ਚੋਣਾਂ-2026 : ਸਰਬਜੀਤ ਸਿੰਘ ਸਮਾਨਾ ਦੀ ਵੱਡੀ ਜਿੱਤ, ਮੇਅਰ ਪਦ ਦੇ ਮਜ਼ਬੂਤ ਦਾਵੇਦਾਰ

ਮੋਹਾਲੀ, 29 ਮਈ (ਹਰਦੀਪ ਕੌਰ): ਮੋਹਾਲੀ ਨਗਰ ਨਿਗਮ ਚੋਣਾਂ 2026 ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਰਬਜੀਤ ਸਿੰਘ ਸਮਾਨਾ ਨੇ ਵੱਡੀ ਜਿੱਤ ਦਰਜ ਕਰਕੇ ਰਾਜਨੀਤਿਕ ਮਾਹੌਲ ਗਰਮਾ ਦਿੱਤਾ ਹੈ। ਵਾਰਡ ਨੰਬਰ 42 ਤੋਂ ਚੋਣ ਮੈਦਾਨ ਵਿੱਚ ਉਤਰੇ ਸਰਬਜੀਤ ਸਿੰਘ ਸਮਾਨਾ ਨੂੰ ਪਹਿਲਾਂ ਤੋਂ ਹੀ ਮੇਅਰ ਅਹੁਦੇ ਲਈ ਮਜ਼ਬੂਤ ਚਿਹਰਾ ਮੰਨਿਆ ਜਾ ਰਿਹਾ ਸੀ ਅਤੇ ਹੁਣ ਜਿੱਤ ਤੋਂ ਬਾਅਦ ਉਨ੍ਹਾਂ ਦਾ ਦਾਅਵਾ ਹੋਰ ਵੀ ਮਜ਼ਬੂਤ ਹੋ ਗਿਆ ਹੈ।



ਸਰਬਜੀਤ ਸਿੰਘ ਸਮਾਨਾ ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਦੇ ਪੁੱਤਰ ਹਨ ਅਤੇ ਪਾਰਟੀ ਵਿੱਚ ਉਨ੍ਹਾਂ ਦੀ ਮਜ਼ਬੂਤ ਪਕੜ ਮੰਨੀ ਜਾਂਦੀ ਹੈ। ਚੋਣ ਪ੍ਰਚਾਰ ਦੌਰਾਨ ਵੀ ਉਨ੍ਹਾਂ ਦੇ ਹੱਕ ਵਿੱਚ ਵੱਡਾ ਸਮਰਥਨ ਵੇਖਣ ਨੂੰ ਮਿਲਿਆ ਸੀ। ਮੋਹਾਲੀ ਨਗਰ ਨਿਗਮ ਦੀਆਂ ਇਹ ਚੋਣਾਂ ਇਸ ਵਾਰ ਸਿਰਫ਼ ਵਾਰਡ ਜਿੱਤਣ ਤੱਕ ਸੀਮਿਤ ਨਹੀਂ ਰਹੀਆਂ, ਸਗੋਂ ਮੇਅਰ ਦੀ ਕੁਰਸੀ ਲਈ ਵੀ ਸਿੱਧੀ ਟੱਕਰ ਮੰਨੀ ਜਾ ਰਹੀ ਸੀ।

ਮੋਹਾਲੀ ਵਿੱਚ ਕੁੱਲ 50 ਵਾਰਡਾਂ ਲਈ ਵੋਟਿੰਗ ਹੋਈ ਸੀ ਅਤੇ ਗਿਣਤੀ 29 ਮਈ ਨੂੰ ਕੀਤੀ ਗਈ। ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਕਈ ਵਾਰਡਾਂ ਵਿੱਚ ਮਜ਼ਬੂਤ ਪ੍ਰਦਰਸ਼ਨ ਕੀਤਾ ਹੈ, ਜਿਸ ਕਾਰਨ ਮੇਅਰ ਪਦ ਉੱਤੇ ਵੀ ਪਾਰਟੀ ਦੀ ਪਕੜ ਮਜ਼ਬੂਤ ਦਿਖਾਈ ਦੇ ਰਹੀ ਹੈ। ਸਰਬਜੀਤ ਸਿੰਘ ਸਮਾਨਾ ਦੀ ਜਿੱਤ ਨੂੰ ਪਾਰਟੀ ਦੀ ਵੱਡੀ ਰਾਜਨੀਤਿਕ ਕਾਮਯਾਬੀ ਵਜੋਂ ਵੇਖਿਆ ਜਾ ਰਿਹਾ ਹੈ।

ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਆਮ ਆਦਮੀ ਪਾਰਟੀ ਨਿਗਮ ਵਿੱਚ ਸਪੱਸ਼ਟ ਬਹੁਮਤ ਬਣਾਉਂਦੀ ਹੈ ਤਾਂ ਸਰਬਜੀਤ ਸਿੰਘ ਸਮਾਨਾ ਨੂੰ ਮੇਅਰ ਬਣਾਇਆ ਜਾ ਸਕਦਾ ਹੈ। ਜਿੱਤ ਤੋਂ ਬਾਅਦ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਮੋਹਾਲੀ ਦੇ ਕਈ ਇਲਾਕਿਆਂ ਵਿੱਚ ਜਸ਼ਨ ਮਨਾਇਆ ਗਿਆ।

# ਰਾਜਾ ਵੜਿੰਗ ਮਾਮਲੇ ਵਿੱਚ ਐਸ.ਸੀ. ਕਮਿਸ਼ਨ ਵੱਲੋਂ ਪੰਜਾਬ ਪੁਲਿਸ ਨੂੰ 1 ਜੁਲਾਈ ਨੂੰ ਐਕਸ਼ਨ ਟੇਕਨ ਰਿਪੋਰਟ ਪੇਸ਼ ਕਰਨ ਦੇ ਹੁਕਮ

ਚੰਡੀਗੜ੍ਹ, 29 ਮਈ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਮੈਂਬਰ ਪਾਰਲੀਮੈਂਟ, ਅਮਰਿੰਦਰ ਸਿੰਘ ਰਾਜਾ ਵੜਿੰਗ ਮਾਮਲੇ ਵਿੱਚ ਪੰਜਾਬ ਪੁਲਿਸ ਨੂੰ 1 ਜੁਲਾਈ ਨੂੰ ਐਕਸ਼ਨ ਟੇਕਨ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਕਮਿਸਨ ਵੱਲੋਂ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਵੋਟਾਂ ਦੇ ਪ੍ਰਚਾਰ ਦੌਰਾਨ ਦਲਿਤ ਜਾਤੀਆਂ ਪ੍ਰਤੀ ਜਾਤੀ ਸੂਚਕ ਸਬਦ ਵਰਤਣ ਸਬੰਧੀ ਮਾਮਲੇ ਦਾ ਸੂ-ਮੋਟੋ ਨੋਟਿਸ ਲਿਆ ਗਿਆ ਸੀ। ਜਿਸ ਸਬੰਧੀ ਅੱਜ ਸੀਨੀਅਰ ਕਪਤਾਨ ਪੁਲਿਸ ਸ੍ਰੀ ਮੁਕਸਤਰ ਸਾਹਿਬ ਦੀ ਤਰਫੋਂ ਐਸ.ਪੀ. ਹੈੱਡਕੁਆਟਰ ਸ੍ਰੀ ਮੁਕਤਸਰ ਸਾਹਿਬ ਪੇਸ਼ ਹੋਏ ਤੇ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਆਡੀਓ ਦੀ ਜਾਂਚ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਵੱਲੋਂ ਇਸ ਸਬੰਧੀ ਮੈਟਾ ਕੰਪਨੀ ਤੋਂ ਵੀ ਜਾਣਕਾਰੀ ਮੰਗੀ ਗਈ ਹੈ, ਜਿਸ ਬਾਬਤ ਰਿਪੋਰਟ 30 ਦਿਨਾਂ ਵਿੱਚ ਪ੍ਰਾਪਤ ਹੋਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਵੱਲੋਂ ਇਸ ਸਬੰਧੀ ਐਕਸ਼ਨ ਟੇਕਨ ਰਿਪੋਰਟ ਅਤੇ ਮੈਟਾ ਦੀ ਰਿਪੋਰਟ 1 ਜੁਲਾਈ, 2026 ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। **ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**
PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**
**PRGI (RNI) Regd. No. 22972/1972**

# ਪੰਜਾਬੀ ਯੂਨੀਵਰਸਿਟੀ ਦੇ ਸੀਨੀਅਰ ਸਹਾਇਕ ਦੀ ਧੀ ਬਣੀ ਭਾਰਤੀ ਜਲ ਸੈਨਾ 'ਚ ਸਬ-ਲੈਫ਼ਟੀਨੈਂਟ

ਚੰਡੀਗੜ੍ਹ, 29 ਮਈ (ਚ.ਨ.ਸ.): ਮਾਈ ਭਾਗੋ ਆਰਮਡ ਫੋਰਸਿਜ ਪ੍ਰੈਪਰੇਟਰੀ



ਇੰਸਟੀਚਿਊਟ (ਏਐਫਪੀਆਈ) ਫਾਰ ਗਰਲਜ, ਐਸ.ਏ.ਐਸ. ਨਗਰ (ਮੁਹਾਲੀ) ਦੀ ਇੱਕ ਹੋਰ ਕੈਡਿਟ ਨਿਸ਼ਾ ਨੂੰ ਭਾਰਤੀ ਜਲ ਸੈਨਾ ਵਿੱਚ ਸਬ ਲੈਫਟੀਨੈਂਟ ਵਜੋਂ ਕਮਿਸਨ ਮਿਲਿਆ ਹੈ। ਉਸ ਨੇ ਇੰਡੀਅਨ ਨੇਵਲ ਅਕੈਡਮੀ, ਏਝੀਮਾਲਾ (ਕੇਰਲਾ) ਤੋਂ ਸਫਲਤਾਪੂਰਵਕ ਪਾਸ ਆਊਟ ਕੀਤਾ ਤੇ ਆਪਣੀ ਸੰਸਥਾ ਤੇ ਪਰਿਵਾਰ ਦਾ ਮਾਣ ਵਧਾਇਆ। ਇਸ ਪ੍ਰਭਾਵਸਾਲੀ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਵਾਈਸ ਐਡਮਿਰਲ ਸਮੀਰ ਸਕਸੈਨਾ, ਜੋ ਫਲੈਗ ਅਫਸਰ ਕਮਾਂਡਿੰਗ-ਇਨ-ਚੀਫ ਦੱਖਣੀ ਨੇਵਲ ਕਮਾਂਡ ਹਨ, ਵੱਲੋਂ ਕੀਤਾ ਗਿਆ।

ਪੰਜਾਬ ਦੇ ਰੋਜਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਸਬ ਲੈਫਟੀਨੈਂਟ ਨਿਸ਼ਾ ਨੂੰ ਉਸਦੀ ਸਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਸਦੀ ਸਫਲਤਾ ਪੰਜਾਬ ਦੀਆਂ ਹੋਰ ਧੀਆਂ ਨੂੰ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਥਿਆਰਬੰਦ ਸੈਨਾਵਾਂ ਵਿੱਚ ਸਾਮਲ ਹੋਣ ਦੀਆਂ ਚਾਹਵਾਨ ਲੜਕੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਪ੍ਰਤੀ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਜੁਲਾਈ 2023 ਵਿੱਚ ਮਾਈ ਭਾਗੋ ਏਐਫਪੀਆਈ ਵਿਖੇ ਕੁੜੀਆਂ ਲਈ ਇੱਕ ਐਨਡੀਏ ਪ੍ਰਾਪਰੇਟਰੀ ਵਿੰਗ ਵੀ ਸਥਾਪਤ ਕੀਤਾ ਗਿਆ ਹੈ, ਜਿਸ ਦਾ ਤੀਜਾ ਬੈਚ ਇਸ ਸਮੇਂ ਸਿਖਲਾਈ ਪ੍ਰਾਪਤ ਕਰ ਰਿਹਾ ਹੈ।

ਮਾਈ ਭਾਗੋ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐਸ.ਐਮ. (ਸੇਵਾਮੁਕਤ) ਨੇ ਸਬ ਲੈਫਟੀਨੈਂਟ ਨਿਸ਼ਾ ਦੀ ਇਸ ਪ੍ਰਾਪਤੀ 'ਤੇ ਖੁਸੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਹਥਿਆਰਬੰਦ ਸੈਨਾਵਾਂ ਵਿੱਚ ਹੋਰ ਲੜਕੀਆਂ ਨੂੰ ਸਾਮਲ ਕਰਨ ਸਬੰਧੀ ਸੂਬਾ ਸਰਕਾਰ ਦੇ ਯਤਨਾਂ ਨੂੰ ਵੱਡਾ ਹੁਲਾਰਾ ਦੇਵੇਗੀ। ਉਨ੍ਹਾਂ ਨੇ ਨਵੀਂ ਕਮਿਸਨਡ ਅਫਸਰ ਨੂੰ ਭਾਰਤੀ ਜਲ ਸੈਨਾ ਵਿੱਚ ਉੱਜਵਲ ਭਵਿੱਖ ਲਈ ਆਪਣੀਆਂ ਸੁਭਕਾਮਨਾਵਾਂ ਵੀ ਦਿੱਤੀਆਂ।

# ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਪ੍ਰੋਗਰਾਮ 'ਚ ਅੰਸ਼ਕ ਸੋਧ : ਸੀਈਓ

ਚੰਡੀਗੜ੍ਹ, 29 ਮਈ (ਚ.ਨ.ਸ.): ਭਾਰਤੀ ਚੋਣ ਕਮਿਸਨ ਵਲੋਂ ਪੰਜਾਬ ਰਾਜ ਲਈ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜਨ (ਐਸ.ਆਈ.ਆਰ.) ਸਬੰਧੀ ਪਹਿਲਾਂ ਐਲਾਨੇ ਗਏ ਪ੍ਰੋਗਰਾਮ ਵਿੱਚ ਅੰਸਕ ਸੋਧ ਕਰਨ ਸਬੰਧੀ ਪੱਤਰ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਫਸਰ ਪੰਜਾਬ ਰਾਜ ਅਨਿੰਦਿਤਾ ਮਿਤਰਾ ਨੇ ਦੱਸਿਆ ਕਿ ਹੁਣ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦਾ ਖਰੜਾ ਹੁਣ 3 ਅਗਸਤ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਵੋਟਰ ਸੂਚੀਆਂ ਸਬੰਧੀ ਇਤਰਾਜ ਤੇ ਦਾਅਵੇ ਪੇਸ ਕਰਨ ਦਾ ਸਮਾਂ 03.08.2026 ਤੋਂ 02.09.2026 ਤੱਕ ਕਰ ਦਿੱਤਾ ਗਿਆ ਹੈ। ਨੋਟਿਸ ਪੜਾਅ/ਇਤਰਾਜ ਤੇ ਦਾਅਵਿਆਂ ਦਾ ਨਿਪਟਾਰਾ 03.08.2026 ਤੋਂ 28.09.2026 ਤੱਕ ਕੀਤਾ ਜਾਵੇਗਾ। ਮੁੱਖ ਚੋਣ ਅਫਸਰ ਨੇ ਦੱਸਿਆ ਕਿ ਬਾਕੀ ਸਮਾਂ-ਸਾਰਣੀ 14 ਮਈ 2026 ਨੂੰ ਜਾਰੀ ਨੋਟੀਫਿਕੇਸਨ ਅਨੁਸਾਰ ਹੀ ਰਹੇਗੀ।

# ਜਲੰਧਰ ਵਿੱਚ ਗ਼ੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦੇ ਤਿੰਨ ਮੈਂਬਰ 5 ਪਿਸਤੌਲਾਂ ਸਮੇਤ ਕਾਬੂ

ਚੰਡੀਗੜ੍ਹ/ਜਲੰਧਰ, 29 ਮਈ (ਚ.ਨ.ਸ.): ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਜਲੰਧਰ ਕਮਿਸਨਰੇਟ ਪੁਲਿਸ ਨੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਵਿੱਚ ਸ਼ਾਮਲ ਤਿੰਨ ਮੁਲਜਮਾਂ ਨੂੰ ਪੰਜ .32 ਬੋਰ ਪਿਸਤੌਲਾਂ ਦੇ ਨਾਲ-ਨਾਲ 9 ਮੈਗਜੀਨਾਂ ਤੇ 22 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮਨਜੋਤ ਸਿੰਘ ਵਾਸੀ ਪਿੰਡ ਢੇਸੀਆਂ, ਗੁਰਦਾਸਪੁਰ; ਸੰਦੀਪ ਸਿੰਘ ਵਾਸੀ ਪਿੰਡ ਜਾਗੋਵਾਲ, ਗੁਰਦਾਸਪੁਰ ਤੇ ਅਮਨਦੀਪ ਸਿੰਘ ਉਰਫ ਅਮਨ ਵਾਸੀ ਪਿੰਡ ਭੈਣੀ ਪਸਵਾਲ, ਗੁਰਦਾਸਪੁਰ ਵਜੋਂ ਹੋਈ ਹੈ।




ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਮਾਡਿਊਲ ਪੰਜਾਬ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਸਾਮਲ ਹੈ। ਉਨ੍ਹਾਂ ਦੱਸਿਆ ਕਿ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਤੇ ਗੈਰ-ਕਾਨੂੰਨੀ ਹਥਿਆਰ ਤਸਕਰੀ ਨੈੱਟਵਰਕ ਦਾ ਮੁਕੰਮਲ ਖਾਤਮਾ ਕਰਨ ਲਈ ਹੋਰ ਜਾਂਚ ਜਾਰੀ ਹੈ। ਪੁਲਿਸ ਕਮਿਸਨਰ (ਸੀਪੀ) ਧਨਪ੍ਰੀਤ ਕੌਰ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਪੁਲਿਸ ਟੀਮ ਨੇ ਸੱਕੀ ਮਨਜੋਤ ਸਿੰਘ ਨੂੰ ਬੱਸ ਸਟੈਂਡ ਜਲੰਧਰ ਨੇੜਿਓਂ ਇੱਕ .32 ਬੋਰ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਮਨਜੋਤ ਨੇ ਆਪਣੇ ਖੁਲਾਸੇ ਦੌਰਾਨ ਇਸ ਮਾਡਿਊਲ ਵਿੱਚ ਸ਼ਾਮਲ ਆਪਣੇ ਦੋ ਸਾਥੀਆਂ- ਸੰਦੀਪ ਤੇ ਅਮਨਦੀਪ-ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਗੁਰਦਾਸਪੁਰ ਦੇ ਪਿੰਡ ਭੈਣੀ ਪਸਵਾਲ ਤੋਂ ਉਕਤ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਸੀਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਅਮਨਦੀਪ ਦੇ ਖੁਲਾਸੇ ਦੇ ਅਧਾਰ 'ਤੇ ਪੁਲਿਸ ਟੀਮਾਂ ਨੇ ਗੁਰਦਾਸਪੁਰ ਦੇ ਪਿੰਡ ਭੈਣੀ ਪਸਵਾਲ ਵਿਖੇ ਧੁੱਸੀ ਬੰਨ੍ਹ ਨੇੜੇ ਛੁਪਾਏ ਗਏ ਚਾਰ ਹੋਰ .32 ਬੋਰ ਪਿਸਤੌਲਾਂ ਦੇ ਨਾਲ-ਨਾਲ ਅੱਠ ਮੈਗਜੀਨਾਂ ਤੇ 18 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ, ਐਫਆਈਆਰ ਨੰ. 153 ਮਿਤੀ 25/5/2026 ਨੂੰ ਜਲੰਧਰ ਕਮਿਸਨਰੇਟ ਦੇ ਪੁਲਿਸ ਸਟੇਸਨ ਡਿਵੀਜਨ-6 ਵਿਖੇ ਅਸਲਾ ਐਕਟ ਦੀ ਧਾਰਾ 25 (1-ਬੀ)ਏ ਤਹਿਤ ਦਰਜ ਕੀਤੀ ਗਈ ਹੈ।

# ਪੰਜਾਬ ਨਿਗਮ ਚੋਣਾਂ ’ਚ ‘ਆਪ’ ਦੀ ਹੂੰਝਾਫੇਰ ਜਿੱਤ

**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 29 ਮਈ : ਪੰਜਾਬ ’ਚ 26 ਮਈ ਨੂੰ 8 ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਸਣੇ ਕੁਲ 103 ਸਥਾਨਕ ਇਕਾਈਆਂ ਲਈ ਵੋਟਿੰਗ ਹੋਈ ਸੀ ਜਿਸ ਦੇ ਨਤੀਜੇ ਅੱਜ ਐਲਾਨੇ ਗਏ। ਖ਼ਬਰ ਲਿਖੇ ਜਾਣ ਤੱਕ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੇ ਬਹੁ-ਕੋਣੇ ਮੁਕਾਬਲਿਆਂ ਦਰਮਿਆਨ ਵਿਰੋਧੀਆਂ ਨੂੰ ਬੁਰੀ ਤਰ੍ਹਾਂ ਪਛਾੜਦਿਆਂ ਇੱਕਤਰਫ਼ਾ ਇਤਿਹਾਸਕ ਜਿੱਤ ਵੱਲ ਕਦਮ ਵਧਾ ਦਿੱਤੇ ਸਨ।

‘ਆਪ’ ਨੇ ਸ਼ੁੱਕਰਵਾਰ ਦੇਰ ਰਾਤ ਤੱਕ 952 ਵਾਰਡਾਂ ਵਿੱਚ ਜਿੱਤ ਦਰਜ ਕਰ ਲਈ ਸੀ ਅਤੇ ਕਈ ਹੋਰ ਵਾਰਡਾਂ ਵਿੱਚ ਪਾਰਟੀ ਅੱਗੇ ਚੱਲ ਰਹੀ ਸੀ।

ਜਦਕਿ ਕਾਂਗਰਸ 386 ਵਾਰਡਾਂ ਵਿੱਚ ਜਿੱਤ ਹਾਸਲ ਕਰਕੇ ਦੂਸਰੇ ਨੰਬਰ ’ਤੇ ਸੀ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੇ 191 ਵਾਰਡਾਂ ਵਿੱਚ, ਭਾਜਪਾ ਨੇ 170 ਵਾਰਡਾਂ ਵਿੱਚ ਅਤੇ ਬਸਪਾ ਨੇ 7 ਵਾਰਡਾਂ ਵਿੱਚ ਜਿੱਤ ਦਰਜ ਕੀਤੀ ਹੈ। ਦੂਜੇ ਪਾਸੇ, ਆਜ਼ਾਦ ਉਮੀਦਵਾਰਾਂ ਨੇ 251 ਵਾਰਡਾਂ ਵਿੱਚ ਜਿੱਤ ਹਾਸਲ ਕੀਤੀ ਹੈ, ਜੋ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ।

ਇਸ ਤੋਂ ਪਹਿਲਾਂ ਪਾਰਟੀ ਨੇ ਸ਼ਾਮ ਲਗਭਗ 7 ਵਜੇ ਤੱਕ ਸੂਬੇ ਦੇ 45 ਫ਼ੀਸਦੀ ਤੋਂ ਵੱਧ ਮਿਉਂਸੀਪਲ ਵਾਰਡਾਂ ਵਿੱਚ ਜਿੱਤ ਦਰਜ ਕਰ ਲਈ ਸੀ।

ਚੋਣ ਕਮਿਸ਼ਨ ਵੱਲੋਂ ਪੰਜਾਬ ਦੇ 23 ਜ਼ਿਲ੍ਹਿਆਂ ’ਚ ਕੁੱਲ 115 ਗਿਣਤੀ ਕੇਂਦਰ ਬਣਾਏ ਗਏ ਸਨ, ਜਿਨ੍ਹਾਂ ਦੇ ਬਾਹਰ ਬਹੁਪਰਤੀ ਸੁਰੱਖਿਆ ਲਾਈ ਹੋਈ ਸੀ। ਚੋਣ ਪ੍ਰਕਿਰਿਆ ਦੌਰਾਨ ਕਰੀਬ 80 ਉਮੀਦਵਾਰ ਪਹਿਲਾਂ ਹੀ



ਬਿਨਾਂ ਮੁਕਾਬਲਾ ਚੁਣੇ ਗਏ ਸਨ। ਵੇਰਵਿਆਂ ਅਨੁਸਾਰ ਅੱਠ ਨਗਰ ਨਿਗਮਾਂ ਲਈ 1,613 ਉਮੀਦਵਾਰਾਂ, 75 ਨਗਰ ਕੌਂਸਲਾਂ ਲਈ 5,141 ਅਤੇ 19 ਨਗਰ ਪੰਚਾਇਤਾਂ ਲਈ ਖੜ੍ਹੇ 800 ਉਮੀਦਵਾਰਾਂ ਦੀ ਸਿਆਸੀ ਕਿਸਮਤ ਦਾ ਫ਼ੈਸਲਾ ਹੋਵੇਗਾ। ਪੰਜਾਬ ਭਰ ’ਚ ਅੱਜ 1,897 ਵਾਰਡਾਂ ਨੂੰ ਨਵੇਂ ਕੌਂਸਲਰ ਮਿਲਣਗੇ।

‘ਆਪ’ ਕਾਰਜਕਾਲ ਦੌਰਾਨ ਇਸ ਤੋਂ ਪਹਿਲਾਂ ਪੰਜ ਨਗਰ ਨਿਗਮਾਂ ਅਤੇ 41 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀਆਂ ਵੋਟਾਂ ਦਸੰਬਰ, 2024 ’ਚ ਵੀ ਪਈਆਂ ਸਨ।

ਐਤਕੀਂ ਸ਼ਹਿਰੀ ਸੰਸਥਾਵਾਂ ਲਈ ਕੁੱਲ 22,38,241 ਵੋਟਰਾਂ ਨੇ 26 ਮਈ ਨੂੰ ਆਪਣੇ ਸਿਆਸੀ ਹੱਕ ਦਾ ਇਸਤੇਮਾਲ ਕੀਤਾ ਸੀ ਜਿਨ੍ਹਾਂ ਦੀ ਪੋਲਿੰਗ ਦਰ ਕਰੀਬ 64 ਫ਼ੀਸਦੀ ਬਣਦੀ ਹੈ। ਬਰਨਾਲਾ ਨਗਰ ਨਿਗਮ ਦੀ ਇਹ ਪਹਿਲੀ ਚੋਣ ਹੈ ਅਤੇ ਬਰਨਾਲਾ ਦੇ 50 ਵਾਰਡਾਂ ਨੂੰ ਪਹਿਲੀ ਵਾਰ ਨਿਗਮ ਦੇ ਕੌਂਸਲਰ ਮਿਲਣਗੇ।

### ਚੋਣਾਂ ’ਚ ਵੱਡੀ ਜਿੱਤ ਤੋਂ ਬਾਅਦ ਵਿਰੋਧੀਆਂ ’ਤੇ ਵਰ੍ਹੇ ਮੁੱਖ ਮੰਤਰੀ

## ਪੰਜਾਬ ਨੇ ਨ਼ਫਰਤ ਦੀ ਸਿਆਸਤ ਨੂੰ ਨਕਾਰਿਆ: ਮਾਨ

**ਅੰਮ੍ਰਿਤਪਾਲ ਸਿੰਘ**

ਚੰਡੀਗੜ੍ਹ, 29 ਮਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਿਉਂਸਪਲ ਚੋਣਾਂ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਹੂੰਝਾ ਫੇਰ ਜਿੱਤ ਨੂੰ ਪੰਜਾਬ ਸਰਕਾਰ ਦੇ ਵਿਕਾਸ-ਮੁਖੀ ਸਾਸ਼ਨ ਮਾਡਲ ’ਤੇ ਫੈਸਲਾਕੁੰਨ ਮੋਹਰ ਅਤੇ ਵਿਰੋਧੀ ਧਿਰ ਦੀ ਨ਼ਫਰਤ, ਵੰਡੀਆਂ ਪਾਉਣ ਵਾਲੀ ਤੇ ਨਕਾਰਾਤਮਕ ਰਾਜਨੀਤੀ ਨੂੰ ਪੂਰੀ ਤਰ੍ਹਾਂ



ਨਕਾਰਨ ਵਾਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਪੂਰੀ ਤਰ੍ਹਾਂ ‘ਸਫਾਇਆ’ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਫੈਸਲਾ ਮੁਫਤ ਬਿਜਲੀ, ਮਿਆਰੀ ਸਿੱਖਿਆ, ਬਿਹਤਰ ਤੇ ਮੁ਼ਫਤ ਸਿਹਤ ਸਹੂਲਤਾਂ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਹੋਰ ਲੋਕ ਭਲਾਈ ਸਕੀਮਾਂ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਪੂਰੇ ਪੰਜਾਬ ਵਿੱਚ ‘ਆਪ’ ਦੇ ਦਬਦਬੇ, ਜਿਸ ਵਿੱਚ ਧੂਰੀ ਵਿੱਚ ਪਾਰਟੀ ਨੇ 21 ਵਿੱਚੋਂ 19 ਸੀਟਾਂ ਜਿੱਤ ਕੇ (ਬਾਕੀ ਸਫ਼ਾ 11 ’ਤੇ)

## ਰਿਵਾਇਤੀ ਦਲਾਂ ਨੂੰ ਟੱਕਰ ਦੇ ਕੇ ਤੀਜੇ ਸਥਾਨ ’ਤੇ ਆਏ ਆਜ਼ਾਦ ਉਮੀਦਵਾਰ

ਚੰਡੀਗੜ੍ਹ, 29 ਮਈ (ਚ.ਨ.ਸ.):ਪੰਜਾਬ ਵਿੱਚ 8 ਨਗਰ ਨਿਗਮਾਂ, 75 ਨਗਰ ਕੌਂਸਲਾਂ ਤੇ 21 ਨਗਰ ਪੰਚਾਇਤਾਂ ਦੇ ਚੋਣ ਨਤੀਜਿਆਂ ’ਚ ਸੱਤਾਧਾਰੀ ਪਾਰਟੀ ਨੇ ਵੱਡੀ ਜਿੱਤ ਹਾਸਲ ਕਰਕੇ ਵਿਰੋਧੀਆਂ ਨੂੰ 2027 ਦਾ ‘ਟ੍ਰੇਲਰ’ ਵਿਖਾ ਦਿੱਤਾ ਹੈ। ਕੁੱਲ 1977 ਵਾਰਡਾਂ ਲਈ ਹੋਈਆਂ ਚੋਣਾਂ ਵਿੱਚੋਂ ਅੱਜ ਖ਼ਬਰ ਲਿਖੇ ਜਾਣ ਤੱਕ ਸੱਤਾਧਾਰੀ ਪਾਰਟੀ 952 ਹੁਣ ਤੱਕ ਸੀਟਾਂ ਵਿੱਚ ਜਿੱਤ ਦਰਜ ਕਰ ਚੁੱਕੀ ਸੀ। ਕਾਂਗਰਸ ਦੂਜੇ ਅਤੇ ਆਜ਼ਾਦ ਉਮੀਦਵਾਰ ਤੀਜੇ ਨੰਬਰ ’ਤੇ ਹੈ। ਹਾਲਾਂਕਿ ਕਾਂਗਰਸ ਨੇ ਕਪੂਰਥਲਾ ਨਗਰ ਨਿਗਮ ਵਿਚ ਜਿੱਤ ਵਿਖਾਉਂਦੇ ਹੋਏ ਬਹੁਮਤ ਹਾਸਲ ਕੀਤਾ ਹੈ। ਕਾਂਗਰਸ ਨੇ 50 ਵਾਰਡਾਂ ਵਿਚੋਂ 31 ’ਤੇ ਜਿੱਤ ਹਾਸਲ ਕੀਤੀ ਹੈ। ਬੰਗਾਲ ਤੋਂ ਬਾਅਦ 2027 ਵਿਚ ਪੰਜਾਬ ਨੂੰ ਜਿੱਤਣ ਦੀ ਵਾਰੀ ਦੀ ਗੱਲ ਕਹਿਣ ਵਾਲੀ ਭਾਜਪਾ ਸਭ ਤੋਂ ਪਿੱਛੇ ਹੈ। ਕਮਬੈਕ ਦੇ ਦਾਅਵੇ ਵਾਲਾ ਅਕਾਲੀ ਦਲ ਵੀ ਚੌਥੇ ਨੰਬਰ ’ਤੇ ਹੈ। ਇਥੇ ਇਹ ਦੱਸ ਦੇਈਏ ਕਿ ਆਮ ਆਦਮੀ ਪਾਰਟੀ ਹਾਲਾਂਕਿ ਉਨੀ ਜਿੱਤ ਹਾਸਲ ਨਹੀਂ ਕਰ ਸਕੀ ਹੈ, ਜਿੰਨੀ 2021 ਵਿਚ ਸਰਕਾਰ ਰਹਿੰਦੇ ਕਾਂਗਰਸ ਨੇ ਹਾਸਲ ਕੀਤੀ ਸੀ। ਕਾਂਗਰਸ ਨੇ ਉਦੋਂ 1199 ਵਾਰਡ ਜਿੱਤ ਲਏ ਸਨ। ਹਾਲਾਂਕਿ ਇਸ ਵਿਚ ਦਿਲਚਸਪ ਗੱਲ ਇਹ ਹੈ ਕਿ ਇਸ ਦੇ ਅਗਲੇ ਵੀ ਸਾਲ ਯਾਨੀ 2022 ਵਿਚ ਹੋਏ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਸੱਤੋਂ ਤੋਂ ਬਾਹਰ ਹੋ ਗਈ। (ਬਾਕੀ ਸਫ਼ਾ 11 ’ਤੇ)

### ਸੁਪਰੀਮ ਕੋਰਟ ਦਾ ਵੱਡਾ ਹੁਕਮ

## ਹੁਣ ਹਾਈਕੋਰਟਾਂ ਨੂੰ 3 ਮਹੀਨੇ ’ਚ ਸੁਣਾਉਣਾ ਪਵੇਗਾ .ਫੈਸਲਾ

**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 29 ਮਈ :ਭਾਰਤ ਦੀ ਸੁਪਰੀਮ ਕੋਰਟ ਨੇ ਲੰਬਿਤ ਮਾਮਲੇ ਦੀ ਸੁਣਵਾਈ ਨੂੰ ਲੈ ਕੇ ਇੱਕ ਮਹੱਤਵਪੂਰਨ ਫੈਸਲਾ ਲਿਆ ਹੈ। ਕੋਰਟ ਨੇ ਦੇਸ਼ ਦੀਆਂ ਸਾਰੀਆਂ ਹਾਈ ਕੋਰਟਾਂ ਨੂੰ ਫੈਸਲੇ ਦੇਣ ਵਿੱਚ ਦੇਰੀ ਨੂੰ ਰੋਕਣ ਲਈ ਬਾਈਡਿੰਗ ਨਿਰਦੇਸ਼ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 142 ਦੇ ਤਹਿਤ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਤੁਰੰਤ ਫੈਸਲੇ ਲੈਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦੇਸ਼ ਭਰ ਦੀਆਂ ਹਾਈ ਕੋਰਟਾਂ ਨੂੰ ਕਿਸੇ ਵੀ ਲੰਬਿਤ ਮਾਮਲੇ ਵਿੱਚ ਆਦੇਸ਼ ਰਾਖਵੇਂ ਰੱਖਣ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਫੈਸਲੇ ਸੁਣਾਉਣ ਦਾ ਨਿਰਦੇਸ਼ ਜਾਰੀ ਕੀਤਾ ਹੈ।



ਦੱਸ ਦੇਈਏ ਕਿ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੀ ਬੈਂਚ ਨੇ ਕਿਹਾ ਕਿ ਨਿੱਜੀ ਆਜ਼ਾਦੀ ਨਾਲ ਜੁੜੇ ਮਾਮਲਿਆਂ ਵਿੱਚ ਤੇਜ਼ੀ ਨਾਲ ਫੈਸਲੇ ਲੈਣ ਦੀ ਲੋੜ ਹੁੰਦੀ ਹੈ। ਬੈਂਚ ਨੇ ਕਿਹਾ ਕਿ ਜ਼ਮਾਨਤ ਅਰਜ਼ੀਆਂ ’ਤੇ ਹੁਕਮ ਉਸੇ ਦਿਨ ਸੁਣਾਏ ਜਾਣੇ ਚਾਹੀਦੇ ਹਨ ਅਤੇ ਜੇਕਰ ਹੁਕਮ ਰਾਖਵਾਂ ਰੱਖਿਆ ਜਾਂਦਾ ਹੈ ਤਾਂ ਇਸ ਨੂੰ ਅਗਲੇ ਦਿਨ ਸੁਣਾਇਆ ਜਾਣਾ ਚਾਹੀਦਾ ਹੈ ਅਤੇ ਅਪਲੋਡ ਕੀਤਾ ਜਾਣਾ ਚਾਹੀਦਾ ਹੈ। ਕਈ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ ਜ਼ਮਾਨਤ ਦੇਣ ਜਾਂ ਸਜ਼ਾ ਮੁਅੱਤਲ ਕਰਨ ਦੇ ਹੁਕਮ ਤੋਂ ਤੁਰੰਤ ਬਾਅਦ ਜੇਲ੍ਹ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਚਾਰ ਅਧੀਨ ਕੈਦੀ ਜਾਂ ਦੋਸ਼ੀ ਨੂੰ ਉਸੇ ਦਿਨ ਜਾਂ ਵੱਧ ਤੋਂ ਵੱਧ ਅਗਲੇ ਦਿਨ, ਜਿੱਥੋਂ ਤੱਕ ਸੰਭਵ ਹੋ ਸਕੇ, ਰਿਹਾਅ ਕੀਤਾ ਜਾਣਾ ਚਾਹੀਦਾ ਹੈ।

### ਨੀਟ ਪੇਪਰ ਲੀਕ ਮਾਮਲੇ ’ਚ ਐਨ.ਟੀ.ਏ. ਨੂੰ ਝਾੜ

## ‘ਜੇਕਰ ਪੀ.ਐਮ. ਨੂੰ ਖੁਦ ਪ੍ਰੀਖਿਆ ਦੀ ਨਿਗਰਾਨੀ ਕਰਨੀ ਪੈ ਰਹੀ ਹੈ ਤਾਂ ਇਹ ਬਹੁਤ ਹੀ ਦੁਖਦ’

ਨਵੀਂ ਦਿੱਲੀ, 29 ਮਈ (ਚ.ਨ.ਸ.): ਨੈਸ਼ਨਲ ਐਲੀਜੀਬਿਲਿਟੀ ਕਮ ਐਂਟਰੈਂਸ ਟੈਸਟ (ਨੀਟ) ਪੇਪਰ ਲੀਕ ਨਾਲ ਸਬੰਧਤ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਸੁਣਵਾਈ ਦੌਰਾਨ ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਅਤੇ ਸਰਕਾਰ ਨੂੰ ਸਖ਼ਤ ਫਟਕਾਰ ਲਗਾਈ ਹੈ। ਅਦਾਲਤ ਨੇ ਇਸ ਮਾਮਲੇ ਨੂੰ ਬਹੁਤ ਸੰਵੇਦਨਸ਼ੀਲ ਦੱਸਦਿਆਂ ਕਿਹਾ ਕਿ ਜਦੋਂ ਤੱਕ ਅਸਲ ਜਵਾਬਦੇਹੀ ਤੈਅ ਨਹੀਂ ਹੁੰਦੀ, (ਬਾਕੀ ਸਫ਼ਾ 11 ’ਤੇ)

## ਪੰਜਾਬ ’ਚ ਮੀਂਹ-ਗੜ੍ਹੇਮਾਰੀ ਸਬੰਧੀ ਰੈਡ ਅਲਰਟ ਜਾਰੀ

ਚੰਡੀਗੜ੍ਹ, 29 ਮਈ (ਚ.ਨ.ਸ.):ਪੰਜਾਬ ਤੇ ਚੰਡੀਗੜ੍ਹ ਵਿਚ ਮੌਸਮ ਵਿਚ ਥੋੜ੍ਹਾ ਬਦਲਾਅ ਆਇਆ ਹੈ। ਮੌਸਮ ਵਿਭਾਗ ਮੁਤਾਬਕ ਵੱਲੋਂ ਅੱਜ ਲਈ ਮੀਂਹ ਤੇ ਤੇਜ਼ ਤੂਫਾਨ ਤੇ ਬਿਜਲੀ ਡਿਗਣ ਦਾ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਗੜ੍ਹੇਮਾਰੀ ਵੀ ਹੋ ਸਕਦੀ ਹੈ ਤੇ ਨਾਲ ਹੀ ਕੁਝ ਥਾਵਾਂ ’ਤੇ ਲੂ ਚੱਲਣ ਦੀ ਵੀ ਸੰਭਾਵਨਾ ਹੈ।70-80 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲ ਸਕਦੀਆਂ ਹਨ। ਪਿਛਲੇ ਕਲ ਦੀ ਤੁਲਨਾ ਵਿਚ ਅਧਿਕਤਮ ਤਾਪਮਾਨ ਵਿਚ 2.1 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਹੁਣ ਇਹ ਸਾਧਾਰਨ ਦੇ ਲਗਭਗ ਨੇੜੇ ਪਹੁੰਚ ਗਿਆ ਹੈ। ਸਾਰੇ ਜ਼ਿਲ੍ਹਿਆਂ ਵਿਚ 1 ਡਿਗਰੀ ਤੋਂ ਲੈ ਕੇ 4 ਡਿਗਰੀ ਤੱਕ ਤਾਪਮਾਨ ਡਿੱਗਿਆ। ਫਰੀਦਕੋਟ ਵਿਚ ਸਭ ਤੋਂ ਵਧ ਤਾਪਮਾਨ 45.4 ਡਿਗਰੀ (ਬਾਕੀ ਸਫ਼ਾ 11 ’ਤੇ)

### ਕਾਂਗਰਸ ਹਾਈਕਮਾਨ ਐਕਸ਼ਨ ਮੋਡ ’ਚ

## ਪੰਜਾਬ ਨਿਗਮ ਚੋਣਾਂ ਦੇ ਨਤੀਜਿਆਂ ’ਤੇ ਸੂਬਾ ਲੀਡਰਸ਼ਿਪ ਪ੍ਰਤੀ ਸ਼ਖ਼ਤ ਨਾਰਾਜ਼ਗੀ ਜ਼ਾਹਰ

**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 29 ਮਈ :ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਅਤੇ ਚੋਣਵੀਂ ਕਾਰਗੁਜ਼ਾਰੀ ਨੂੰ ਲੈ ਕੇ ਅੱਜ ਦਿੱਲੀ ਵਿੱਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਨਿਵਾਸ ’ਤੇ ਹੋਈ ਬੈਠਕ ਕਾਫ਼ੀ ਗਰਮਾ-ਗਰਮ ਰਹੀ। ਸੂਤਰਾਂ ਅਨੁਸਾਰ, ਕਾਂਗਰਸ ਹਾਈਕਮਾਨ ਨੇ ਪੰਜਾਬ ਵਿੱਚ ਹੋਈਆਂ ਨਗਰ ਕੌਂਸਲ ਚੋਣਾਂ ਦੇ ਨਤੀਜਿਆਂ ’ਤੇ ਸੂਬਾ ਲੀਡਰਸ਼ਿਪ ਪ੍ਰਤੀ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਹੈ।

ਇਸ ਅਹਿਮ ਬੈਠਕ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ, ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਸ਼ਾਮਲ ਸਨ ਹਾਲਾਂਕਿ ਬੈਠਕ ਦਾ ਅਧਿਕਾਰਤ ਏਜੰਡਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਅਤੇ ਪੰਜਾਬ ਵਿੱਚ ’ਸਰ’ ਸਣੇ ਹੋਰ ਮਸਲਿਆਂ ’ਤੇ ਚਰਚਾ ਕਰਨਾ ਸੀ ਪਰ ਸਾਰਾ ਜ਼ੋਰ ਹਾਲੀਆ ਚੋਣ ਹਾਰਾਂ ’ਤੇ ਰਿਹਾ।

ਸੂਤਰਾਂ ਮੁਤਾਬਕ, ਬੈਠਕ ਵਿੱਚ ਮੌਜੂਦ ਕਈ ਆਗੂਆਂ ਨੇ ਨਗਰ ਕੌਂਸਲ ਚੋਣਾਂ ਵਿੱਚ ਪਾਰਟੀ ਦੀ ਹਾਰ ਲਈ ਸਿੱਧੇ ਤੌਰ ’ਤੇ ਪ੍ਰਦੇਸ਼ ਪ੍ਰਧਾਨ ਰਾਜਾ ਵੜਿੰਗ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜਾਣਕਾਰੀ ਮੁਤਾਬਕ, ਇੱਕ ਸੀਨੀਅਰ ਆਗੂ ਨੇ (ਬਾਕੀ ਸਫ਼ਾ 11 ’ਤੇ)






### ਹਰਮੁਜ਼ ’ਚ ਮੁੜ ਸ਼ੁਰੂ ਹੋਵੇਗੀ ਜਹਾਜ਼ਾਂ ਦੀ ਆਵਾਜਾਈ

## ਟਰੰਪ ਨੇ ਨਾਕੇਬੰਦੀ ਹਟਾਉਣ ਦੇ ਦਿੱਤੇ ਹੁਕਮ

**ਚੜ੍ਹਦੀਕਲਾ ਬਿਊਰੋ**

ਵਾਸ਼ਿੰਗਟਨ, 29 ਮਈ :ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਈਰਾਨ ਨਾਲ ਹੋਏ ‘ਹਰਮੁਜ਼ ਸਮਝੌਤੇ’ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ। ਟਰੰਪ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਈਰਾਨ ਨੂੰ ਇਸ ਗੱਲ ’ਤੇ ਸਹਿਮਤ ਹੋਣਾ ਪਵੇਗਾ ਕਿ ਉਹ ਕਦੇ ਵੀ ਪ੍ਰਮਾਣੂ ਹਥਿਆਰ ਜਾਂ ਬੰਬ ਨਹੀਂ ਬਣਾਏਗਾ।



ਟਰੰਪ ਅਨੁਸਾਰ, ਹਰਮੁਜ਼ ਜਲਡਮਰੂ ਨੂੰ ਬਿਨਾਂ ਕਿਸੇ ਟੈਕਸ ਦੇ ਤੁਰੰਤ ਖੋਲ੍ਹ ਦਿੱਤਾ ਜਾਵੇਗਾ ਤਾਂ ਜੋ ਦੋਵਾਂ ਪਾਸਿਆਂ ਤੋਂ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਬਿਨਾਂ ਕਿਸੇ ਰੋਕ-ਟੋਕ ਦੇ ਸ਼ੁਰੂ ਹੋ ਸਕੇ। ਉਨ੍ਹਾਂ ਦੱਸਿਆ ਕਿ ਅਮਰੀਕੀ ਜਲ ਸੈਨਾ ਵੱਲੋਂ ਲਗਾਈ ਗਈ ਸਖ਼ਤ ਨਾਕੇਬੰਦੀ ਨੂੰ ਹੁਣ ਹਟਾਇਆ ਜਾ ਰਿਹਾ ਹੈ, ਜਿਸ ਨਾਲ ਸਮੁੰਦਰ ਵਿੱਚ ਫਸੇ ਜਹਾਜ਼ ਆਪਣੇ ਦੇਸ਼ਾਂ ਨੂੰ ਵਾਪਸ ਪਰਤ ਸਕਣਗੇ। ਉਨ੍ਹਾਂ ਈਰਾਨ ਨੂੰ ਸਮੁੰਦਰੀ ਸੁਰੰਗਾਂ ਹਟਾਉਣ ਦੇ ਵੀ ਨਿਰਦੇਸ਼ ਦਿੱਤੇ ਹਨ।

ਰਾਸ਼ਟਰਪਤੀ ਨੇ ਦੱਸਿਆ ਕਿ 11 ਮਹੀਨੇ ਪਹਿਲਾਂ 22 ਬੰਬਾਰ ਹਮਲੇ ਕਾਰਨ ਪਹਾੜਾਂ ਦੇ ਹੇਠਾਂ ਦੱਬੀ ‘ਨਿਊਕਲੀਅਰ ਡਸਟ’ ਨੂੰ ਅਮਰੀਕਾ ਅਤੇ ਚੀਨ ਮਿਲ ਕੇ ਬਾਹਰ ਕੱਢਣਗੇ। ਇਸ ਪ੍ਰਕਿਰਿਆ ਵਿੱਚ ਈਰਾਨ ਅਤੇ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਦਾ ਸਹਿਯੋਗ ਲਿਆ ਜਾਵੇਗਾ ਅਤੇ ਇਸ ਸਮੱਗਰੀ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਜਾਵੇਗਾ।ਟਰੰਪ ਨੇ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਫਿਲਹਾਲ ਇਸ ਸਮਝੌਤੇ ਤਹਿਤ ਕਿਸੇ ਵੀ ਤਰ੍ਹਾਂ ਦੇ ਪੈਸੇ ਦਾ ਲੈਣ-ਦੇਣ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ’ਤੇ ਅੰਤਿਮ ਫੈਸਲਾ ਲੈਣ ਲਈ ‘ਸਿਚੁਏਸ਼ਨ ਰੂਮ’ ਵਿੱਚ ਮੀਟਿੰਗ ਕਰਨ ਜਾ ਰਹੇ ਹਨ। ਉਨ੍ਹਾਂ ਜਹਾਜ਼ਾਂ ’ਤੇ ਸਵਾਰ ਲੋਕਾਂ ਨੂੰ ਸੰਬੋਧਨ ਕਰਦਿਆਂ ਮਜ਼ਾਕੀਆ ਲਹਿਜੇ ਵਿੱਚ ਆਪਣੇ ਪਰਿਵਾਰਾਂ ਨੂੰ ਮਿਲਣ ਅਤੇ ‘ਆਪਣੇ ਪਸੰਦੀਦਾ ਰਾਸ਼ਟਰਪਤੀ’ ਵੱਲੋਂ ਸਲਾਮ ਕਹਿਣ ਲਈ ਵੀ ਕਿਹਾ।


ਜਨਤਕ ਨੋਟਿਸ

**ਪ੍ਰਾਪਰਟੀ ਟੈਕਸ/ਸੇਵਾ ਚਾਰਜ ਦਾ ਭੁਗਤਾਨ ਕਰੋ**

ਮੁਲਾਂਕਣ ਸਾਲ 2026-27 ਲਈ ਨਿਰਧਾਰਤ ਮਿਤੀ ਤੱਕ ਭੁਗਤਾਨ ਕਰੋ ਅਤੇ ਛੋਟ ਪ੍ਰਾਪਤ ਕਰੋ




ਪੰਜਾਬ ਨਗਰ ਨਿਗਮ, ਐਕਟ 1976 ਦੀ ਧਾਰਾ-101 ਦੇ ਅਨੁਸਾਰ ਜਿਵੇਂ ਕਿ ਯੂ.ਟੀ. ਚੰਡੀਗੜ੍ਹ ਤੱਕ ਵਧਾਇਆ ਗਿਆ ਹੈ, ਜਾਇਦਾਦ ਟੈਕਸ/ਸੇਵਾ ਚਾਰਜ ਜਮ੍ਹਾ ਕਰਨ ਲਈ ਜਨਤਕ ਨੋਟਿਸ ਜਾਰੀ ਕੀਤਾ ਜਾਂਦਾ ਹੈ।

**ਮਹੱਤਵਪੂਰਨ ਤਾਰੀਖਾਂ**

| ਸੰਪਤੀ ਦੀ ਕਿਸਮ | ਛੋਟ (% ਵਿੱਚ) | ਨਿਯਤ ਮਿਤੀ (ਨਕਦੀ/ਆਨਲਾਈਨ) | ਨਿਯਤ ਮਿਤੀ (ਚੈੱਕ/ਡੀਡੀ ਦੁਆਰਾ) |
| --- | --- | --- | --- |
| ਰਿਹਾਇਸ਼ੀ ਜ਼ਮੀਨਾਂ ਅਤੇ ਇਮਾਰਤਾਂ | 20 | 31.05.2026 | 26.05.2026 |
| ਵਪਾਰਕ, ਉਦਯੋਗਿਕ ਅਤੇ ਸੰਸਥਾਗਤ, ਸਰਕਾਰੀ ਜ਼ਮੀਨਾਂ ਅਤੇ ਇਮਾਰਤਾਂ | 10 | 31.05.2026 | 26.05.2026 |

ਮੁਲਾਂਕਣ ਸਾਲ 2026-27 ਲਈ ਸਾਰੀਆਂ ਕਿਸਮਾਂ ਦੀਆਂ ਜਾਇਦਾਦਾਂ/ਜ਼ਮੀਨਾਂ ਲਈ ਜਾਇਦਾਦ ਟੈਕਸ/ਸੇਵਾ ਚਾਰਜ ਜਮ੍ਹਾ ਕਰਨ ਦੀ ਆਖਰੀ ਮਿਤੀ 31/5/2026 ਹੈ।
31/5/2026 ਤੋਂ ਬਾਅਦ, ਜਾਇਦਾਦ ਟੈਕਸ/ਸੇਵਾ ਚਾਰਜ ਜਮ੍ਹਾ ਕਰਨ ਵਾਲਾ ਮੁਲਾਂਕਣਕਰਤਾ 01/4/2026 ਤੋਂ ਉਸ ਮਹੀਨੇ ਦੇ ਅੰਤ ਤੱਕ ਨਿਰਧਾਰਤ ਦਰਾਂ ਤੋਂ ਵੱਧ 25% ਵਾਧੂ ਅਤੇ 12% ਸਾਲਾਨਾ ਵਿਆਜ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ ਜਿਸ ਵਿੱਚ ਭੁਗਤਾਨ ਕੀਤਾ ਜਾਂਦਾ

**ਭੁਗਤਾਨ ਦਾ ਤਰੀਕਾ**

1. MCC ਵੈੱਬਸਾਈਟ mcchandigarh.gov.in ’ਤੇ ਜਾ ਕੇ ਔਨਲਾਈਨ ਭੁਗਤਾਨ ਕੀਤਾ ਜਾ ਸਕਦਾ ਹੈ।
2. ਡਿਮਾਂਡ ਡਰਾਫਟ/ਚੈੱਕ ਚੰਡੀਗੜ੍ਹ ਵਿੱਚ ਸਥਿਤ ਕਿਸੇ ਵੀ ਸੰਪਰਕ ਕੇਂਦਰ ’ਤੇ ਜਮ੍ਹਾ ਕੀਤਾ ਜਾ ਸਕਦਾ ਹੈ (ਅਜਿਹਾ ਡਿਮਾਂਡ ਡਰਾਫਟ/ਚੈੱਕ ਇਸਦੀ ਪ੍ਰਾਪਤੀ ਦੇ ਅਧੀਨ ਹੋਵੇਗਾ)।

ਚੈੱਕ/ਡਿਮਾਂਡ ਡਰਾਫਟ ਰਿਹਾਇਸ਼ੀ ਜ਼ਮੀਨਾਂ ਅਤੇ ਇਮਾਰਤਾਂ ਲਈ “ਰਿਹਾਇਸ਼ੀ ਜਾਇਦਾਦ ਟੈਕਸ ਕਮਿਸ਼ਨਰ, ਐਮ.ਸੀ. ਚੰਡੀਗੜ੍ਹ” ਦੇ ਹੱਕ ਵਿੱਚ ਅਤੇ ਵਪਾਰਕ, ਉਦਯੋਗਿਕ, ਸੰਸਥਾਗਤ, ਸਰਕਾਰੀ ਜ਼ਮੀਨਾਂ ਅਤੇ ਇਮਾਰਤਾਂ ਲਈ “ਪ੍ਰਾਪਰਟੀ ਟੈਕਸ ਕਮਿਸ਼ਨਰ, ਐਮ.ਸੀ. ਚੰਡੀਗੜ੍ਹ” ਦੇ ਹੱਕ ਵਿੱਚ ਕੱਢਿਆ ਜਾਵੇਗਾ।

**ਨੋਟ**

1. ਕੂੜਾ ਇਕੱਠਾ ਕਰਨ ਦੀ ਫੀਸ ਪੂਰੇ ਵਿੱਤੀ ਸਾਲ ਲਈ ਵਪਾਰਕ, ਉਦਯੋਗਿਕ, ਸੰਸਥਾਗਤ, ਸਰਕਾਰੀ ਜ਼ਮੀਨਾਂ ਅਤੇ ਇਮਾਰਤਾਂ ਲਈ ਜਾਇਦਾਦ ਟੈਕਸ ਦੇ ਨਾਲ ਇਕੱਠੀ ਕੀਤੀ ਜਾ ਰਹੀ ਹੈ, ਉਨ੍ਹਾਂ ਲਈ ਜਿਨ੍ਹਾਂ ਦੇ ਖਰਚੇ ਪਹਿਲਾਂ ਹੀ ਪਾਣੀ ਦੇ ਬਿੱਲ ਨਾਲ ਇਕੱਠੇ ਨਹੀਂ ਕੀਤੇ ਗਏ ਹਨ।
2. ਸਰਕਾਰੀ ਇਮਾਰਤਾਂ ’ਤੇ ਲਾਗੂ ਸੇਵਾ ਖਰਚੇ ਅਤੇ ਜਾਇਦਾਦ ਟੈਕਸ ਦੇ 75% ’ਤੇ ਭੁਗਤਾਨਯੋਗ ਹਨ।

**ਨਗਰ ਨਿਗਮ ਚੰਡੀਗੜ੍ਹ**

ਪ੍ਰਾਪਰਟੀ ਟੈਕਸ/ਸੇਵਾ ਫੀਸਾਂ ਸਬੰਧੀ ਕਿਸੇ ਵੀ ਪੁੱਛਗਿੱਛ ਲਈ ਕਿਸੇ ਵੀ ਕੰਮਕਾਜੀ ਦਿਨ ਨੂੰ ਜ਼ਮੀਨੀ ਤਲ, ਸੈਕਟਰ 17 ਚੰਡੀਗੜ੍ਹ ਵਿਖੇ ਟੈਕਸ ਸ਼ਾਖਾ, ਐਮਸੀਸੀ ਦ਼ਫਤਰ ਜਾਓ ਜਾਂ 0172-5021618 ’ਤੇ ਕਾਲ ਕਰੋ।

ਕਮਿਸ਼ਨਰ
ਨਗਰ ਨਿਗਮ
ਚੰਡੀਗੜ੍ਹ

**ਸੰਪਾਦਕੀ**

# ਕੀ ਇੱਕ ਹੋਰ ਜੰਗ ਹੋਵੇਗੀ?

ਅਮਰੀਕੀ ਮੀਡੀਆ ਆਊਟਲੈਟ ਐਕਸੀਓਸ ਦਾਅਵਾ ਕਰ ਰਿਹਾ ਹੈ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਇੱਕ ਵੱਡਾ ਸ਼ਾਂਤੀ ਸਮਝੌਤਾ ਲਗਭਗ ਅੰਤਿਮ ਰੂਪ ਲੈ ਚੁੱਕਾ ਹੈ। ਈਰਾਨ ਦੀ ਸਰਕਾਰੀ ਨਿਊਜ਼ ਏਜੰਸੀ ਵੀ ਇਹੀ ਗੱਲ ਕਹਿ ਰਹੀ ਹੈ। ਜਦੋਂ ਕਿ ਦੋਵੇਂ ਧਿਰਾਂ ਯੁੱਧ 'ਤੇ ਇੱਕ ਸਮਝੌਤੇ 'ਤੇ ਪਹੁੰਚਣ ਦੇ ਨੇੜੇ ਹਨ, 28 ਮਈ, 2026 ਨੂੰ ਈਰਾਨ ਦੇ ਸ਼ਹਿਰ ਬੰਦਰ ਅੱਬਾਸ ਵਿੱਚ ਤਿੰਨ ਸ਼ਕਤੀਸ਼ਾਲੀ ਧਮਾਕੇ ਹੋਏ। ਸਪੱਸ਼ਟ ਤੌਰ 'ਤੇ ਇਨ੍ਹਾਂ ਗੂੰਜਾਂ ਨੇ ਇੱਕ ਵਾਰ ਫਿਰ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਪ੍ਰੈਲ ਵਿੱਚ ਪਾਕਿਸਤਾਨ ਦੁਆਰਾ ਕੀਤੀ ਗਈ ਅਸਥਾਈ ਜੰਗਬੰਦੀ ਢਹਿਣ ਦੀ ਕਗਾਰ 'ਤੇ ਹੋ ਸਕਦੀ ਹੈ। ਹੋਰਮੁਜ਼ ਜਲਡਮਰੂ ਵਿੱਚ ਤਣਾਅ ਬਹੁਤ ਜ਼ਿਆਦਾ ਚੱਲ ਰਿਹਾ ਹੈ। ਸਵਾਲ ਇਹ ਨਹੀਂ ਹੈ ਕਿ ਕੀ ਜੰਗ ਹੋਵੇਗੀ, ਪਰ ਕੀ ਦੁਨੀਆ ਦੁਬਾਰਾ ਇੱਕ ਪੂਰੇ ਪੈਮਾਨੇ ਦੀ ਜੰਗ ਦਾ ਸਾਹਮਣਾ ਕਰਨ ਲਈ ਤਿਆਰ ਹੈ। ਫਰਵਰੀ 2026 ਵਿੱਚ ਸ਼ੁਰੂ ਹੋਈ ਅਮਰੀਕਾ-ਇਜ਼ਰਾਈਲ ਬਨਾਮ ਈਰਾਨ ਜੰਗ ਨੇ ਮੱਧ ਪੂਰਬ ਨੂੰ ਹਿਲਾ ਕੇ ਰੱਖ ਦਿੱਤਾ। ਆਪ੍ਰੇਸ਼ਨ ਐਪਿਕ ਫਿਊਰੀ ਦੇ ਤਹਿਤ ਸੈਂਕੜੇ ਹਮਲਿਆਂ ਵਿੱਚ ਈਰਾਨ ਦੇ ਸੁਪਰੀਮ ਲੀਡਰ ਅਲੀ ਖਮੇਨੀ ਸਮੇਤ ਕਈ ਚੋਟੀ ਦੇ ਨੇਤਾ ਮਾਰੇ ਗਏ। ਈਰਾਨ ਨੇ ਮਿਜ਼ਾਈਲਾਂ ਅਤੇ ਡਰੋਨਾਂ ਦੇ ਹਮਲੇ ਨਾਲ ਜਵਾਬੀ ਕਾਰਵਾਈ ਕੀਤੀ, ਜਿਸ ਨਾਲ ਇਜ਼ਰਾਈਲ, ਲੇਬਨਾਨ, ਖਾੜੀ ਦੇਸ਼ਾਂ ਅਤੇ ਅਮਰੀਕੀ ਠਿਕਾਣਿਆਂ ਨੂੰ ਭਾਰੀ ਨੁਕਸਾਨ ਪਹੁੰਚਿਆ। ਹਜ਼ਾਰਾਂ ਮੌਤਾਂ, ਲੱਖਾਂ ਲੋਕ ਬੇਘਰ ਹੋਏ ਅਤੇ ਤੇਲ ਸੰਕਟ ਨੇ ਵਿਸ਼ਵ ਅਰਥਵਿਵਸਥਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅਪ੍ਰੈਲ ਵਿੱਚ ਇੱਕ ਜੰਗਬੰਦੀ ਹੋਈ। ਹਾਲਾਂਕਿ, ਹੋਰਮੁਜ਼ ਦੀ ਜਲਡਮਰੂ ਜਿਸ ਵਿੱਚੋਂ ਦੁਨੀਆ ਦੇ 20 ਪ੍ਰਤੀਸ਼ਤ ਤੇਲ ਵਹਿੰਦਾ ਹੈ, ਵਿਵਾਦ ਦੇ ਕੇਂਦਰ ਵਿੱਚ ਬਣਿਆ ਹੋਇਆ ਹੈ। ਈਰਾਨ ਇਸਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਦੋਂ ਕਿ ਅਮਰੀਕਾ ਇਸਨੂੰ ਇੱਕ ਅੰਤਰਰਾਸ਼ਟਰੀ ਜਲ ਮਾਰਗ ਵਜੋਂ ਬਣਾਈ ਰੱਖਣਾ ਚਾਹੁੰਦਾ ਹੈ। ਟਰੰਪ ਪ੍ਰਸ਼ਾਸਨ ਦੀ ਵੱਧ ਤੋਂ ਵੱਧ ਦਬਾਅ ਨੀਤੀ ਸਪੱਸ਼ਟ ਹੈ। ਹਾਲ ਹੀ ਦੇ ਹਮਲਿਆਂ ਵਿੱਚ, ਅਮਰੀਕਾ ਨੇ ਮਿਜ਼ਾਈਲ ਲਾਂਚ ਸਾਈਟਾਂ ਅਤੇ ਮਾਈਨ-ਲੇਇੰਗ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਇਆ। ਅਮਰੀਕਾ ਨੇ ਇਸਨੂੰ ਸਵੈ-ਰੱਖਿਆ ਵਜੋਂ ਦਰਸਾਇਆ, ਪਰ ਈਰਾਨ ਇਸਨੂੰ ਜੰਗਬੰਦੀ ਦੀ ਉਲੰਘਣਾ ਮੰਨਦਾ ਹੈ। ਈਰਾਨੀ ਮੀਡੀਆ ਅਤੇ ਆਈਆਰਜੀਸੀ ਨੇ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਜਦੋਂ ਕਿ ਵਿਚੋਲਗੀ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ, ਟਰੰਪ ਦੇ ਬਿਆਨ ਸੁਝਾਅ ਦਿੰਦੇ ਹਨ ਕਿ ਜੰਗ ਅਟੱਲ ਹੈ। ਟਰੰਪ ਨੇ ਕੈਬਨਿਟ ਮੀਟਿੰਗ ਵਿੱਚ ਕਿਹਾ, ਜਾਂ ਤਾਂ ਸਾਡੀਆਂ ਸ਼ਰਤਾਂ 'ਤੇ ਸਮਝੌਤਾ ਕਰੋ ਜਾਂ ਅਸੀਂ ਕੰਮ ਪੂਰਾ ਕਰ ਲਵਾਂਗੇ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸ਼ਾਂਤੀ ਦਾ ਰਸਤਾ ਮੁਸ਼ਕਲ ਹੈ। ਸਵਾਲ ਇਹ ਹੈ ਕਿ, ਖਤਮ ਹੋਣ ਦੀ ਬਜਾਏ, ਜੰਗ ਇੱਕ ਵਾਰ ਫਿਰ ਕਿਉਂ ਵਧਦੀ ਜਾ ਰਹੀ ਹੈ? ਦਰਅਸਲ, ਹੋਰਮੁਜ਼ ਨੂੰ ਕੰਟਰੋਲ ਕਰਨ ਦਾ ਮਤਲਬ ਹੈ ਵਿਸ਼ਵ ਊਰਜਾ ਸੁਰੱਖਿਆ ਨੂੰ ਆਪਣੇ ਕਬਜ਼ੇ ਵਿੱਚ ਲੈਣਾ। ਤੇਲ ਦੀਆਂ ਕੀਮਤਾਂ ਪਹਿਲਾਂ ਹੀ ਵਧ ਚੁੱਕੀਆਂ ਹਨ ਅਤੇ ਏਸ਼ੀਆ ਵਿੱਚ ਬਾਲਣ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਦੂਜਾ, ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਅਤੇ ਪ੍ਰੌਕਸੀ ਨੈੱਟਵਰਕ (ਹਿਜ਼ਬੁੱਲਾ, ਹੌਥੀ, ਆਦਿ) ਨੂੰ ਖਤਮ ਕੀਤੇ ਬਿਨਾਂ, ਅਮਰੀਕਾ ਅਤੇ ਇਜ਼ਰਾਈਲ ਲਈ ਯੁੱਧ ਤੋਂ ਪਿੱਛੇ ਹਟਣਾ ਵਿਅਰਥ ਹੋਵੇਗਾ। ਆਖ਼ਰਕਾਰ, ਟਰੰਪ ਅਤੇ ਨੇਤਨਯਾਹੂ ਨੂੰ ਵੀ ਅਮਰੀਕਾ ਅਤੇ ਇਜ਼ਰਾਈਲ ਵਿੱਚ ਸਾਹਮਣਾ ਕਰਨਾ ਪਵੇਗਾ। ਅਮਰੀਕਾ ਲਈ ਇੱਕ ਵੱਡੀ ਚਿੰਤਾ ਸ਼ਕਤੀ ਦਾ ਵਿਸ਼ਵ ਸੰਤੁਲਨ ਹੈ। ਚੀਨ ਅਤੇ ਰੂਸ ਖੁੱਲ੍ਹ ਕੇ ਈਰਾਨ ਦਾ ਸਮਰਥਨ ਕਰ ਰਹੇ ਹਨ। ਅਮਰੀਕਾ ਅੰਤਰਰਾਸ਼ਟਰੀ ਪੱਧਰ 'ਤੇ ਆਪਣਾ ਦਬਦਬਾ ਬਣਾਈ ਰੱਖਣਾ ਚਾਹੁੰਦਾ ਹੈ। ਹੁਣ, ਸਵਾਲ ਇਹ ਹੈ: ਜੇਕਰ ਜੰਗਬੰਦੀ ਟੁੱਟ ਜਾਂਦੀ ਹੈ ਤਾਂ ਕੀ ਹੋਵੇਗਾ? ਕਿਉਂਕਿ ਹੁਣ ਇਹ ਯਕੀਨੀ ਹੋ ਗਿਆ ਹੈ ਕਿ ਪੂਰੇ ਪੈਮਾਨੇ 'ਤੇ ਯੁੱਧ ਦੀ ਸੰਭਾਵਨਾ ਵੱਧ ਰਹੀ ਹੈ। ਈਰਾਨ ਕੋਲ ਅਜੇ ਵੀ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨ ਹਨ। ਹੋਰਮੁਜ਼ ਨੂੰ ਰੋਕਣ ਨਾਲ ਵਿਸ਼ਵ ਅਰਥਵਿਵਸਥਾ ਠੱਪ ਹੋ ਸਕਦੀ ਹੈ। ਭਾਰਤ ਵਰਗੇ ਆਯਾਤ ਕਰਨ ਵਾਲੇ ਦੇਸ਼ਾਂ ਨੂੰ ਗੰਭੀਰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਹਿੰਗਾਈ ਵਧੇਗੀ, ਸਪਲਾਈ ਚੇਨਾਂ ਵਿੱਚ ਵਿਘਨ ਪਵੇਗਾ। ਖੇਤਰੀ ਯੁੱਧ ਲੇਬਨਾਨ, ਯਮਨ ਅਤੇ ਸੀਰੀਆ ਤੱਕ ਫੈਲ ਸਕਦੇ ਹਨ। ਹਾਲਾਂਕਿ ਪ੍ਰਮਾਣੂ ਖ਼ਤਰਾ ਤੁਰੰਤ ਸਪੱਸ਼ਟ ਨਹੀਂ ਹੈ, ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਮਰੀਕਾ ਪਹਿਲਾਂ ਹੀ 39 ਜਹਾਜ਼ ਗੁਆ ਚੁੱਕਾ ਹੈ ਅਤੇ ਈਰਾਨ ਦੇ ਬੁਨਿਆਦੀ ਢਾਂਚੇ ਨੂੰ ਕਾਫ਼ੀ ਨੁਕਸਾਨ ਹੋਇਆ ਹੈ। ਦੋਵੇਂ ਧਿਰਾਂ ਥੱਕ ਗਈਆਂ ਹਨ, ਪਰ ਅਮਰੀਕਾ ਆਪਣੀ ਸ਼ਰਮਿੰਦਗੀ ਨੂੰ ਬਚਾਉਣ ਲਈ ਕੁਝ ਵੀ ਕਰੇਗਾ।

**-ਜਗਜੀਤ ਸਿੰਘ ਦਰਦੀ**

ਪੰਜਾਬ ਵਿੱਚ ਨਗਰ ਨਿਗਮ ਤੇ ਨਗਰ ਪੰਚਾਇਤ ਚੋਣਾਂ

# ਕੀ ਇਹ ਲੋਕ ਫਤਵਾ 2027 ਦੀਆਂ ਚੋਣਾਂ ਦੇ ਰਾਜਨੀਤਕ ਸਮੀਕਰਨ ਬਦਲੇਗਾ ?



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਜੋ ਪੰਜਾਬ ਨਗਰ ਨਿਗਮ ਤੇ ਨਗਰ ਪੰਚਾਇਤਾਂ ਦੇ ਨਤੀਜੇ ਆਏ ਹਨ, ਉਸਨੇ ਪੰਜਾਬ ਦੇ ਰਾਜਨੀਤਿਕ ਸਮੀਕਰਨਾਂ 'ਤੇ ਇੱਕ ਵਾਰ ਫਿਰ ਚਰਚਾ ਛੇੜੀ ਹੈ । ਵਿਰੋਧੀ ਪਾਰਟੀਆਂ ਨੇ ਇਸਨੂੰ ਲੋਕਤੰਤਰ ਦੀ ਤੇ ਸਰਕਾਰ ਦੀ ਧੱਕੇਸ਼ਾਹੀ ਦੀ ਲੁੱਟ ਕਿਹਾ ਹੈ ਜਦੋਂ ਕਿ ਆਪ ਨੇ ਈਡੀ ਪਾਰਟੀ ਅਤੇ ਵਿਰੋਧੀ ਧਿਰ ਨੂੰ ਨਿਸ਼ਾਨੇ' ਤੇ ਲੈਂਦਿਆਂ ਕਿਹਾ ਹੈ ਕਿ ਪੰਜਾਬ ਦੇ ਲੋਕ ਸਾਡੇ ਨਾਲ ਹਨ ।

ਅੱਜ ਕੀ ਇਹ ਫ਼ਤਵਾ ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬ ਦੇ ਰਾਜਨੀਤਿਕ ਸਮੀਕਰਨ ਬਦਲੇਗਾ । ਅੱਜ ਇਹ ਸਵਾਲ ਹੁਣ ਸਭ ਦੇ ਸਾਹਮਣੇ ਹੈ। ਵਿਰੋਧੀ ਧਿਰ ਨੇ ਇਸਨੂੰ ਲੋਕਤੰਤਰ ਦੀ ਤੇ ਵੋਟਰਾਂ ਦੀ ਲੁੱਟ ਕਿਹਾ ਹੈ ਜਦਕਿ ਮੁੱਖ ਮੰਤਰੀ ਭਾਜਪਾ ਕਾਂਗਰਸ ਤੇ ਅਕਾਲੀ ਦਲ ਨੂੰ ਕੋਸ ਰਹੇ ਹਨ ਹੁਣ ਦੇਖਣਾ ਇਹ ਹੈ ਕਿ ਕੀ ਇਹ ਸੱਚਮੁੱਚ ਲੋਕਾਂ ਦਾ ਫਤਵਾ ਜਾਂ ਰਾਜਨੀਤੀ ਦਾ ਨਵਾਂ ਸਮੀਕਰਣ ਹੈ ? ਪੰਜਾਬ ਦੀ ਰਾਜਨੀਤੀ ਵਿੱਚ ਨਗਰ ਨਿਗਮ ਅਤੇ ਨਗਰ ਪੰਚਾਇਤ ਚੋਣਾਂ ਹਮੇਸ਼ਾ ਤੋਂ ਇੱਕ ਮਹੱਤਵਪੂਰਨ ਘਟਨਾ ਰਹੀਆਂ ਹਨ। ਇਹ ਚੋਣਾਂ ਨਾ ਸਿਰਫ਼ ਸਥਾਨਕ ਸਵਾਲਾਂ ਨੂੰ ਹੱਲ ਕਰਨ ਵਾਲੀਆਂ ਹੁੰਦੀਆਂ ਹਨ ਬਲਕਿ ਇਹ ਰਾਜ ਵਿਧਾਨ ਸਭਾ ਚੋਣਾਂ ਲਈ ਇੱਕ ਅਰਧ-ਫਾਈਨਲ ਵਜੋਂ ਵੀ ਜਾਣੀਆਂ ਜਾਂਦੀਆਂ ਹਨ। ਮਈ 2026 ਵਿੱਚ ਹੋਈਆਂ ਇਹਨਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ (ਆਪ) ਨੇ ਵੱਡੀਆਂ ਜਿੱਤਾਂ ਹਾਸਲ ਕੀਤੀਆਂ ਹਨ, ਜਿਸ ਨੇ ਵਿਰੋਧੀ ਧਿਰਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪ੍ਰੈੱਸ ਕਾਨਫਰੰਸ ਵਿੱਚ ਇਸ ਨੂੰ ਲੋਕਾਂ ਦਾ 90 ਫੀਸਦੀ ਤੋਂ ਵੱਧ ਫਤਵਾ ਦੱਸਿਆ ਹੈ, ਜਦਕਿ ਵਿਰੋਧੀ ਪਾਰਟੀਆਂ ਇਸ ਨੂੰ ਲੁੱਟ, ਧਮਕੀਆਂ ਅਤੇ ਪੁਲਿਸ ਰਾਜ ਦਾ ਨਤੀਜਾ ਬਿਆਨ ਕਰ ਰਹੀਆਂ ਹਨ। ਅੱਜ ਇਹਨਾਂ ਚੋਣਾਂ ਦੇ ਨਤੀਜਿਆਂ, ਵਿਰੋਧੀਆਂ ਦੀਆਂ ਦਲੀਲਾਂ, 2027 ਦੀਆਂ ਵਿਧਾਨ ਸਭਾ ਚੋਣਾਂ ਉੱਤੇ ਉਹਨਾਂ ਦੇ ਪ੍ਰਭਾਵ ਅਤੇ ਨਵੀਆਂ ਰਾਜਨੀਤਿਕ ਸਮੀਕਰਨਾਂ ਉੱਤੇ ਵਿਸਥਾਰ ਨਾਲ ਚਰਚਾ ਕਰਦਿਆਂ ਚੋਣਾਂ ਦਾ ਪਿਛੋਕੜ ਅਤੇ ਨਤੀਜਿਆਂ ਨੂੰ ਵੇਖੀਏ ਤਾਂ ਪੰਜਾਬ ਵਿੱਚ 8 ਨਗਰ ਨਿਗਮਾਂ, 75 ਨਗਰ ਪਰਿਸ਼ਦਾਂ ਅਤੇ 19-21 ਨਗਰ ਪੰਚਾਇਤਾਂ ਲਈ ਚੋਣਾਂ ਹੋਈਆਂ। ਵੋਟਿੰਗ 26 ਮਈ ਨੂੰ ਹੋਈ ਅਤੇ ਵੋਟਰ ਟਰਨਆਊਟ ਲਗਭਗ 64 ਫੀਸਦ ਰਿਹਾ। ਬੈਲਟ ਪੇਪਰ ਰਾਹੀਂ ਵੋਟਿੰਗ ਹੋਣ ਕਾਰਨ ਕੁਝ ਥਾਵਾਂ ਉੱਤੇ ਧਾਂਦਲੀ ਦੀਆਂ ਸ਼ਿਕਾਇਤਾਂ ਵੀ ਆਈਆਂ। ਨਤੀਜਿਆਂ ਅਨੁਸਾਰ ਆਪ ਨੇ 500 ਤੋਂ ਵੱਧ ਵਾਰਡਾਂ ਵਿੱਚ ਜਿੱਤ ਹਾਸਲ ਕੀਤੀ, ਕਾਂਗਰਸ ਦੂਜੇ ਸਥਾਨ ਉੱਤੇ ਰਹੀ ਅਤੇ ਅਕਾਲੀ ਦਲ ਤੀਜੇ। ਭਾਜਪਾ ਨੇ ਵੀ ਕੁਝ ਥਾਵਾਂ ਉੱਤੇ ਚੰਗਾ ਪ੍ਰਦਰਸ਼ਨ ਕੀਤਾ, ਖਾਸ ਕਰਕੇ ਉੱਤਰੀ ਖੇਤਰਾਂ ਵਿੱਚ।

ਇਹਨਾਂ ਵਿੱਚ ਇਸ ਤਰ੍ਹਾਂ ਇੰਕਮਬੈਂਸੀ ਫੈਕਟਰ ਆਪ ਦੇ ਹੱਕ ਵਿੱਚ ਰਿਹਾ ਹੈ ਪਰ ਇਹ ਜਿੱਤ ਇੱਕ-ਪਾਸੜ ਨਹੀਂ ਸੀ। ਕਈ ਥਾਵਾਂ ਉੱਤੇ ਆਜ਼ਾਦ ਉਮੀਦਵਾਰਾਂ ਅਤੇ ਵਿਰੋਧੀਆਂ ਨੇ ਵੀ ਚੰਗਾ ਮੁਕਾਬਲਾ ਕੀਤਾ। ਇਹ ਨਤੀਜੇ 2022 ਵਿਧਾਨ ਸਭਾ ਚੋਣਾਂ ਦੀ ਆਪ ਦੀ ਵੱਡੀ ਜਿੱਤ ਨੂੰ ਮਜ਼ਬੂਤ ਕਰਦੇ ਹਨ, ਪਰ ਉਹਨਾਂ ਵਿੱਚ ਚੇਤਾਵਨੀਆਂ ਵੀ ਹਨ। ਲੋਕਾਂ ਨੇ ਸਥਾਨਕ ਮੁੱਦਿਆਂ ਗਲੀਆਂ, ਨਾਲੀਆਂ, ਪਾਣੀ, ਬਿਜਲੀ ਅਤੇ ਸਫਾਈ - ਉੱਤੇ ਵੋਟ ਪਾਈ ਹੈ। ਆਪ ਸਰਕਾਰ ਦੀਆਂ ਯੋਜਨਾਵਾਂ ਜਿਵੇਂ ਮੁਫਤ ਬਿਜਲੀ, ਨੌਕਰੀਆਂ ਅਤੇ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਨੇ ਫਿਰ ਤੋਂ ਅਸਰ ਦਿਖਾਇਆ। ਵਿਰੋਧੀਆਂ ਦਾ ਵਿਰੋਧ ਅਤੇ ਉਹਨਾਂ ਦੀਆਂ ਦਲੀਲਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੇ ਇਹਨਾਂ ਚੋਣਾਂ ਨੂੰ "ਲੁੱਟ" ਅਤੇ "ਪੁਲਸ ਰਾਜ" ਦਾ ਨਤੀਜਾ ਦੱਸਿਆ ਹੈ। ਉਹਨਾਂ ਨੇ ਧਾਂਦਲੀ, ਬੋਗਸ ਵੋਟਿੰਗ, ਧਮਕੀਆਂ ਅਤੇ ਪ੍ਰਸ਼ਾਸਨਿਕ ਦਖ਼ਲਅੰਦਾਜ਼ੀ ਦੇ ਇਲਜ਼ਾਮ ਲਗਾਏ ਹਨ ਖਾਸ ਕਰਕੇ ਮਜੀਠਾ ਅਤੇ ਗਿੱਦੜਬਾਹਾ ਵਰਗੀਆਂ ਥਾਵਾਂ ਉੱਤੇ ਇਹ ਇਲਜ਼ਾਮ ਤੇਜ਼ ਰਹੇ। ਅੱਜ ਇਹ ਵਿਰੋਧ ਰਾਜਨੀਤਿਕ ਤੌਰ ਉੱਤੇ ਸਮਝਣਯੋਗ ਹੈ। ਵਿਰੋਧੀ ਧਿਰ ਲਈ ਇੱਕ ਵੱਡੀ ਹਾਰ ਉਹਨਾਂ ਦੀਆਂ ਤਿਆਰੀਆਂ ਨੂੰ ਝਟਕਾ ਦਿੰਦੀ ਹੈ। ਕਾਂਗਰਸ, ਜੋ ਲੋਕ ਸਭਾ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰ ਚੁੱਕੀ ਹੈ, ਆਪਣੇ ਆਪ ਨੂੰ ਮੁੱਖ ਵਿਰੋਧੀ ਵਜੋਂ ਸਥਾਪਿਤ ਕਰਨਾ ਚਾਹੁੰਦੀ ਹੈ। ਅਕਾਲੀ ਦਲ ਆਪਣੀ ਪੁਰਾਣੀ ਤਾਕਤ ਵਾਪਸ ਲੈਣ ਲਈ ਸੰਘਰਸ਼ ਕਰ ਰਿਹਾ ਹੈ, ਜਦਕਿ ਭਾਜਪਾ ਪੰਜਾਬ ਵਿੱਚ ਆਪਣੀ ਖੁਦ ਦੀ ਵੋਟ ਬੈਂਕ ਬਣਾਉਣ ਲਈ ਯਤਨਸ਼ੀਲ ਹੈ।

ਅੱਜ ਇਹਨਾਂ ਇਲਜ਼ਾਮਾਂ ਨੂੰ ਤੱਥਾਂ ਨਾਲ ਜਾਂਚਣਾ ਲਾਜ਼ਮੀ ਹੈ। ਭਾਰਤੀ ਚੋਣ ਕਮਿਸ਼ਨ ਅਤੇ ਰਾਜ ਚੋਣ ਕਮਿਸ਼ਨ ਵੱਲੋਂ ਨਿਗਰਾਨੀ ਹੇਠ ਚੋਣਾਂ ਹੋਈਆਂ ਹਨ। ਜੇ ਧਾਂਦਲੀ ਹੋਈ ਤਾਂ ਉਸ ਲਈ ਕਾਨੂੰਨੀ ਰਾਹ ਮੌਜੂਦ ਹਨ। ਇਲਜ਼ਾਮ ਲਗਾਉਣਾ ਆਸਾਨ ਹੈ, ਪਰ ਸਬੂਤ ਦੇਣਾ ਔਖਾ। ਲੋਕਾਂ ਨੇ ਆਪਣੀ ਇੱਛਾ ਨਾਲ ਵੋਟ ਪਾਈ ਹੈ ਅਤੇ ਉਹਨਾਂ ਨੇ ਆਪ ਨੂੰ ਤਰਜੀਹ ਦਿੱਤੀ ਹੈ। ਇਸ ਨੂੰ ਸਿਰਫ਼ "ਲੁੱਟ" ਕਹਿਣ ਨਾਲ ਲੋਕਾਂ ਦੀ ਬੁੱਧੀ ਉੱਤੇ ਸਵਾਲ ਉੱਠਦਾ ਹੈ। ਫਿਰ ਵੀ, ਚੋਣਾਂ ਵਿੱਚ ਪਾਰਦਰਸ਼ਤਾ ਲਈ ਬਿਹਤਰ ਵਿਵਸਥਾ ਦੀ ਲੋੜ ਹੈ। ਬੈਲਟ ਪੇਪਰ ਉੱਤੇ ਵੋਟਿੰਗ ਨਾਲ ਈ-ਵੀਐੱਮ ਤੋਂ ਬਚਾਅ ਤਾਂ ਹੋਇਆ, ਪਰ ਇਸ ਨਾਲ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਆਈਆਂ ਹਨ।

**ਅੱਜ 2027 ਵਿਧਾਨ ਸਭਾ ਚੋਣਾਂ ਉੱਤੇ ਪ੍ਰਭਾਵ ਅਧੀਨ:** 2027 ਦੀਆਂ ਚੋਣਾਂ ਮੁੱਖ ਚੋਣ ਕਮਿਸ਼ਨ ਭਾਰਤ ਸਰਕਾਰ ਦੇ ਅਧੀਨ ਹੋਣਗੀਆਂ। ਇਸ ਲਈ ਆਪ ਸਰਕਾਰ ਦੀ "ਸਰਪ੍ਰਸਤੀ" ਵਾਲੀ ਚਰਚਾ ਉੱਥੇ ਘੱਟ ਪ੍ਰਭਾਵੀ ਹੋਵੇਗੀ। ਇਹ ਚੋਣਾਂ ਇੱਕ ਟੈਸਟ ਕੇਸ ਹਨ। ਆਪ ਲਈ ਇਹ ਇੰਕਮਬੈਂਸੀ ਨੂੰ ਮਜ਼ਬੂਤ ਕਰਨ ਵਾਲਾ ਹੈ, ਪਰ ਐਂਟੀ-ਇੰਕਮਬੈਂਸੀ ਵੀ ਉਭਰ ਰਹੀ ਹੈ। ਨੌਜਵਾਨਾਂ ਵਿੱਚ ਬੇਰੁਜ਼ਗਾਰੀ, ਡਰੱਗਾਂ ਅਤੇ ਖੇਤੀ ਸੰਕਟ ਉੱਤੇ ਅਸੰਤੋਸ਼ ਵਧ ਰਿਹਾ ਹੈ। ਵਿਰੋਧੀਆਂ ਲਈ ਇਹ ਮੌਕਾ ਹੈ ਆਪਣੀਆਂ ਰਣਨੀਤੀਆਂ ਬਦਲਣ ਦਾ। ਕਾਂਗਰਸ ਨੂੰ ਆਪਣੀ ਅੰਦਰੂਨੀ ਏਕਤਾ ਬਣਾਉਣੀ ਪਵੇਗੀ। ਅਕਾਲੀ ਦਲ ਨੂੰ ਆਪਣੀ ਪੁਰਾਣੀ ਬੀਜ ਬੈਂਕ - ਖਾਸ ਕਰਕੇ ਗ੍ਰਾਮੀਣ ਅਤੇ ਜੱਟ ਸਿੱਖ ਵੋਟ - ਵਾਪਸ ਲੈਣੀ ਪਵੇਗੀ। ਭਾਜਪਾ ਲਈ ਇਹ ਅਰਬਨ ਖੇਤਰਾਂ ਵਿੱਚ ਆਪਣੀ ਹਾਜ਼ਰੀ ਵਧਾਉਣ ਦਾ ਮੌਕਾ ਹੈ। ਉਹ ਹੁਣ ਇੱਕਲੀ ਲੜਨ ਲਈ ਤਿਆਰ ਹੈ ਅਤੇ ਕੇਂਦਰੀ ਲੀਡਰਸ਼ਿਪ ਉੱਤੇ ਭਰੋਸਾ ਰੱਖਦੀ ਹੈ।

ਅੱਜ ਇਹਨਾਂ ਚੋਣਾਂ ਤੋਂ ਇੱਕ ਗੱਲ ਸਾਫ਼ ਹੈ ਕਿ ਚਾਰ-ਧਿਰੀ ਲੜਾਈ ਬਣ ਰਹੀ ਹੈ। ਇਸ ਨਾਲ ਵੋਟ ਵੰਡ ਦਾ ਖ਼ਤਰਾ ਹੈ ਅਤੇ ਕੋਈ ਵੀ ਪਾਰਟੀ ਆਸਾਨੀ ਨਾਲ ਬਹੁਮਤ ਹਾਸਲ ਨਹੀਂ ਕਰ ਸਕਦੀ। ਗਠਜੋੜਾਂ ਦੀ ਸੰਭਾਵਨਾ ਵੱਧ ਰਹੀ ਹੈ, ਖਾਸ ਕਰਕੇ ਅਕਾਲੀ-ਭਾਜਪਾ ਵਿਚ।

ਅੱਜ ਨਵੇਂ ਰਾਜਨੀਤਿਕ ਸਮੀਕਰਨ ਅਤੇ ਪਾਰਟੀਆਂ ਦੀਆਂ ਭੂਮਿਕਾਵਾਂ ਵਿੱਚ ਆਪ ਇਸ ਜਿੱਤ ਨਾਲ ਆਪ ਆਪਣੀਆਂ ਯੋਜਨਾਵਾਂ ਨੂੰ ਤੇਜ਼ ਕਰ ਸਕਦੀ ਹੈ। ਉਹਨਾਂ ਨੂੰ ਭ੍ਰਿਸ਼ਟਾਚਾਰ ਵਿਰੋਧੀ ਲਹਿਰ, ਸਿਹਤ ਅਤੇ ਐਜੂਕੇਸ਼ਨ ਉੱਤੇ ਧਿਆਨ ਦੇਣਾ ਚਾਹੀਦਾ ਹੈ ਪਰ ਉਹਨਾਂ ਨੂੰ ਘਮੰਡ ਤੋਂ ਬਚਣਾ ਚਾਹੀਦਾ ਹੈ। ਲੋਕ ਆਉਣ ਵਾਲੇ ਸਮੇਂ ਵਿੱਚ ਪ੍ਰਦਰਸ਼ਨ ਵੇਖਣਗੇ।

ਕਾਂਗਰਸ ਲਈ ਇਹ ਪਾਰਟੀ ਆਪਣੇ ਆਪ ਨੂੰ ਮੁੜ ਸੰਗਠਿਤ ਕਰਨ ਲਈ ਇਸ ਹਾਰ ਤੋਂ ਸਬਕ ਲੈ ਸਕਦੀ ਹੈ। ਉਹਨਾਂ ਨੂੰ ਯੁਵਾ ਲੀਡਰਸ਼ਿਪ ਅਤੇ ਖੇਤੀ ਮੁੱਦਿਆਂ ਉੱਤੇ ਫੋਕਸ ਕਰਨਾ ਚਾਹੀਦਾ ਹੈ। ਅਕਾਲੀ ਦਲ: ਇਸ ਪਾਰਟੀ ਲਈ ਇਹ ਬਚਾਅ ਦੀ ਲੜਾਈ ਹੈ। ਉਹਨਾਂ ਨੂੰ ਪੰਥਕ ਮੁੱਦਿਆਂ ਅਤੇ ਗ੍ਰਾਮੀਣ ਵੋਟ ਉੱਤੇ ਧਿਆਨ ਦੇਣਾ ਪਵੇਗਾ। ਅੰਦਰੂਨੀ ਫੁੱਟ ਉਹਨਾਂ ਲਈ ਵੱਡੀ ਰੁਕਾਵਟ ਹੈ।

ਅੱਜ ਭਾਜਪਾ ਪੰਜਾਬ ਵਿੱਚ ਇੱਕ ਨਵੀਂ ਧਿਰ ਵਜੋਂ ਉਭਰ ਹੀ ਹੈ। ਅਰਬਨ ਵੋਟ ਅਤੇ ਹਿੰਦੂ ਵੋਟ ਉੱਤੇ ਉਹਨਾਂ ਦਾ ਕਬਜ਼ਾ ਵੱਧ ਰਿਹਾ ਹੈ। ਕੇਂਦਰੀ ਯੋਜਨਾਵਾਂ ਅਤੇ ਮੋਦੀ ਫੈਕਟਰ ਉਹਨਾਂ ਲਈ ਤਾਕਤ ਹਨ। ਉਹ ਆਪਣੀਆਂ ਰਣਨੀਤੀਆਂ ਨੂੰ ਹੋਰ ਤੀਬਰ ਕਰ ਸਕਦੀ ਹੈ। ਇਹ ਚੋਣਾਂ ਨਵੀਆਂ ਸਮੀਕਰਨਾਂ ਬਣਾਉਣਗੀਆਂ। ਗਠਜੋੜ, ਵੋਟ ਟਰਾਂਸਫਰ ਅਤੇ ਖੇਤਰੀ ਲੀਡਰਸ਼ਿਪ ਭਵਿੱਖ ਤੈਅ ਕਰਨਗੇ। ਪੰਜਾਬ ਦੀ ਰਾਜਨੀਤੀ ਵਿੱਚ ਧਰਮ, ਜਾਤ ਅਤੇ ਖੇਤਰੀ ਸਮੀਕਰਨ ਹਮੇਸ਼ਾ ਮਹੱਤਵਪੂਰਨ ਰਹੇ ਹਨ। ਇਸ ਵਾਰ ਵੀ ਉਹਨਾਂ ਦਾ ਅਸਰ ਵੇਖਣ ਨੂੰ ਮਿਲੇਗਾ। ਚੁਣੌਤੀਆਂ ਅਤੇ ਭਵਿੱਖੀ ਰਾਹ ਪੰਜਾਬ ਲਈ ਵੱਡੀਆਂ ਚੁਣੌਤੀਆਂ ਹਨ - ਆਰਥਿਕ ਮੰਦੀ, ਬੇਰੁਜ਼ਗਾਰੀ, ਡਰੱਗ ਮਾਫੀਆ ਅਤੇ ਖੇਤੀ ਸੰਕਟ। ਚੋਣਾਂ ਇਹਨਾਂ ਮੁੱਦਿਆਂ ਉੱਤੇ ਧਿਆਨ ਖਿੱਚਣਗੀਆਂ।

ਅੱਜ ਆਪ ਸਰਕਾਰ ਨੂੰ ਡਲਿਵਰੀ ਉੱਤੇ ਫੋਕਸ ਕਰਨਾ ਪਵੇਗਾ। ਵਿਰੋਧੀਆਂ ਨੂੰ ਇੱਕਜੁੱਟ ਹੋ ਕੇ ਲੋਕਾਂ ਦੀਆਂ ਸਮੱਸਿਆਵਾਂ ਉੱਤੇ ਲੜਨਾ ਚਾਹੀਦਾ ਹੈ। ਪਾਰਦਰਸ਼ੀ ਚੋਣਾਂ ਲਈ ਈ-ਵੀਐੱਮ ਵੱਲ ਵਾਪਸੀ ਅਤੇ ਬਿਹਤਰ ਨਿਗਰਾਨੀ ਲਾਜ਼ਮੀ ਹੈ। ਰਾਜਨੀਤੀ ਨੂੰ ਵਿਕਾਸ ਉੱਤੇ ਲਿਆਉਣਾ ਚਾਹੀਦਾ ਹੈ ਨਾ ਕਿ ਸਿਰਫ਼ ਇਲਜ਼ਾਮ ਲਗਾਉਣ ਉੱਤੇ। ਪੰਜਾਬ ਦਾ ਭਵਿੱਖ ਇਸ ਉੱਤੇ ਨਿਰਭਰ ਕਰਦਾ ਹੈ ਕਿ ਲੀਡਰ ਲੋਕਾਂ ਦੀਆਂ ਉਮੀਦਾਂ ਨੂੰ ਕਿਵੇਂ ਪੂਰਾ ਕਰਦੇ ਹਨ। ਅੱਜ ਇਹ ਚੋਣਾਂ ਇੱਕ ਸਬਕ ਹਨ ਕਿ ਲੋਕ ਤਬਦੀਲੀ ਚਾਹੁੰਦੇ ਹਨ ਅਤੇ ਉਹਨਾਂ ਨੂੰ ਲਗਾਤਾਰ ਪ੍ਰਦਰਸ਼ਨ ਚਾਹੀਦਾ ਹੈ। ਇਹ ਨਗਰ ਨਿਗਮ ਚੋਣਾਂ ਨਵੇਂ ਰਾਜਨੀਤਿਕ ਸਮੀਕਰਨ ਤਾਂ ਬਣਾਉਣਗੀਆਂ ਪਰ ਉਹਨਾਂ ਦੀ ਸਫਲਤਾ ਲੋਕਾਂ ਦੀ ਭਲਾਈ ਉੱਤੇ ਨਿਰਭਰ ਕਰੇਗੀ। ਅੱਜ ਪੰਜਾਬ ਇੱਕ ਮਜ਼ਬੂਤ, ਸਮਾਜਿਕ ਤੌਰ ਉੱਤੇ ਏਕਤਾ ਵਾਲਾ ਅਤੇ ਆਰਥਿਕ ਤੌਰ ਉੱਤੇ ਖੁਸ਼ਹਾਲ ਰਾਜ ਬਣੇ, ਇਹੀ ਆਸ ਰੱਖਣੀ ਚਾਹੀਦੀ ਹੈ।

ਡਾਕਟਰ ਰੈਚੇਲ ਕਾਰਸਨ

# ਕੁਦਰਤ ਦੀ ਰੱਖਿਆ ਲਈ ਲੜਨ ਵਾਲੀ ਮਹਾਨ ਵਿਗਿਆਨਕ ਅਤੇ ਵਾਤਾਵਰਣ ਅੰਦੋਲਨ ਦੀ ਮਾਂ



ਵਿੰਕਲਜੀਤ ਸਿੰਘ ਸਰਾ
9501477889

**ਕੁਦਰਤ ਅਤੇ ਮਨੁੱਖਤਾ ਦੇ ਰਿਸ਼ਤੇ ਦੀ ਰਾਖੀ** : ਇਸ ਬ੍ਰਹਿਮੰਡ ਵਿੱਚ ਮਨੁੱਖ ਦਾ ਹੋਂਦ ਕੁਦਰਤ ਦੇ ਨਾਲ ਅਟੁੱਟ ਰੂਪ ਵਿੱਚ ਜੁੜਿਆ ਹੋਇਆ ਹੈ। ਜਦੋਂ ਵੀ ਮਨੁੱਖ ਨੇ ਆਪਣੇ ਲਾਲਚ ਅਤੇ ਅਖੌਤੀ ਵਿਕਾਸ ਦੀ ਅੰਨ੍ਹੀ ਦੌੜ ਵਿੱਚ ਕੁਦਰਤ ਦੇ ਨਿਯਮਾਂ ਨੂੰ ਚੁਣੌਤੀ ਦਿੱਤੀ ਹੈ, ਉਦੋਂ-ਉਦੋਂ ਵਿਨਾਸ਼ ਦੀਆਂ ਨੀਂਹਾਂ ਪੱਕੀਆਂ ਹੋਈਆਂ ਹਨ। ਪਰ ਸਮੇਂ-ਸਮੇਂ 'ਤੇ ਇਤਿਹਾਸ ਦੇ ਰੰਗਮੰਚ 'ਤੇ ਕੁਝ ਅਜਿਹੀਆਂ ਮਹਾਨ ਰੂਹਾਂ ਦਾ ਆਗਮਨ ਹੁੰਦਾ ਹੈ, ਜੋ ਸੁੱਤੀ ਹੋਈ ਮਨੁੱਖਤਾ ਨੂੰ ਜਗਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਆਪਣਾ ਪੂਰਾ ਜੀਵਨ ਲੇਖੇ ਲਾ ਦਿੰਦੀਆਂ ਹਨ। ਅਜਿਹੀ ਹੀ ਇੱਕ ਦੂਰਅੰਦੇਸ਼, ਨਿਡਰ ਅਤੇ ਮਹਾਨ ਵਿਗਿਆਨਕ, ਲੇਖਿਕਾ ਅਤੇ ਵਾਤਾਵਰਣ ਪ੍ਰੇਮੀ ਸਨ ਡਾਕਟਰ ਰੈਚੇਲ ਕਾਰਸਨ। ਉਹਨਾਂ ਨੇ ਆਪਣੇ ਗਹਿਰੇ ਵਿਗਿਆਨਕ ਅਧਿਐਨ ਅਤੇ ਕਲਮ ਦੀ ਤਾਕਤ ਰਾਹੀਂ ਪੂਰੀ ਦੁਨੀਆ ਨੂੰ ਇਹ ਅਹਿਸਾਸ ਕਰਵਾਇਆ ਕਿ ਕੁਦਰਤ ਨਾਲ ਕੀਤੀ ਜਾ ਰਹੀ ਹਰ ਇੱਕ ਛੇੜਛਾੜ ਅਸਲ ਵਿੱਚ ਮਨੁੱਖਤਾ ਦੀ ਆਪਣੀ ਹੀ ਹੋਂਦ 'ਤੇ ਇੱਕ ਸਿੱਧਾ ਹਮਲਾ ਹੈ।

**ਬਚਪਨ ਅਤੇ ਵਿਗਿਆਨਕ ਸਫ਼ਰ ਦੀ ਸ਼ੁਰੂਆਤ** : ਡਾਕਟਰ ਰੈਚੇਲ ਕਾਰਸਨ ਦਾ ਜਨਮ 27 ਮਈ 1907 ਨੂੰ ਅਮਰੀਕਾ ਦੇ ਪੈਨਸਿਲਵੇਨੀਆ ਰਾਜ ਦੇ ਇੱਕ ਛੋਟੇ ਜਿਹੇ ਖੂਬਸੂਰਤ ਪਿੰਡ ਸਪ੍ਰਿੰਗਡੇਲ (Springdale) ਵਿੱਚ ਹੋਇਆ ਸੀ। ਕੁਦਰਤ ਦੀ ਗੋਦ ਵਿੱਚ ਬੀਤੇ ਬਚਪਨ ਨੇ ਉਹਨਾਂ ਦੇ ਮਨ ਵਿੱਚ ਦਰੱਖਤਾਂ, ਪੰਛੀਆਂ, ਵਗਦੇ ਦਰਿਆਵਾਂ ਅਤੇ ਜੀਵ-ਜੰਤੂਆਂ ਪ੍ਰਤੀ ਇੱਕ ਅਥਾਹ ਪਿਆਰ ਪੈਦਾ ਕਰ ਦਿੱਤਾ। ਉਹ ਘੰਟਿਆਂਬੱਧੀ ਜੰਗਲਾਂ ਅਤੇ ਖੇਤਾਂ ਵਿੱਚ ਘੁੰਮਦੇ ਹੋਏ ਪੰਛੀਆਂ ਦੀਆਂ ਆਵਾਜ਼ਾਂ ਸੁਣਦੇ ਅਤੇ ਕੁਦਰਤ ਦੇ ਰਹੱਸਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ। ਇਹੀ ਮਾਸੂਮ ਜਗਿਆਸਾ ਅਤੇ ਪਿਆਰ ਅੱਗੇ ਚੱਲ ਕੇ ਉਹਨਾਂ ਦੇ ਜੀਵਨ ਦਾ ਮੁੱਖ ਮਕਸਦ ਬਣ ਗਿਆ। ਉਹਨਾਂ ਨੇ ਉੱਚ ਸਿੱਖਿਆ ਪ੍ਰਾਪਤ ਕੀਤੀ ਅਤੇ ਸਮੁੰਦਰੀ ਜੀਵ ਵਿਗਿਆਨ (Marine Biology) ਦੇ ਖੇਤਰ ਵਿੱਚ ਆਪਣੀ ਮੁਹਾਰਤ ਹਾਸਲ ਕੀਤੀ। ਉਸ ਦੌਰ ਵਿੱਚ, ਜਦੋਂ ਵਿਗਿਆਨ ਦੇ ਖੇਤਰ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਬਹੁਤ ਘੱਟ ਹੁੰਦੀ ਸੀ, ਰੈਚੇਲ ਕਾਰਸਨ ਨੇ ਇੱਕ ਪ੍ਰਮੁੱਖ ਸਮੁੰਦਰੀ ਜੀਵ ਵਿਗਿਆਨਕ ਵਜੋਂ ਆਪਣੀ ਅਦੁੱਤੀ ਪਛਾਣ ਬਣਾਈ ਅਤੇ ਅਮਰੀਕੀ ਸਰਕਾਰ ਦੇ ਮੱਛੀ ਪਾਲਣ ਅਤੇ ਜੰਗਲੀ ਜੀਵ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਦਿੱਤੀਆਂ।

**ਕਲਮ ਦੀ ਤਾਕਤ ਅਤੇ ਸਾਹਿਤਕ ਯੋਗਦਾਨ** : ਰੈਚੇਲ ਕਾਰਸਨ ਸਿਰਫ਼ ਇੱਕ ਲੈਬਾਰਟਰੀ ਤੱਕ ਸੀਮਤ ਰਹਿਣ ਵਾਲੇ ਵਿਗਿਆਨਕ ਨਹੀਂ ਸਨ, ਬਲਕਿ ਉਹਨਾਂ ਦੇ ਅੰਦਰ ਇੱਕ ਬਹੁਤ ਹੀ ਸੰਵੇਦਨਸ਼ੀਲ ਲੇਖਿਕਾ ਵੀ ਵਸਦੀ ਸੀ। ਉਹਨਾਂ ਕੋਲ ਗੁੰਝਲਦਾਰ ਵਿਗਿਆਨਕ ਤੱਥਾਂ ਨੂੰ ਬਹੁਤ ਹੀ ਸਰਲ, ਸਰਸ ਅਤੇ ਕਾਵਿਕ ਭਾਸ਼ਾ ਵਿੱਚ ਆਮ ਲੋਕਾਂ ਤੱਕ ਪਹੁੰਚਾਉਣ ਦੀ ਇੱਕ ਵਿਲੱਖਣ ਕਲਾ ਸੀ। ਸਮੁੰਦਰੀ ਜੀਵਨ 'ਤੇ ਲਿਖੀਆਂ ਉਹਨਾਂ ਦੀਆਂ ਸ਼ੁਰੂਆਤੀ ਕਿਤਾਬਾਂ ਨੂੰ ਦੁਨੀਆ ਭਰ ਵਿੱਚ ਭਰਵਾਂ ਹੁੰਗਾਰਾ ਮਿਲਿਆ। ਪਰ ਉਹਨਾਂ ਦੀ ਜਿਸ ਲਿਖਤ ਨੇ ਪੂਰੀ ਦੁਨੀਆ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ, ਉਹ ਸੀ ਸਾਲ 1962 ਵਿੱਚ ਪ੍ਰਕਾਸ਼ਿਤ ਹੋਈ ਉਹਨਾਂ ਦੀ ਸ਼ਾਹਕਾਰ ਕਿਤਾਬ 'ਸਾਈਲੈਂਟ ਸਪ੍ਰਿੰਗ' (Silent Spring – ਖ਼ਾਮੋਸ਼ ਬਸੰਤ)। ਇਸ ਕਿਤਾਬ ਦਾ ਸਿਰਲੇਖ ਹੀ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਸੁਨੇਹਾ ਸੀ, ਜਿਸ ਨੇ ਦੁਨੀਆ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਜੇਕਰ ਅਸੀਂ ਇਸੇ ਤਰ੍ਹਾਂ ਕੁਦਰਤ ਦਾ ਘਾਣ ਕਰਦੇ ਰਹੇ ਤਾਂ ਇੱਕ ਦਿਨ ਅਜਿਹੀ ਬਸੰਤ ਆਵੇਗੀ ਜਿੱਥੇ ਨਾ ਪੰਛੀ ਚਹਿਕਣਗੇ ਅਤੇ ਨਾ ਹੀ ਜ਼ਿੰਦਗੀ ਦੀ ਕੋਈ ਗੂੰਜ ਸੁਣਾਈ ਦੇਵੇਗੀ।

**'ਸਾਈਲੈਂਟ ਸਪ੍ਰਿੰਗ' ਅਤੇ ਕੈਮੀਕਲ ਕੰਪਨੀਆਂ ਦਾ ਭਰਮ** : ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਦੌਰ ਵਿੱਚ, ਡੀਡੀਟੀ (DDT-Dichloro Diphenyl Trichloroethane) ਅਤੇ ਹੋਰ ਕਈ ਤਰ੍ਹਾਂ ਦੇ ਸਿੰਥੈਟਿਕ ਕੀਟਨਾਸ਼ਕਾਂ ਨੂੰ ਮਨੁੱਖਤਾ ਲਈ ਇੱਕ ਚਮਤਕਾਰ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਮੱਛਰਾਂ ਦੇ ਖਾਤਮੇ, ਮਲੇਰੀਆ ਤੋਂ ਬਚਾਅ ਅਤੇ ਫਸਲਾਂ ਦੇ ਝਾੜ ਨੂੰ ਵਧਾਉਣ ਲਈ ਇਹਨਾਂ ਕੈਮੀਕਲਜ਼ ਦਾ ਅੰਨ੍ਹੇਵਾਹ ਅਤੇ ਖੁੱਲ੍ਹੇਆਮ ਛਿੜਕਾਅ ਕੀਤਾ ਜਾ ਰਿਹਾ ਸੀ। ਵੱਡੀਆਂ-ਵੱਡੀਆਂ ਉਦਯੋਗਿਕ ਕੰਪਨੀਆਂ ਅਤੇ ਸਰਕਾਰਾਂ ਇਹ ਦਾਅਵਾ ਕਰ ਰਹੀਆਂ ਸਨ ਕਿ ਇਹ ਜ਼ਹਿਰ ਮਨੁੱਖਾਂ ਅਤੇ ਵਾਤਾਵਰਣ ਲਈ ਪੂਰੀ ਤਰ੍ਹਾਂ ਸੁਰੱਖਿਅਤ ਹੈ। ਲੋਕ ਬਿਨਾਂ ਕਿਸੇ ਡਰ ਜਾਂ ਸਾਵਧਾਨੀ ਦੇ ਆਪਣੇ ਘਰਾਂ ਅਤੇ ਖੇਤਾਂ ਵਿੱਚ ਇਸਦੀ ਵਰਤੋਂ ਕਰ ਰਹੇ ਸਨ। ਅਜਿਹੇ ਪ੍ਰਦੂਸ਼ਿਤ ਅਤੇ ਭਰਮ-ਭੂਲੇ ਮਾਹੌਲ ਵਿੱਚ, ਡਾਕਟਰ ਰੈਚੇਲ ਕਾਰਸਨ ਨੇ ਕਈ ਸਾਲਾਂ ਦੀ ਸਖ਼ਤ ਮਿਹਨਤ, ਖੋਜ ਅਤੇ ਵਿਗਿਆਨਕ ਸਬੂਤਾਂ ਦੇ ਆਧਾਰ 'ਤੇ ਇਸ ਝੂਠੇ ਪ੍ਰਚਾਰ ਦੀਆਂ ਪਰਤਾਂ ਲਾਹੀਆਂ ਅਤੇ ਦੁਨੀਆ ਦੇ ਸਾਹਮਣੇ ਇੱਕ ਖ਼ੌਫ਼ਨਾਕ ਸੱਚਾਈ ਪੇਸ਼ ਕੀਤੀ।

**ਕੀਟਨਾਸ਼ਕਾਂ ਦੇ ਭਿਆਨਕ ਪ੍ਰਭਾਵ ਅਤੇ ਫੂਡ ਚੇਨ ਦਾ ਵਿਨਾਸ਼** : ਆਪਣੀ ਖੋਜ ਰਾਹੀਂ ਡਾਕਟਰ ਕਾਰਸਨ ਨੇ ਇਹ ਸਾਬਤ ਕੀਤਾ ਕਿ ਇਹ ਕੀਟਨਾਸ਼ਕ ਸਿਰਫ਼ ਨਿਸ਼ਾਨਾ ਬਣਾਏ ਗਏ ਕੀੜਿਆਂ ਨੂੰ ਹੀ ਨਹੀਂ ਮਾਰਦੇ, ਬਲਕਿ ਇਹ ਮਿੱਟੀ, ਪਾਣੀ, ਹਵਾ ਅਤੇ ਪੂਰੇ ਵਾਤਾਵਰਣ ਦੇ ਤਾਣੇ-ਬਾਣੇ ਨੂੰ ਹਮੇਸ਼ਾ ਲਈ ਜ਼ਹਿਰੀਲਾ ਕਰ ਦਿੰਦੇ ਹਨ। ਇਹ ਰਸਾਇਣ ਕਦੇ ਵੀ ਕੁਦਰਤੀ ਤੌਰ 'ਤੇ ਨਸ਼ਟ ਨਹੀਂ ਹੁੰਦੇ, ਸਗੋਂ 'ਫੂਡ ਚੇਨ' (ਖੁਰਾਕ ਦੀ ਲੜੀ) ਰਾਹੀਂ ਇੱਕ ਜੀਵ ਤੋਂ ਦੂਜੇ ਜੀਵ ਵਿੱਚ ਤਬਦੀਲ ਹੁੰਦੇ ਰਹਿੰਦੇ ਹਨ। ਜਦੋਂ ਇਹ ਜ਼ਹਿਰ ਪਾਣੀ ਦੇ ਸਰੋਤਾਂ ਵਿੱਚ ਮਿਲਦਾ ਹੈ, ਤਾਂ ਮੱਛੀਆਂ ਅਤੇ ਹੋਰ ਜਲ-ਜੀਵ ਇਸਦਾ



ਸ਼ਿਕਾਰ ਹੁੰਦੇ ਹਨ। ਜਦੋਂ ਪੰਛੀ ਇਹਨਾਂ ਜੀਵਾਂ ਨੂੰ ਖਾਂਦੇ ਹਨ, ਤਾਂ ਇਹ ਜ਼ਹਿਰ ਉਹਨਾਂ ਦੇ ਸਰੀਰ ਵਿੱਚ ਜਮ੍ਹਾਂ ਹੋ ਜਾਂਦਾ ਹੈ। ਕਾਰਸਨ ਨੇ ਖਾਸ ਤੌਰ 'ਤੇ ਦਿਖਾਇਆ ਕਿ ਡੀਡੀਟੀ ਦੇ ਕਾਰਨ ਬਾਜ਼ ਅਤੇ ਹੋਰ ਸ਼ਿਕਾਰੀ ਪੰਛੀਆਂ ਦੇ ਅੰਡਿਆਂ ਦੇ ਛਿਲਕੇ ਇੰਨੇ ਪਤਲੇ ਅਤੇ ਕਮਜ਼ੋਰ ਹੋ ਗਏ ਸਨ ਕਿ ਉਹ ਬੱਚਾ ਨਿਕਲਣ ਤੋਂ ਪਹਿਲਾਂ ਹੀ ਟੁੱਟ ਜਾਂਦੇ ਸਨ, ਜਿਸ ਨਾਲ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਖ਼ਤਮ ਹੋਣ ਦੇ ਕੰਢੇ ਪਹੁੰਚ ਗਈਆਂ ਸਨ। ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਸੀ ਕਿ ਇਹ ਜ਼ਹਿਰੀਲੇ ਰਸਾਇਣ ਮਨੁੱਖੀ ਸਰੀਰ ਵਿੱਚ ਵੀ ਦਾਖਲ ਹੋ ਚੁੱਕੇ ਸਨ। ਰੈਚੇਲ ਕਾਰਸਨ ਨੇ ਦਲੇਰੀ ਨਾਲ ਇਹ ਤੱਥ ਉਜਾਗਰ ਕੀਤਾ ਕਿ ਇਹ ਘਾਤਕ ਕੈਮੀਕਲ ਮਾਵਾਂ ਦੇ ਦੁੱਧ ਅਤੇ ਗਰਭ ਵਿੱਚ ਪਲ ਰਹੇ ਬੱਚਿਆਂ ਤੱਕ ਪਹੁੰਚ ਰਹੇ ਹਨ। ਇਸ ਦੇ ਨਤੀਜੇ ਵਜੋਂ ਮਨੁੱਖਾਂ ਵਿੱਚ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ, ਹਾਰਮੋਨਲ ਅਸੰਤੁਲਨ ਅਤੇ ਜਣਨ ਸ਼ਕਤੀ ਵਿੱਚ ਕਮੀ ਵਰਗੀਆਂ ਭਿਆਨਕ ਸਮੱਸਿਆਵਾਂ ਤੇਜ਼ੀ ਨਾਲ ਵਧ ਰਹੀਆਂ ਸਨ। ਉਹਨਾਂ ਨੇ ਚੇਤਾਵਨੀ ਦਿੱਤੀ ਕਿ ਮਨੁੱਖ ਕੁਦਰਤ ਦਾ ਮਾਲਕ ਨਹੀਂ, ਬਲਕਿ ਉਸਦਾ ਇੱਕ ਹਿੱਸਾ ਹੈ ਅਤੇ ਜੇਕਰ ਹਿੱਸਾ ਪੂਰੇ ਸਿਸਟਮ ਨੂੰ ਬਰਬਾਦ ਕਰੇਗਾ ਤਾਂ ਉਹ ਖੁਦ ਵੀ ਨਹੀਂ ਬਚ ਸਕੇਗਾ।

**ਸੱਚ ਦੀ ਲੜਾਈ ਅਤੇ ਕਾਰਪੋਰੇਟ ਜਗਤ ਦਾ ਵਿਰੋਧ** : ਜਦੋਂ 'ਸਾਈਲੈਂਟ ਸਪ੍ਰਿੰਗ' ਕਿਤਾਬ ਸਾਹਮਣੇ ਆਈ, ਤਾਂ ਅਰਬਾਂ ਡਾਲਰਾਂ ਦਾ ਕਾਰੋਬਾਰ ਕਰਨ ਵਾਲੀਆਂ ਕੈਮੀਕਲ ਕੰਪਨੀਆਂ ਵਿੱਚ ਹੜਕੰਪ ਮਚ ਗਿਆ। ਉਹਨਾਂ ਨੇ ਆਪਣੀ ਪੂਰੀ ਤਾਕਤ ਰੈਚੇਲ ਕਾਰਸਨ ਨੂੰ ਬਦਨਾਮ ਕਰਨ ਅਤੇ ਉਹਨਾਂ ਦੀ ਆਵਾਜ਼ ਨੂੰ ਦਬਾਉਣ ਲਈ ਲਾ ਦਿੱਤੀ। ਉਹਨਾਂ ਨੂੰ 'ਪਾਗਲ', 'ਭਾਵੁਕ ਔਰਤ' ਅਤੇ 'ਵਿਗਿਆਨ ਵਿਰੋਧੀ' ਵਰਗੇ ਸ਼ਬਦਾਂ ਨਾਲ ਨਿਵਾਜਿਆ ਗਿਆ। ਮੁਕੱਦਮੇ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਉਹਨਾਂ ਦੇ ਵਿਗਿਆਨਕ ਤੱਥਾਂ ਨੂੰ ਝੂਠਾ ਸਾਬਤ ਕਰਨ ਲਈ ਲੱਖਾਂ ਡਾਲਰ ਪਾਣੀ ਵਾਂਗ ਵਹਾਏ ਗਏ। ਪਰ ਡਾਕਟਰ ਰੈਚੇਲ ਕਾਰਸਨ ਇੱਕ ਅਡੋਲ ਚੱਟਾਨ ਵਾਂਗ ਆਪਣੇ ਸੱਚ 'ਤੇ ਕਾਇਮ ਰਹੇ। ਉਹਨਾਂ ਦਾ ਸਭ ਤੋਂ ਵੱਡਾ ਦੁਖਾਂਤ ਇਹ ਸੀ ਕਿ ਜਦੋਂ ਉਹ ਪੂਰੀ ਦੁਨੀਆ ਨੂੰ ਕੈਂਸਰ ਅਤੇ ਜ਼ਹਿਰ ਦੇ ਖ਼ਤਰਿਆਂ ਤੋਂ ਬਚਾਉਣ ਲਈ ਲੜ ਰਹੇ ਸਨ, ਉਹ ਖੁਦ ਵੀ ਛਾਤੀ ਦੇ ਕੈਂਸਰ ਵਰਗੀ ਗੰਭੀਰ ਬਿਮਾਰੀ ਨਾਲ ਜੂਝ ਰਹੇ ਸਨ। ਬਹੁਤ ਜ਼ਿਆਦਾ ਸਰੀਰਕ ਪੀੜਾ ਦੇ ਬਾਵਜੂਦ, ਉਹਨਾਂ ਨੇ ਅਮਰੀਕੀ ਸੰਸਦ (ਸੈਨੇਟ) ਦੇ ਸਾਹਮਣੇ ਪੇਸ਼ ਹੋ ਕੇ ਨਿਡਰਤਾ ਨਾਲ ਗਵਾਹੀ ਦਿੱਤੀ ਅਤੇ ਆਪਣੇ ਸਾਰੇ ਸਬੂਤ ਸਹੀ ਸਾਬਤ ਕੀਤੇ।

**ਇਨਕਲਾਬੀ ਬਦਲਾਅ ਅਤੇ ਸਨਮਾਨ** : ਰੈਚੇਲ ਕਾਰਸਨ ਦੇ ਇਸ ਇਤਿਹਾਸਕ ਸੰਘਰਸ਼ ਨੇ ਆਖਰਕਾਰ ਦੁਨੀਆ ਦੀ ਸੋਚ ਨੂੰ ਬਦਲ ਦਿੱਤਾ। ਉਹਨਾਂ ਦੀ ਕਿਤਾਬ ਨੇ ਇੱਕ ਅਜਿਹੀ ਜਨ-ਕ੍ਰਾਂਤੀ ਨੂੰ ਜਨਮ ਦਿੱਤਾ, ਜਿਸ ਦੇ ਸਿੱਟੇ ਵਜੋਂ ਅਮਰੀਕਾ ਵਿੱਚ 'ਵਾਤਾਵਰਣ ਸੁਰੱਖਿਆ ਏਜੰਸੀ' (EPA) ਦੀ ਸਥਾਪਨਾ ਹੋਈ। ਅਮਰੀਕਾ ਸਮੇਤ ਦੁਨੀਆ ਦੇ ਕਈ ਵਿਕਸਿਤ ਦੇਸ਼ਾਂ ਵਿੱਚ ਡੀਡੀਟੀ ਦੇ ਖੇਤੀਬਾੜੀ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ। ਵਾਤਾਵਰਣ ਦੀ ਰੱਖਿਆ ਲਈ ਸਖ਼ਤ ਕਾਨੂੰਨ ਬਣਾਏ ਗਏ ਅਤੇ ਪਹਿਲੀ ਵਾਰ 'ਸਸਟੇਨੇਬਲ ਡਿਵੈਲਪਮੈਂਟ' (ਸਥਿਰ ਵਿਕਾਸ) ਦੀ ਗੱਲ ਸ਼ੁਰੂ ਹੋਈ। ਉਹਨਾਂ ਦੀ ਮੌਤ ਤੋਂ ਬਾਅਦ, ਉਹਨਾਂ ਦੀਆਂ ਬੇਮਿਸਾਲ ਸੇਵਾਵਾਂ ਨੂੰ ਮੁੱਖ ਰੱਖਦਿਆਂ ਅਮਰੀਕਾ ਦੇ ਸਰਵਉੱਚ ਨਾਗਰਿਕ ਸਨਮਾਨ 'ਪ੍ਰੈਜ਼ੀਡੈਂਸ਼ੀਅਲ ਮੈਡਲ ਆਫ਼ ਫਰੀਡਮ' (Presidential Medal of Freedom) ਨਾਲ ਉਹਨਾਂ ਨੂੰ ਨਿਵਾਜਿਆ ਗਿਆ। ਅੱਜ ਉਹਨਾਂ ਨੂੰ ਪੂਰੀ ਦੁਨੀਆ ਵਿੱਚ ਆਧੁਨਿਕ ਵਾਤਾਵਰਣ ਅੰਦੋਲਨ ਦਾ ਜਨਮਦਾਤਾ ਮੰਨਿਆ ਜਾਂਦਾ ਹੈ। 14 ਅਪ੍ਰੈਲ 1964 ਨੂੰ 56 ਸਾਲ ਦੀ ਛੋਟੀ ਉਮਰ ਵਿੱਚ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ, ਪਰ ਉਹਨਾਂ ਦੀ ਬਾਲੀ ਹੋਈ ਚੇਤਨਾ ਦੀ ਸ਼ਮ੍ਹਾ ਅੱਜ ਵੀ ਜਗ ਰਹੀ ਹੈ।

**ਪੰਜਾਬ ਦੇ ਸੰਦਰਭ ਵਿੱਚ ਅਜੋਕੀ ਸਥਿਤੀ ਅਤੇ ਚਿੰਤਾਵਾਂ** : ਜੇਕਰ ਅਸੀਂ ਅੱਜ ਦੇ ਸਮੇਂ ਵਿੱਚ ਡਾਕਟਰ ਰੈਚੇਲ ਕਾਰਸਨ ਦੇ ਸੰਦੇਸ਼ ਨੂੰ ਆਪਣੇ ਆਲੇ-ਦੁਆਲੇ, ਖ਼ਾਸ ਕਰਕੇ ਪੰਜਾਬ ਦੇ ਸੰਦਰਭ ਵਿੱਚ ਦੇਖੀਏ, ਤਾਂ ਇਹ ਸੌ ਫੀਸਦੀ ਸੱਚ ਅਤੇ ਬਹੁਤ ਜ਼ਿਆਦਾ ਪ੍ਰਸੰਗਿਕ ਪ੍ਰਤੀਤ ਹੁੰਦਾ ਹੈ। ਹਰੀ ਕ੍ਰਾਂਤੀ ਦੇ ਨਾਮ 'ਤੇ ਪੰਜਾਬ ਦੀ ਧਰਤੀ ਨੂੰ ਵੱਧ ਤੋਂ ਵੱਧ ਝਾੜ ਲੈਣ ਦੀ ਅੰਨ੍ਹੀ ਦੌੜ ਵਿੱਚ ਧੱਕ ਦਿੱਤਾ ਗਿਆ। ਅੱਜ ਪੰਜਾਬ ਦੀ ਪਵਿੱਤਰ ਧਰਤੀ 'ਤੇ ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ ਦੀ ਬੇਤਹਾਸ਼ਾ ਵਰਤੋਂ ਕੀਤੀ ਜਾ ਰਹੀ ਹੈ। ਬਹੁਤ ਸਾਰੇ ਅਜਿਹੇ ਘਾਤਕ ਜ਼ਹਿਰ, ਜਿਨ੍ਹਾਂ 'ਤੇ ਵਿਕਸਿਤ ਦੇਸ਼ਾਂ ਵਿੱਚ ਦਹਾਕੇ ਪਹਿਲਾਂ ਪਾਬੰਦੀ ਲੱਗ ਚੁੱਕੀ ਸੀ, ਅੱਜ ਵੀ ਸਾਡੇ ਖੇਤਾਂ ਵਿੱਚ ਬਿਨਾਂ ਕਿਸੇ ਰੋਕ-ਟੋਕ ਦੇ ਛਿੜਕੇ ਜਾ ਰਹੇ ਹਨ। ਸਾਡੇ ਕਿਸਾਨ ਵੀਰ, ਬਿਨਾਂ ਕਿਸੇ ਜਾਗਰੂਕਤਾ, ਮਾਸਕ ਜਾਂ ਦਸਤਾਨਿਆਂ ਦੇ, ਇਹਨਾਂ ਖ਼ਤਰਨਾਕ ਕੈਮੀਕਲਜ਼ ਨੂੰ ਆਪਣੇ ਹੱਥਾਂ ਨਾਲ ਘੋਲਦੇ ਅਤੇ ਛਿੜਕਦੇ ਹਨ। ਇਸਦਾ ਸਿੱਧਾ ਅਸਰ ਉਹਨਾਂ ਦੀ ਆਪਣੀ ਸਿਹਤ ਅਤੇ ਆਉਣ ਵਾਲੀਆਂ ਪੀੜ੍ਹੀਆਂ 'ਤੇ ਪੈ ਰਿਹਾ ਹੈ। ਪੰਜਾਬ ਦੇ ਕਈ ਇਲਾਕੇ, ਖ਼ਾਸ ਕਰਕੇ ਮਾਲਵਾ ਪੱਟੀ, ਅੱਜ ਕੈਂਸਰ ਦੇ ਗੜ੍ਹ ਬਣ ਚੁੱਕੇ ਹਨ। 'ਕੈਂਸਰ ਟਰੇਨ' ਵਰਗੀਆਂ ਸੱਚਾਈਆਂ ਸਾਡੇ ਸਮਾਜ ਦੇ ਮੱਥੇ 'ਤੇ ਇੱਕ ਕਲੰਕ ਵਾਂਗ ਹਨ। ਸਾਡੀ ਉਪਜਾਊ ਮਿੱਟੀ ਆਪਣੀ ਕੁਦਰਤੀ ਤਾਕਤ ਗੁਆ ਚੁੱਕੀ ਹੈ, ਮਿੱਟੀ ਦੇ ਮਿੱਤਰ ਕੀੜੇ (ਜਿਵੇਂ ਗੰਡੋਏ) ਖ਼ਤਮ ਹੋ ਚੁੱਕੇ ਹਨ ਅਤੇ ਧਰਤੀ ਹੇਠਲਾ ਸ਼ੁੱਧ ਪਾਣੀ ਜ਼ਹਿਰੀਲਾ ਅਤੇ ਪੀਣ ਦੇ ਅਯੋਗ ਹੋ ਗਿਆ ਹੈ। ਹਵਾ ਵਿੱਚ ਘੁਲਿਆ ਇਹ ਜ਼ਹਿਰ ਸਾਡੇ ਬੱਚਿਆਂ ਦੇ ਭਵਿੱਖ ਨੂੰ ਨਿਗਲ ਰਿਹਾ ਹੈ। ਇਹ ਬਿਲਕੁਲ ਉਹੀ 'ਸਾਈਲੈਂਟ ਸਪ੍ਰਿੰਗ' ਵਾਲੀ ਸਥਿਤੀ ਹੈ, ਜਿਸਦੀ ਚੇਤਾਵਨੀ ਰੈਚੇਲ ਕਾਰਸਨ ਨੇ ਸੱਠ ਸਾਲ ਪਹਿਲਾਂ ਦਿੱਤੀ ਸੀ।

**ਜਾਗਰੂਕਤਾ ਦੀ ਲੋੜ** : ਡਾਕਟਰ ਰੈਚੇਲ ਕਾਰਸਨ ਦਾ ਜੀਵਨ ਅਤੇ ਉਹਨਾਂ ਦਾ ਫਲਸਫਾ ਸਾਨੂੰ ਇਹ ਸਿਖਾਉਂਦਾ ਹੈ ਕਿ ਇੱਕ ਇਕੱਲੀ, ਸੱਚੀ ਅਤੇ ਨਿਡਰ ਆਵਾਜ਼ ਵੀ ਪੂਰੀ ਦੁਨੀਆ ਵਿੱਚ ਇੱਕ ਵੱਡੀ ਤਬਦੀਲੀ ਦਾ ਮੁੱਢ ਬੰਨ੍ਹ ਸਕਦੀ ਹੈ। ਅੱਜ ਪੰਜਾਬ ਅਤੇ ਪੂਰੇ ਭਾਰਤ ਨੂੰ ਇੱਕ ਵਾਰ ਫਿਰ ਰੈਚੇਲ ਕਾਰਸਨ ਦੀ ਸੋਚ ਨੂੰ ਅਪਣਾਉਣ ਦੀ ਲੋੜ ਹੈ। ਸਾਨੂੰ ਰਸਾਇਣਕ ਖੇਤੀ ਦੇ ਘਾਤਕ ਮਾਡਲ ਨੂੰ ਤਿਆਗ ਕੇ ਕੁਦਰਤੀ ਖੇਤੀ (Organic Farming), ਜੈਵਿਕ ਵਿਵਿਧਤਾ ਅਤੇ ਵਾਤਾਵਰਣ ਦੀ ਸੰਭਾਲ ਵੱਲ ਮੁੜਨਾ ਪਵੇਗਾ। ਕਿਸਾਨਾਂ ਨੂੰ ਜਾਗਰੂਕ ਕਰਨਾ, ਪਾਣੀ ਦੇ ਸਰੋਤਾਂ ਨੂੰ ਬਚਾਉਣਾ ਅਤੇ ਕੁਦਰਤ ਦੇ ਸੰਤੁਲਨ ਨੂੰ ਬਹਾਲ ਕਰਨਾ ਹੀ ਹੁਣ ਸਾਡੇ ਕੋਲ ਬਚਿਆ ਇੱਕਮਾਤਰ ਰਾਹ ਹੈ। ਕੁਦਰਤ ਦੀ ਰੱਖਿਆ ਕਰਨਾ ਕੋਈ ਅਹਿਸਾਨ ਨਹੀਂ, ਬਲਕਿ ਮਨੁੱਖਤਾ ਦੇ ਆਪਣੇ ਬਚਾਅ ਦੀ ਸਭ ਤੋਂ ਵੱਡੀ ਸ਼ਰਤ ਹੈ। ਅਜਿਹੀ ਮਹਾਨ, ਪਰਉਪਕਾਰੀ ਅਤੇ ਦੂਰਅੰਦੇਸ਼ ਵਿਗਿਆਨਕ ਬੀਬੀ ਨੂੰ, ਜਿਨ੍ਹਾਂ ਨੇ ਮਨੁੱਖਤਾ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਆਪਣਾ ਜੀਵਨ ਵਾਰ ਦਿੱਤਾ।



ਭਗਵਾਨ ਸਿੰਘ ਜੌਹਲ
ਮੋ. 98143-24040

# ਸੇਵਾ ਦੇ ਖੇਤਰ ਦੇ ਉਘੇ ਹਸਤਾਖਰ-ਬਾਬਾ ਖੜਕ ਸਿੰਘ ਕਾਰਸੇਵਾ ਵਾਲੇ

ਕਾਰਸੇਵਾ ਉਹੀ ਮਨੁੱਖ ਕਰ ਸਕਦਾ ਹੈ, ਜਿਸ ਦੇ ਹਿਰਦੇ ਵਿੱਚ ਪਰਉਪਕਾਰ ਵਸਿਆ ਹੋਵੇ । ਮਨੁੱਖਤਾ ਦੀ ਭਲਾਈ ਅਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋਣਾ ਕੋਈ ਸੁਖੈਨ ਕੰਮ ਨਹੀਂ । ਇਸ ਵੱਡੇ ਖੇਤਰ ਵਿੱਚ ਜਾਣ ਤੋਂ ਪਹਿਲਾਂ ਆਪਣਾ ਜੀਵਨ ਗੁਰੂ-ਘਰ ਨੂੰ ਸਮਰਪਿਤ ਕਰਨਾ ਪੈਂਦਾ ਹੈ । ਮਨ ਵਿੱਚ ਖੋਟ ਰੱਖਣ ਵਾਲੇ ਇਨਸਾਨ ਲੋਕ ਮਨਾਂ ਵਿੱਚੋਂ ਨਿਕਲ ਜਾਂਦੇ ਹਨ। ਜਿਹੜੇ ਰੱਬੀ ਜਿਊੜੇ ਇਸ ਖੇਤਰ ਵਿੱਚ ਤਨ ਮਨ ਧਨ ਨਾਲ ਸੰਗਤ ਦੀ ਸੇਵਾ ਵਿੱਚ ਰਾਤ-ਦਿਨ ਕੁੱਦ ਪੈਂਦੇ ਹਨ, ਉਹ ਇਸ ਧਰਤੀ ਦਾ ਸ਼ਿੰਗਾਰ ਬਣ ਜਾਂਦੇ ਹਨ । ਅਜਿਹੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ ਬਾਬਾ ਖੜਕ ਸਿੰਘ ਕਾਰਸੇਵਾ ਵਾਲੇ । ਕਾਰਸੇਵਾ ਦੇ ਖੇਤਰ ਨਾਲੋਂ ਵੱਧ ਕੇ ਉਹ ਅਜਿਹੀ ਰੰਗ ਰੱਤੜੀ ਆਤਮਾ ਦੇ ਮਾਲਕ ਸਨ, ਜਿਨ੍ਹਾਂ ਆਪਣੀ ਹਯਾਤੀ ਦੇ ਦੌਰਾਨ ਹਜ਼ਾਰਾਂ ਘਰਾਂ ਵਿੱਚ ਪਏ ਕਲਾ-ਕਲੇਸ਼ ਅਤੇ ਗੰਭੀਰ ਝਗੜੇ ਨਿਪਟਾਏ, ਜਿਨ੍ਹਾਂ ਨਾਲ ਕਿੰਨੇ ਕਤਲ ਹੋਣ ਤੋਂ ਸਮਾਜ ਨੂੰ ਬਚਾਇਆ । ਲੱਖਾਂ ਪਰਿਵਾਰਾਂ ਨੂੰ ਇਸ ਕੀਮਤੀ ਤੇ ਬਹੁਮੁੱਲੇ ਜੀਵਨ ਨੂੰ ਜਿਊਣ ਲਈ ਜੀਵਨ ਜਾਚ ਸਮਝਾਈ। ਪਰਿਵਾਰਾਂ ਵਿੱਚ ਮਿਲ ਬੈਠ ਕੇ ਪਿਆਰ ਤੇ ਪ੍ਰੇਮ ਨਾਲ ਰਹਿਣ ਦੀ ਪ੍ਰੇਰਨਾ ਦਿੱਤੀ । ਇਹ ਅਜਿਹੀ ਸੇਵਾ ਸੀ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਦੇ ਮਨਾਂ ਵਿੱਚੋਂ ਮੈਲ ਕੱਢ ਕੇ ਗੁਰੂ-ਘਰ ਨਾਲ ਜੋੜਨ ਦਾ ਵੱਡਾ ਉਪਰਾਲਾ ਕੀਤਾ ।

ਬਾਬਾ ਖੜਕ ਸਿੰਘ ਦਾ ਜਨਮ ਲਾਹੌਰ (ਲਹਿੰਦਾ ਪੰਜਾਬ) ਜ਼ਿਲ੍ਹੇ ਦੇ ਪਿੰਡ ਬਰਕੀ ਵਿੱਚ ਸ. ਪਾਲਾ ਸਿੰਘ ਅਤੇ ਮਾਤਾ ਦਾਨ ਕੌਰ ਦੇ ਗ੍ਰਹਿ ਵਿਖੇ 1895 ਈ: ਵਿੱਚ ਹੋਇਆ । ਪਰਿਵਾਰਕ ਜ਼ਿੰਮੇਵਾਰੀ ਨੂੰ ਸਮਝਦਿਆਂ ਪਹਿਲਾਂ ਦੇਸ਼ ਦੀ ਫੌਜ ਵਿੱਚ ਭਰਤੀ ਹੋ ਕੇ ਚੰਗੇ ਸਿਪਾਹੀ ਦੇ ਫਰਜ਼ ਨੂੰ ਨਿਭਾਇਆ । ਜਵਾਨੀ ਵਿੱਚ ਹੀ ਰੱਬੀ-ਪ੍ਰੇਮ ਵਿੱਚ ਵੈਰਾਗ ਅਵਸਥਾ ਵਿੱਚ ਵਿਚਰਦਿਆਂ ਮਨੁੱਖਤਾ ਦੇ ਭਲੇ ਲਈ ਜੀਵਨ ਬਤੀਤ ਕਰਨ ਦੀ ਖਿੱਚ ਕਾਰਨ ਮਨ ਉਚਾਟ ਰਹਿਣ ਲੱਗ ਗਿਆ । ਫੌਜ ਵਿੱਚੋਂ ਵਾਪਸ ਆ ਕੇ ਸੰਤ-ਸਿਪਾਹੀ ਵਜੋਂ ਵਿਚਰਨਾ ਸ਼ੁਰੂ ਕਰ ਦਿੱਤਾ । ਥੋੜ੍ਹੇ ਸਮੇਂ ਵਿੱਚ ਕਾਰਸੇਵਾ ਦੇ ਖੇਤਰ ਦੀ ਵੱਡੀ ਹਸਤੀ ਬਾਬਾ ਨਿਧਾਨ ਸਿੰਘ ਕਾਰਸੇਵਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਗਏ । ਉਦੋਂ ਹੁਣ ਵਾਂਗ ਇਸ ਖੇਤਰ ਵਿੱਚ ਮਾਇਆ ਦਾ ਪ੍ਰਭਾਵ ਨਹੀਂ ਸੀ । ਸੇਵਾ ਤਨਦੇਹੀ ਨਾਲ ਨਿਭਾਉਣੀ ਪੈਂਦੀ ਸੀ । ਇਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ । ਮਰਜੀਵੜੇ ਸਿੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਘਰ-ਘਾਟਾਂ ਨੂੰ ਤਿਆਗ ਕੇ ਜਾਨ ਨਾਲੋਂ ਪਿਆਰੇ ਗੁਰਧਾਮਾਂ ਨੂੰ ਮਾੜੇ ਪ੍ਰਬੰਧ ਤੋਂ ਅਜ਼ਾਦ ਕਰਵਾਉਣਾ ਚਾਹੁੰਦੇ ਸਨ । ਕਾਰਸੇਵਾ ਵਿੱਚ ਤਨ-ਦੇਹੀ ਨਾਲ ਸੇਵਾ ਨਿਭਾਉਂਦਿਆਂ ਜੈਤੋ ਦੇ ਮੋਰਚੇ ਦੌਰਾਨ ਗ੍ਰਿਫਤਾਰ ਹੋ ਗਏ । ਮੋਰਚਾ ਫ਼ਤਹਿ ਹੋਣ ਤੱਕ ਕੈਦ ਕੱਟੀ । ਜੇਲ੍ਹ ਵਿੱਚੋਂ ਵਾਪਸ ਆਉਂਦਿਆਂ ਹੀ ਮੁੜ ਕਾਰਸੇਵਾ ਨੂੰ ਸਮਰਪਿਤ ਹੋ ਗਏ ।

ਉਸ ਸਮੇਂ ਆਪ ਕਾਰਸੇਵਾ ਦੇ ਖੇਤਰ ਦੀ ਉੱਘੀ ਹਸਤੀ ਬਾਬਾ ਗੁਰਮੁੱਖ ਸਿੰਘ ਕਾਰਸੇਵਾ ਵਾਲਿਆਂ ਦੀ ਅਗਵਾਈ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਯਾਦਗਾਰੀ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਕਾਰਸੇਵਾ ਵਿੱਚ ਜੁੱਟੇ ਹੋਏ ਸਨ। ਇਸੇ ਦੌਰਾਨ ਇਕ ਦਿਨ ਲਾਹੌਰ ਵਿਖੇ ਕਾਬਲ (ਅਫ਼ਗਾਨਿਸਤਾਨ) ਤੋਂ ਇਕ ਜਥਾ ਦਰਸ਼ਨਾਂ ਲਈ ਆਇਆ। ਉਦੋਂ ਅਫ਼ਗਾਨਿਸਤਾਨ ਦੇ ਸਿੰਘਾਂ ਦੀ ਸ਼ਰਧਾ ਤੇ ਪਿਆਰ ਵੇਖ ਕੇ ਉਨ੍ਹਾਂ ਨਾਲ ਸੇਵਾ ਦੇ ਪ੍ਰਥਾਇ ਵਿਚਾਰ ਕਰ ਰਹੇ ਸਨ ਤਾਂ ਉਸ ਆਈ ਹੋਈ ਸੰਗਤ ਨੇ ਬੀੜ ਬਾਬਾ ਬੁੱਢਾ ਸਾਹਿਬ ਦੀ ਨਵ-ਉਸਾਰੀ ਲਈ ਬੇਨਤੀ ਕੀਤੀ । ਬਾਬਾ ਗੁਰਮੁੱਖ ਸਿੰਘ ਨੇ ਬਾਬਾ ਖੜਕ ਸਿੰਘ ਨੂੰ ਇਕ ਜ਼ਿੰਮੇਵਾਰ ਕਾਰ-ਸੇਵਕ ਵਜੋਂ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਦੀ ਸੇਵਾ ਸੌਂਪ ਦਿੱਤੀ । ਬਾਬਾ ਜੀ ਲਾਹੌਰ ਤੋਂ ਸੀਮਤ ਜਿਹਾ ਉਸਾਰੀ ਦਾ ਸਮਾਨ ਲੈ ਕੇ ਬੀੜ ਬਾਬਾ ਬੁੱਢਾ ਸਾਹਿਬ ਪਹੁੰਚ ਗਏ । ਇਥੇ ਪੁੱਜਦਿਆਂ ਹੀ ਸਭ ਤੋਂ ਪਹਿਲਾਂ ਪਾਵਨ-ਸਰੋਵਰ ਅਤੇ ਇਸ ਤੋਂ ਪਿੱਛੋਂ ਗੁਰਦੁਆਰਾ ਸਾਹਿਬ ਦੇ ਨਵ-ਨਿਰਮਾਣ ਦੀ ਸੇਵਾ ਸ਼ੁਰੂ ਕੀਤੀ । ਇਸ ਕਾਰਸੇਵਾ ਤੋਂ ਇਲਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੌਜੂਦਾ ਆਧੁਨਿਕ ਲੰਗਰ ਦੀ ਇਮਾਰਤ ਦੀ ਸੇਵਾ ਨੂੰ ਪ੍ਰਮੁੱਖ ਫਰਜ਼ ਸਮਝਦੇ ਨਿਭਾਇਆ । ਇਸ ਸੇਵਾ ਤੋਂ ਪਿੱਛੋਂ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਅੰਮ੍ਰਿਤ ਸਰੋਵਰ ਲਈ ਪੁਰਾਤਨ ਹੰਸਲੀ ਦੇ ਨਵ-ਨਿਰਮਾਣ ਲਈ ਜਲ ਲਿਆਉਣ ਦੀ ਸੇਵਾ ਨੂੰ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸੰਪੂਰਨ ਕੀਤਾ ।

ਸ੍ਰੀ ਗੋਇੰਦਵਾਲ ਸਾਹਿਬ ਦੇ ਨੇੜੇ ਬਿਆਸ ਦਰਿਆ ਉੱਪਰ ਬਣ ਰਹੇ ਪੁੱਲ ਦੀ ਉਸਾਰੀ ਲਈ ਵੀ ਯੋਗਦਾਨ ਪਾਇਆ। ਇਨ੍ਹਾਂ ਸੇਵਾਵਾਂ ਤੋਂ ਇਲਾਵਾ ਬੀੜ ਸਾਹਿਬ ਦੇ ਇਲਾਕੇ ਵਿੱਚ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡੇ ਯਤਨਾਂ ਨੂੰ ਸਫ਼ਲਤਾ ਨਾਲ ਸਿਰੇ ਚਾੜ੍ਹਿਆ । ਬਾਬਾ ਬੁੱਢਾ ਸਾਹਿਬ ਕਾਲਜ, ਬਾਬਾ ਬੁੱਢਾ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਅਤੇ ਪਬਲਿਕ ਸਕੂਲ ਆਪ ਜੀ ਦੀ ਵਿੱਦਿਅਕ ਸੇਵਾਵਾਂ ਪ੍ਰਤੀ ਲਗਨ ਦੇ ਪ੍ਰਤੱਖ ਸਬੂਤ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 1984 ਈ: ਵਿੱਚ ਵਾਪਰੇ ਕਤਲੇਆਮ ਅਤੇ ਘੱਲੂਘਾਰੇ ਨੇ ਆਪ ਨੂੰ ਧੁਰ-ਅੰਦਰੋਂ ਹਿਲਾ ਕੇ ਰੱਖ ਦਿੱਤਾ । ਇਸ ਘੱਲੂਘਾਰੇ ਦਾ ਉਨ੍ਹਾਂ ਦੀ ਅੰਤਰ-ਆਤਮਾ 'ਤੇ ਗਹਿਰਾ ਅਸਰ ਹੋਇਆ । ਘੱਲੂਘਾਰੇ ਤੋਂ ਦੋ ਕੁ ਸਾਲ ਪਿੱਛੋਂ 30 ਮਈ, 1986 ਈ: ਨੂੰ ਸਰੀਰ ਕਰਕੇ ਕੁਝ ਸਮਾਂ ਢਿੱਲੇ ਹੋਣ ਪਿੱਛੋਂ ਆਪਣੇ ਪੰਚ-ਭੂਤਕ ਸਰੀਰ ਨੂੰ ਛੱਡ ਕੇ ਸੱਚਖੰਡ ਜਾ ਬਿਰਾਜੇ । ਉਨ੍ਹਾਂ ਤੋਂ ਪਿੱਛੋਂ ਇਨ੍ਹਾਂ ਕਾਰਸੇਵਾਵਾਂ ਨੂੰ ਬਾਬਾ ਦਰਸ਼ਨ ਸਿੰਘ ਬਾਖੂਬੀ ਨਿਭਾਉਂਦੇ ਰਹੇ । ਮੌਜੂਦਾ ਸਮੇਂ ਇਨ੍ਹਾਂ ਸੇਵਾਵਾਂ ਨੂੰ ਬਾਬਾ ਸੰਤੋਖ ਸਿੰਘ ਪੂਰੀ ਤਨ-ਦੇਹੀ ਨਾਲ ਸਰ-ਅੰਜ਼ਾਮ ਦੇ ਰਹੇ ਹਨ । ਬਾਬਾ ਖੜਕ ਸਿੰਘ ਅਤੇ ਬਾਬਾ ਦਰਸ਼ਨ ਸਿੰਘ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਹੋ ਰਹੇ ਹਨ ।

# ਇਜ਼ਰਾਈਲ ਵੱਲੋਂ ਬੈਰੂਤ 'ਤੇ ਭਿਆਨਕ ਹਵਾਈ ਹਮਲਾ

### ☛ਤਿੰਨ ਹਫ਼ਤਿਆਂ ਬਾਅਦ ਰਾਜਧਾਨੀ ਮੁੜ ਗੋਲਾਬਾਰੀ ਨਾਲ ਦਹਿਲੀ, 14 ਲੋਕਾਂ ਦੀ ਮੌਤ

ਬੈਰੂਤ/ਵਾਸ਼ਿੰਗਟਨ, 29 ਮਈ (ਚ.ਨ.ਸ): ਲਿਬਨਾਨ ਦੀ ਰਾਜਧਾਨੀ ਬੈਰੂਤ ਤੇ ਇਸ ਦੇ ਨਾਲ ਲੱਗਦੇ ਦੱਖਣੀ ਉਪ-ਨਗਰੀ ਇਲਾਕਿਆਂ ਵਿੱਚ ਤਿੰਨ ਹਫ਼ਤਿਆਂ ਦੀ ਸ਼ਾਂਤੀ ਤੋਂ ਬਾਅਦ ਵੀਰਵਾਰ ਨੂੰ ਇੱਕ ਵਾਰ ਫਿਰ ਵੱਡਾ ਇਜ਼ਰਾਈਲੀ ਹਮਲਾ ਹੋਇਆ ਹੈ। ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਹੋਏ ਇਸ ਤਾਜ਼ਾ ਹਮਲੇ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲਿਬਨਾਨੀ ਅਧਿਕਾਰੀਆਂ ਅਨੁਸਾਰ ਇਸ ਤਾਜ਼ਾ ਇਜ਼ਰਾਈਲੀ ਹਮਲੇ ਵਿੱਚ ਤਿੰਨ ਬੱਚਿਆਂ ਸਮੇਤ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ ਹੈ ਤੇ ਕਈ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ। ਇਜ਼ਰਾਈਲੀ ਫੌਜ ਨੇ ਬੈਰੂਤ ਦੇ ਦੱਖਣੀ ਹਿੱਸੇ ਵਿੱਚ ਸਥਿਤ ਚੋਇਫਤ ਇਲਾਕੇ ਵਿੱਚ ਇੱਕ ਰਿਹਾਇਸ਼ੀ ਇਮਾਰਤ ਨੂੰ ਨਿਸ਼ਾਨਾ ਬਣਾਉਂਦੇ ਹੋਏ ਦੋ ਸਟੀਕ ਮਿਜ਼ਾਈਲਾਂ ਦਾਗੀਆਂ, ਜਿਸ ਕਾਰਨ ਇਮਾਰਤ ਪੂਰੀ ਤਰ੍ਹਾਂ ਤਬਾਹ ਹੋ ਗਈ ਤੇ ਆਸ-ਪਾਸ ਦੇ ਇਲਾਕੇ ਵਿੱਚ ਭਗਦੜ ਮਚ ਗਈ। ਇਸ ਹਮਲੇ ਦੀ ਪੁਸ਼ਟੀ ਕਰਦਿਆਂ ਇਜ਼ਰਾਈਲੀ ਫੌਜ ਨੇ ਕਿਹਾ ਹੈ ਕਿ ਉਨ੍ਹਾਂ ਨੇ ਬੈਰੂਤ ਵਿੱਚ ਇੱਕ ਸਟੀਕ ਤੇ ਖਾਸ ਟਾਰਗੇਟ ਨੂੰ ਨਿਸ਼ਾਨਾ ਬਣਾਇਆ ਹੈ, ਹਾਲਾਂਕਿ ਫੌਜ ਵੱਲੋਂ ਅਧਿਕਾਰਤ ਤੌਰ 'ਤੇ ਇਸ ਬਾਰੇ ਜ਼ਿਆਦਾ ਵੇਰਵੇ ਸਾਂਝੇ ਨਹੀਂ ਕੀਤੇ ਗਏ। ਦੂਜੇ ਪਾਸੇ, ਇਜ਼ਰਾਈਲ ਦੇ ਦੋ ਉਚ ਸੁਰੱਖਿਆ ਸੂਤਰਾਂ ਦੇ ਹਵਾਲੇ ਨਾਲ ਸਾਹਮਣੇ ਆਇਆ ਹੈ ਕਿ ਇਸ ਹਮਲੇ ਦਾ ਮੁੱਖ ਨਿਸ਼ਾਨਾ ਅਲੀ ਅਲ-ਹੁਸੈਨੀ ਸੀ, ਜੋ ਇਮਾਮ ਹੁਸੈਨ ਡਿਵੀਜ਼ਨ ਦੇ ਮਿਜ਼ਾਈਲ ਵਿੰਗ ਦਾ ਮੁਖੀ ਹੈ। ਇਜ਼ਰਾਈਲ ਦਾ ਦਾਅਵਾ ਹੈ ਕਿ ਇਹ ਮਿਲੀਸ਼ੀਆ ਹਿਜ਼ਬੁੱਲਾ ਤੇ ਈਰਾਨ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ ਤੇ ਇਜ਼ਰਾਈਲ ਵਿਰੁੱਧ ਹਮਲਿਆਂ ਵਿੱਚ ਸਰਗਰਮ ਹੈ। ਫਿਲਹਾਲ ਹਿਜ਼ਬੁੱਲਾ ਜਾਂ ਈਰਾਨ ਵੱਲੋਂ ਇਸ ਹਮਲੇ ਤੇ ਅਲੀ ਅਲ-ਹੁਸੈਨੀ ਦੀ ਸਥਿਤੀ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਮਲਾ ਅਜਿਹੇ ਨਾਜ਼ੁਕ ਸਮੇਂ ਹੋਇਆ ਹੈ, ਜਦੋਂ ਲਿਬਨਾਨ ਤੇ ਇਜ਼ਰਾਈਲ ਦੇ ਫੌਜੀ ਵਫ਼ਦ ਅਮਰੀਕੀ ਰੱਖਿਆ ਮੰਤਰਾਲੇ (ਪੈਂਟਾਗਨ) ਵਿੱਚ ਸ਼ਾਂਤੀ ਵਾਰਤਾ ਲਈ ਇਕੱਠੇ ਹੋ ਰਹੇ ਹਨ। ਅਗਲੇ ਹਫ਼ਤੇ ਦੇ ਸ਼ੁਰੂ ਵਿੱਚ ਅਮਰੀਕਾ ਦੀ ਵਿਚੋਲਗੀ ਹੇਠ ਚੌਥੇ ਦੌਰ ਦੀ ਗੱਲਬਾਤ ਹੋਣ ਜਾ ਰਹੀ ਹੈ।ਇਸ ਕਾਰਨ ਲੱਖਾਂ ਲੋਕ ਬੇਘਰ ਹੋ ਕੇ ਸੁਰੱਖਿਅਤ ਥਾਵਾਂ ਵੱਲ ਹਿਜਰਤ ਕਰਨ ਲਈ ਮਜਬੂਰ ਹੋ ਗਏ ਹਨ।



# ਕੁੱਝ ਮੈਂਬਰ ਹਰਿਆਣਾ ਕਮੇਟੀ ਦੇ ਬਜਟ 'ਚ ਅੜਿੱਕਾ ਪਾ ਰਹੇ ਨੇ: ਝੀਂਡਾ

ਕਰਨਾਲ, 29 ਮਈ (ਚ.ਨ.ਸ): ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਕੁੱਝ ਮੈਂਬਰ ਆਪਣੇ ਨਿੱਜੀ ਸਵਾਰਥ ਲਈ ਸੰਸਥਾ ਦੇ ਕੰਮਾਂ ਵਿੱਚ ਰੁਕਾਵਟ ਪਾ ਰਹੇ ਹਨ। ਬਜਟ ਤੇ ਜ਼ਰੂਰੀ ਤੱਥਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਵੀਰਵਾਰ ਨੂੰ ਬੁਲਾਈ ਗਈ ਮੀਟਿੰਗ ਵਿੱਚ ਨਾਮਜ਼ਦ ਮੈਂਬਰ ਬਲਜੀਤ ਸਿੰਘ ਦਾਦੂਵਾਲ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸ਼ਾਮਲ ਨਾ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਇਹ ਵਿਚਾਰ ਸੰਸਥਾ ਦੇ ਮੁੱਖ ਦਫ਼ਤਰ ਵਿੱਚ ਪ੍ਰਗਟ ਕੀਤੇ। ਇਸ ਦੌਰਾਨ ਉਨ੍ਹਾਂ ਨਾਲ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਕੁਰੂਕਸ਼ੇਤਰ ਪਹੁੰਚੇ ਸੰਯੁਕਤ ਸਕੱਤਰ ਬਲਵਿੰਦਰ ਸਿੰਘ ਭਿੰਡਰ, ਕਾਰਜਕਾਰਨੀ ਕਮੇਟੀ ਮੈਂਬਰ ਜਥੇ. ਕਰਨੈਲ ਸਿੰਘ ਨਿੰਮਨਾਬਾਦ, ਪਲਵਿੰਦਰ ਸਿੰਘ, ਕੁਲਦੀਪ ਸਿੰਘ ਮੁਲਤਾਨੀ, ਰੁਪਿੰਦਰ ਸਿੰਘ, ਮੈਂਬਰ ਇੰਦਰਜੀਤ ਸਿੰਘ, ਮੇਜਰ ਸਿੰਘ, ਗੁਰਮੇਜ ਸਿੰਘ, ਬਿੰਦਰ ਸਿੰਘ ਖਾਲਸਾ ਆਦਿ ਵੀ ਮੌਜੂਦ ਰਹੇ।ਜਥੇਦਾਰ ਝੀਂਡਾ ਨੇ ਕਿਹਾ ਕਿ ਬਜਟ ਨੂੰ ਲੈ ਕੇ ਅੱਜ 49 ਮੈਂਬਰ ਸਾਹਿਬਾਨ ਦੀ ਮੀਟਿੰਗ ਬੁਲਾਈ ਗਈ ਸੀ ਤੇ ਸਹਿਯੋਗ ਦੀ ਅਪੀਲ ਕੀਤੀ ਗਈ ਸੀ। ਪਰ ਕੁੱਝ ਮੈਂਬਰ ਮੀਟਿੰਗ ਤੋਂ ਗ਼ੈਰ ਹਾਜ਼ਰ ਰਹੇ। ਮੀਟਿੰਗ ਤੋਂ ਗ਼ੈਰ-ਹਾਜ਼ਰ ਰਹਿਣ ਵਾਲੇ ਉਹੀ ਮੈਂਬਰ ਹਨ, ਜਿਨ੍ਹਾਂ ਨੂੰ ਸੰਗਤ ਨੇ ਨਕਾਰ ਦਿੱਤਾ ਸੀ ਤੇ ਸਰਕਾਰ ਦਾ ਤਰਲਾ ਕਰਕੇ ਇਹ ਮੈਂਬਰ ਨਾਮਜ਼ਦ ਹੋਏ ਹਨ। ਇਹ ਮੈਂਬਰ ਸੰਸਥਾ ਨੂੰ ਬਰਬਾਦ ਕਰਨ 'ਤੇ ਤੁਲੇ ਹੋਏ ਹਨ।ਉਨ੍ਹਾਂ ਕਿਹਾ ਕਿ ਮੀਰੀ ਪੀਰੀ ਮੈਡੀਕਲ ਕਾਲਜ ਤੇ ਹਸਪਤਾਲ ਨੂੰ ਲੈ ਕੇ ਇਹ ਲੋਕ ਝੂਠੀਆਂ ਗੱਲਾਂ ਫੈਲਾ ਰਹੇ ਹਨ ਤੇ ਝੂਠੇ ਵਾਅਦੇ ਕਰ ਰਹੇ ਹਨ। ਇਨ੍ਹਾਂ ਸਭ ਨੂੰ ਨੂੰ ਸੰਗਤ ਨੂੰ ਗੁੰਮਰਾਹ ਕਰਨ ਤੋਂ ਬਾਜ਼ ਆਉਣਾ ਚਾਹੀਦਾ ਹੈ। ਸੰਸਥਾ ਦੇ ਪ੍ਰਧਾਨ ਨੇ ਕਿਹਾ ਕਿ ਜੋ ਮੈਂਬਰ ਇਨ੍ਹਾਂ ਨਾਲ ਮਿਲ ਕੇ ਕਮੇਟੀ ਨੂੰ ਬਰਬਾਦ ਕਰਨ ਵਿੱਚ ਲੱਗੇ ਹੋਏ ਹਨ, ਉਨ੍ਹਾਂ ਦਾ ਵੀ ਸੰਗਤ ਪ੍ਰਤੀ ਉਤਰਦਾਇਤਵ ਬਣਦਾ ਹੈ। ਉਨ੍ਹਾਂ ਕਿਹਾ ਕਿ ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਬਜਟ ਦਾ ਪਾਸ ਹੋਣਾ ਲਾਜ਼ਮੀ ਹੈ ਤੇ ਇਹ ਲੋਕ ਹਰਿਆਣਾ ਕਮੇਟੀ ਦੇ ਬਜਟ ਵਿੱਚ ਅੜਚਣ ਪਾ ਰਹੇ ਹਨ। ਮੀਰੀ ਪੀਰੀ ਮੈਡੀਕਲ ਕਾਲਜ ਤੇ ਹਸਪਤਾਲ ਨੂੰ ਚਲਾਉਣ ਲਈ ਬੋਰਡ ਬਣਾਉਣ ਦੇ ਸਵਾਲ 'ਤੇ ਝੀਂਡਾ ਨੇ ਕਿਹਾ ਕਿ ਇਸ ਲਈ ਕਾਰਜਕਾਰਨੀ ਕਮੇਟੀ ਹੀ ਅਗਲੀ ਕਾਰਵਾਈ ਕਰ ਸਕਦੀ ਹੈ। ਕਾਰਜਕਾਰਨੀ ਕਮੇਟੀ ਪਹਿਲਾਂ ਬਣੇ ਹੋਏ ਬੋਰਡ ਨੂੰ ਭੰਗ ਕਰਕੇ ਦੁਬਾਰਾ ਬੋਰਡ ਬਣਾ ਸਕਦੀ ਹੈ। ਇੱਕ ਸਵਾਲ ਦੇ ਜਵਾਬ ਵਿੱਚ ਪ੍ਰਧਾਨ ਝੀਂਡਾ ਨੇ ਕਿਹਾ ਕਿ ਬਲਜੀਤ ਸਿੰਘ ਦਾਦੂਵਾਲ ਮੀਰੀ ਪੀਰੀ ਮੈਡੀਕਲ ਕਾਲਜ ਤੇ ਹਸਪਤਾਲ ਦੀ ਇੱਕ ਵੀ ਪੇਸ਼ੀ ਜਾਂ ਤਰੀਕ 'ਤੇ ਨਹੀਂ ਗਏ।



# ਨਗਰ ਕੌਂਸਲ ਚੋਣਾਂ ਦੇ ਨਤੀਜੇ 'ਚ ਕਾਂਗਰਸ ਵੱਲੋਂ ਜ਼ਿਆਦਾ ਸੀਟਾਂ 'ਤੇ ਜਿੱਤ ਪ੍ਰਾਪਤ

ਫਤਿਹਗੜ੍ਹ ਚੂੜੀਆਂ, 29 ਮਈ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਵਿਖੇ ਨਗਰ ਕੌਂਸਲ ਦੀਆਂ ਚੋਣਾਂ ਦੇ ਆਏ ਨਤੀਜੇ ਵਿੱਚ ਕਾਂਗਰਸ ਪਾਰਟੀ ਵੱਲੋਂ ਜ਼ਿਆਦਾ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਜਿਸ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਰਣਜੋਤ ਸਿੰਘ ਦਿਓ, ਅਮਨਦੀਪ ਕੌਰ ਕਾਂਗਰਸ ਪਾਰਟੀ, ਦਵਿੰਦਰ ਪਾਲ ਸਿੰਘ ਮੱਗਾ, ਰਜਿੰਦਰ ਸਿੰਘ ਬਿੰਦੂ ਕਾਂਗਰਸ ਪਾਰਟੀ, ਨੇਹਾ ਆਮ ਆਦਮੀ ਪਾਰਟੀ, ਰਾਜ ਆਮ ਆਦਮੀ ਪਾਰਟੀ, ਗੁਰਜੀਤ ਕੌਰ ਅਕਾਲੀ ਦਲ, ਇਸ਼ਦੀਪ ਕੌਰ ਅਕਾਲੀ ਦਲ, ਰਜਵੰਤ ਕੌਰ ਕਾਂਗਰਸ ਪਾਰਟੀ, ਰਾਜੀਵ ਸੋਨੀ ਆਮ ਆਦਮੀ ਪਾਰਟੀ, ਨਵੀਸ਼ ਨੰਦਾ 26 ਦੀ ਧਰਮ ਪਤਨੀ ਅਰਿਸ਼ਮਾ ਨੰਦਾ ਆਮ ਆਦਮੀ ਪਾਰਟੀ, ਕੁਲਵਿੰਦਰ ਸਿੰਘ ਲਾਲੀ ਕਾਂਗਰਸ ਪਾਰਟੀ, ਸੁਖਵਿੰਦਰ ਕੌਰ ਆਜ਼ਾਦ ਉਮੀਦਵਾਰ, ਫਤਿਹਗੜ੍ਹ ਚੂੜੀਆਂ ਨਗਰ ਕੌਂਸਲ ਤੋਂ ਜੇਤੂ ਰਹੇ।



ਫਤਿਹਗੜ੍ਹ ਚੂੜੀਆਂ 13 ਵਾਰਡਾਂ ਵਿੱਚ ਜੇਤੂ ਉਮੀਦਵਾਰਾਂ ਦੇ ਸਮਰਥਕਾਂ ਵੱਲੋਂ ਢੋਲਦੇ ਨਗਾਰੇ ਉਤੇ ਭੰਗੜੇ ਪਾਏ ਆਤਿਸ਼ਬਾਜ਼ੀ ਚਲਾਈ ਤੇ ਲੱਡੂ ਵੰਡ ਕੇ ਇੱਕ-ਦੂਜੇ ਦਾ ਮੂੰਹ ਮਿੱਠਾ ਕਰਵਾਇਆ। ਜੇਤੂ ਉਮੀਦਵਾਰਾਂ ਵੱਲੋਂ ਆਪਣੀ-ਆਪਣੀ ਵਾਰਡ ਦੇ ਵੋਟਰਾਂ ਦਾ ਧੰਨਵਾਦ ਕੀਤਾ ਗਿਆ। ਨਗਰ ਕੌਂਸਲ ਦੀਆਂ ਵੋਟਾਂ ਨੂੰ ਲੈ ਕੇ ਪੰਜਾਬ ਪੁਲਿਸ ਵੱਲੋਂ ਪੂਰੀ ਤਰ੍ਹਾਂ ਮੁਸਤੈਦੀ ਨਾਲ ਡਿਊਟੀ ਨਿਭਾਈ ਗਈ।

# ਨਗਰ ਕੌਂਸਲ ਦੀਆਂ ਚੋਣਾਂ 'ਚ ਕਾਂਗਰਸ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ

### ☛ਨਵਦੀਪ ਸਿੰਘ ਪੰਨੂੰ ਨੇ ਬਹੁਮਤ ਹਾਸਲ ਕੀਤਾ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 29 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਨਗਰ ਕੌਂਸਲ ਸ੍ਰੀ ਹਰਿਗੋਬਿੰਦਪੁਰ ਵਿੱਚ ਹੋਈਆਂ ਚੋਣਾਂ ਦਾ ਨਤੀਜਾ ਅੱਜ ਹੈਰਾਨੀਜਨਕ ਹਨ, ਜਦ ਕਿ ਨਵਦੀਪ ਸਿੰਘ ਪੰਨੂੰ ਦੀ ਅਗਵਾਈ ਹੇਠ ਕਾਂਗਰਸ ਉਮੀਦਵਾਰਾਂ ਨੇ ਹੂੰਝਾ ਫਿਰ ਜਿੱਤ ਪ੍ਰਾਪਤ ਕੀਤੀ। ਆਪ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਹਾਸਲ ਕਰਕੇ ਹਰਾਇਆ। ਵਾਰਡ ਨੰਬਰ ਇੱਕ ਵਿੱਚ ਕਾਂਗਰਸ ਦੇ ਉਮੀਦਵਾਰ ਮਨਜੀਤ ਕੌਰ ਪਤਨੀ ਨਵਦੀਪ ਸਿੰਘ ਪੰਨੂੰ ਨੇ ਆਪ ਦੇ ਉਮੀਦਵਾਰ ਰੇਖਾ ਰਾਣੀ ਨੂੰ, ਵਾਰਡ ਨੰਬਰ ਦੋ ਵਿੱਚ ਨਵਦੀਪ ਸਿੰਘ ਪੰਨੂੰ ਨੇ ਸੰਦੀਪ ਭੱਲਾ ਨੂੰ, ਵਾਰਡ ਨੰਬਰ ਤਿੰਨ ਬਲਵਿੰਦਰ ਕੌਰ ਨੇ ਰੇਖਾ ਨੂੰ, ਵਾਰਡ ਨੰਬਰ ਚਾਰ ਦੇ ਗੌਰਵ ਭੱਲਾ ਨੇ ਤਜਿੰਦਰ ਸਿੰਘ ਨੂੰ, ਵਾਰਡ ਨੰਬਰ ਪੰਜ ਦੇ ਉਮੀਦਵਾਰ ਜੀਵਨ ਜੋਤੀਕ ਆਜ਼ਾਦ ਉਮੀਦਵਾਰ ਨੇ ਆਪ ਦੇ ਸੁਖਵਿੰਦਰ ਸਿੰਘ ਨੂੰ, ਵਾਰਡ ਨੰਬਰ ਛੇ ਵਿੱਚ ਕਾਂਗਰਸ ਦੇ ਉਮੀਦਵਾਰ ਜਸਵਿੰਦਰ ਕੌਰ ਨੇ ਆਮ ਪਾਰਟੀ ਦੇ ਹਰਜੀਤ ਸਿੰਘ ਭੱਲਾ ਨੂੰ ਤੇ ਵਾਰਡ ਨੰਬਰ 10 ਵਿੱਚੋਂ ਕਾਂਗਰਸ ਦੇ ਉਮੀਦਵਾਰ ਹਰਜਿੰਦਰ ਕੌਰ ਨੇ ਆਮ ਪਾਰਟੀ ਦੇ ਰੋਕਸੀ ਨੂੰ ਭਾਰੀ ਬਹੁਮਤ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ, ਜਿਸ ਨਾਲ ਨਵਦੀਪ ਸਿੰਘ ਪੰਨੂੰ ਨੂੰ ਭਾਰੀ ਬਹੁਮਤ ਮਿਲੀ ਹੈ।



# ਦਿਨ-ਦਿਹਾੜੇ ਦੋ ਘਰਾਂ 'ਚ ਚੋਰੀ, ਗਹਿਣੇ ਤੇ ਨਕਦੀ ਲੈ ਕੇ ਚੋਰ ਫਰਾਰ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 29 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ੍ਰੀ ਹਰਿਗੋਬਿੰਦਪੁਰ ਹਲਕੇ ਦੇ ਅਧੀਨ ਪੈਂਦੇ ਪਿੰਡ ਹਰਚੋਵਾਲ ਵਿੱਚ ਚੋਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਗਏ ਹਨ ਕਿ ਇਕੋ ਦਿਨ ਵਿੱਚ ਦੋ ਘਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਗਹਿਣਿਆਂ ਤੇ ਨਕਦੀ 'ਤੇ ਹੱਥ ਸਾਫ਼ ਕਰ ਦਿੱਤਾ। ਘਟਨਾ ਤੋਂ ਬਾਅਦ ਪਿੰਡ ਵਾਸੀਆਂ ਵਿੱਚ ਡਰ ਤੇ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ। ਪੀੜਤ ਗੁਰਕੀਰਤ ਸਿੰਘ ਪੁੱਤਰ ਅਮਰਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਵਿਆਹ ਦੋ ਮਹੀਨਿਆਂ ਬਾਅਦ ਹੋਣਾ ਹੈ। ਵਿਆਹ ਲਈ ਉਸ ਨੇ ਇੱਕ ਸੋਨੇ ਦੀ ਚੇਨ, ਸੱਤ ਮੁੰਦਰੀਆਂ, ਇੱਕ ਜੋੜਾ ਟੋਪਸ ਤੇ ਕਰੀਬ 5 ਤੋਂ 6 ਹਜ਼ਾਰ ਰੁਪਏ ਨਕਦ ਅਲਮਾਰੀ ਵਿੱਚ ਸੰਭਾਲ ਕੇ ਰੱਖੇ ਹੋਏ ਸਨ। ਉਹ ਆਪਣੇ ਜਠੇਰਿਆਂ ਦੇ ਮੱਥਾ ਟੇਕਣ ਗਿਆ ਹੋਇਆ ਸੀ। ਇਸ ਦੌਰਾਨ ਅਣਪਛਾਤੇ ਚੋਰਾਂ ਨੇ ਘਰ ਵਿੱਚ ਦਾਖ਼ਲ ਹੋ ਕੇ ਅਲਮਾਰੀ ਤੋੜ ਦਿੱਤੀ ਤੇ ਸਾਰਾ ਸੋਨਾ ਤੇ ਨਕਦੀ ਚੋਰੀ ਕਰ ਲਈ। ਇਸੇ ਤਰ੍ਹਾਂ ਪਿੰਡ ਦੇ ਹੀ ਜਗਦੀਸ਼ ਸਿੰਘ ਪੁੱਤਰ ਅਜੀਤ ਸਿੰਘ ਦੇ ਘਰ ਵਿੱਚ ਵੀ ਚੋਰਾਂ ਨੇ ਦਾਖ਼ਲ ਹੋ ਕੇ ਬੈਡ ਵਿੱਚ ਪਏ ਕਰੀਬ 18 ਹਜ਼ਾਰ ਰੁਪਏ ਚੋਰੀ ਕਰ ਲਏ। ਦੋਵੇਂ ਪੀੜਤ ਪਰਿਵਾਰਾਂ ਵੱਲੋਂ ਇਸ ਸਬੰਧੀ ਹਰਚੋਵਾਲ ਪੁਲਿਸ ਚੌਕੀ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# 8 ਵਾਰਡਾਂ 'ਚ ਆਪ, 4 ਵਾਰਡਾਂ 'ਚ ਆਜ਼ਾਦ ਤੇ ਇੱਕ ਵਾਰਡ 'ਚ ਕਾਂਗਰਸ ਜੇਤੂ

ਹੁਸ਼ਿਆਰਪੁਰ, 29 ਮਈ (ਦੀਪਕ ਅਗਨੀਹੋਤਰੀ): ਸਥਾਨਕ ਨਗਰ ਕੌਂਸਲ ਦੇ 13 ਵਾਰਡਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਹੋਈ ਗਿਣਤੀ ਦੌਰਾਨ 8 ਵਾਰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਜਿੱਤ ਦਰਜ ਕੀਤੀ ਗਈ, ਜਦਕਿ 4 ਵਾਰਡਾਂ ਵਿੱਚ ਆਜ਼ਾਦ ਉਮੀਦਵਾਰ ਤੇ ਇੱਕ ਵਿੱਚ ਕਾਂਗਰਸ ਪਾਰਟੀ ਦਾ ਉਮੀਦਵਾਰ ਜੇਤੂ ਰਿਹਾ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਨੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਬਿਮਲਾ ਦੇਵੀ ਨੇ 350 ਵੋਟਾਂ ਲੈ ਕੇ ਜਿੱਤ ਦਰਜ ਕੀਤੀ ਜਦਕਿ ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਵਿਨੋਦ ਕੁਮਾਰ 270 ਵੋਟਾਂ ਲੈ ਕੇ ਜੇਤੂ ਰਹੇ। ਇਸੇ ਤਰ੍ਹਾਂ ਵਾਰਡ ਨੰਬਰ 3,4,5 ਤੇ 6 ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਜਸਵੀਰ ਕੌਰ, ਪ੍ਰਿੰਸ, ਨੀਰਜ ਖੰਨਾ ਤੇ ਹਰਪ੍ਰੀਤ ਸਿੰਘ ਨੇ ਕ੍ਰਮਵਾਰ 573,299, 239 ਤੇ 390 ਵੋਟਾਂ ਲੈ ਕੇ ਜਿੱਤ ਦਰਜ ਕੀਤੀ।ਵਾਰਡ ਨੰਬਰ 7 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਵਨਾ ਕਿਰਪਾਲ ਨੇ 178 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 8 ਤੇ 9 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੋਮਨਾਥ ਬੰਗੜ ਤੇ ਜਸਵਿੰਦਰ ਕੌਰ ਨੇ ਕ੍ਰਮਵਾਰ 489 ਤੇ 432 ਵੋਟਾਂ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ।

# ਯੂ.ਕੇ. ਦੀ ਅਦਾਲਤ ਵੱਲੋਂ ਵਿਦਿਆਰਥੀ ਦੇ ਕਤਲ ਮਾਮਲੇ 'ਚ ਸਿੱਖ ਨੌਜਵਾਨ ਦੋਸ਼ੀ ਕਰਾਰ

### ☛ਪੁਲਿਸ ਨੇ ਪੀੜਤ ਨੂੰ ਹੱਥਕੜੀ ਲਗਾਉਣ ਲਈ ਮੰਗੀ ਮੁਆਫ਼ੀ

ਲੰਡਨ, 29 ਮਈ (ਚ.ਨ.ਸ): ਯੂਨਾਈਟਿਡ ਕਿੰਗਡਮ (ਯੂਕੇ) ਦੀ ਇੱਕ ਅਦਾਲਤ ਨੇ ਸਾਊਥੈਂਪਟਨ ਯੂਨੀਵਰਸਿਟੀ ਦੇ ਇੱਕ 18 ਸਾਲਾ ਅਕਾਊਂਟੈਂਸੀ ਤੇ ਫਾਈਨਾਂਸ ਦੇ ਵਿਦਿਆਰਥੀ ਹੈਨਰੀ ਨੋਵਾਕ ਦੀ ਚਾਕੂ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿੱਚ 23 ਸਾਲਾ ਸਿੱਖ ਨੌਜਵਾਨ ਵਿਕਰਮ ਦਿਗਵਾ ਨੂੰ ਦੋਸ਼ੀ ਕਰਾਰ ਦਿੱਤਾ ਹੈ। ਸਾਊਥੈਂਪਟਨ ਕਰਾਊਨ ਕੋਰਟ ਵਿੱਚ ਚੱਲੀ ਸੁਣਵਾਈ ਤੋਂ ਬਾਅਦ ਜਿਊਰੀ ਨੇ ਬੁੱਧਵਾਰ ਤੋਂ ਸ਼ੁਰੂ ਹੋਈ ਲੰਮੀ ਬਹਿਸ ਤੋਂ ਬਾਅਦ ਵੀਰਵਾਰ ਨੂੰ ਇਹ ਫੈਸਲਾ ਸੁਣਾਇਆ। ਅਦਾਲਤ ਵੱਲੋਂ ਵਿਕਰਮ ਦਿਗਵਾ ਨੂੰ ਆਉਂਦੀ 1 ਜੂਨ ਨੂੰ ਸਜ਼ਾ ਸੁਣਾਈ ਜਾਵੇਗੀ। ਇਸ ਦੇ ਨਾਲ ਹੀ ਅਦਾਲਤ ਨੇ ਵਿਕਰਮ ਦੀ 53 ਸਾਲਾ ਮਾਂ ਕਿਰਨ ਕੌਰ ਨੂੰ ਵੀ ਵਾਰਦਾਤ ਵਾਲੀ ਥਾਂ ਤੋਂ ਹਥਿਆਰ (ਚਾਕੂ) ਗਾਇਬ ਕਰਕੇ ਅਪਰਾਧੀ ਦੀ ਮਦਦ ਕਰਨ ਦੇ ਦੋਸ਼ ਹੇਠ ਦੋਸ਼ੀ ਕਰਾਰ ਦਿੱਤਾ ਹੈ। ਇਹ ਮਾਮਲਾ ਪਿਛਲੇ ਸਾਲ 3 ਦਸੰਬਰ ਨੂੰ ਸਾਊਥੈਂਪਟਨ ਦੇ ਬੇਲਮੋਂਟ ਰੋਡ 'ਤੇ ਵਾਪਰਿਆ ਸੀ, ਜਦੋਂ ਹੈਨਰੀ ਨੋਵਾਕ ਆਪਣੀ ਫੁੱਟਬਾਲ ਟੀਮ ਦੇ ਦੋਸਤਾਂ ਨਾਲ ਰਾਤ ਦੀ ਪਾਰਟੀ ਤੋਂ ਬਾਅਦ ਪੈਦਲ ਘਰ ਪਰਤ ਰਿਹਾ ਸੀ। ਰਸਤੇ ਵਿੱਚ ਉਸ ਦਾ ਸਾਹਮਣਾ ਵਿਕਰਮ ਦਿਗਵਾ ਨਾਲ ਹੋਇਆ। ਇਸ ਦੌਰਾਨ ਹੋਈ ਤਕਰਾਰ ਤੋਂ ਬਾਅਦ ਵਿਕਰਮ ਨੇ ਹੈਨਰੀ 'ਤੇ 21 ਸੈਂਟੀਮੀਟਰ ਲੰਬੇ ਕਿਰਪਾਨ ਨੁਮਾ ਚਾਕੂ ਨਾਲ ਪੰਜ ਵਾਰ ਹਮਲਾ ਕੀਤਾ, ਜਿਸ ਵਿੱਚ ਦੋ ਵਾਰ ਉਸ ਦੀਆਂ ਲੱਤਾਂ ਦੇ ਪਿੱਛੇ ਤੇ ਇੱਕ ਘਾਤਕ ਵਾਰ ਉਸ ਦੀ ਛਾਤੀ (ਦਿਲ) 'ਤੇ ਲੱਗਿਆ। ਪੀੜਤ ਵਿਦਿਆਰਥੀ ਨੇ ਹਮਲੇ ਦੌਰਾਨ ਆਪਣੇ ਮੋਬਾਈਲ ਫੋਨ 'ਤੇ ਘਟਨਾ ਦਾ ਕੁਝ ਹਿੱਸਾ ਰਿਕਾਰਡ ਵੀ ਕੀਤਾ ਸੀ, ਜਿਸ ਵਿੱਚ ਵਿਕਰਮ ਨੂੰ ਇਹ ਕਹਿੰਦੇ ਸੁਣਿਆ ਗਿਆ ਕਿ ਮੈਂ ਇੱਕ ਬੁਰਾ ਆਦਮੀ ਹਾਂ।ਇਸ ਮਾਮਲੇ ਨੇ ਉਸ ਵੇਲੇ ਵੱਡਾ ਸਿਆਸੀ ਤੇ ਸਮਾਜਿਕ ਰੂਪ ਲੈ ਲਿਆ ਜਦੋਂ ਇਹ ਗੱਲ ਸਾਹਮਣੇ ਆਈ ਕਿ ਮੌਕੇ 'ਤੇ ਪਹੁੰਚੀ ਹੈਂਪਸ਼ਾਇਰ ਪੁਲਿਸ ਨੇ ਜ਼ਖਮੀ ਤੇ ਮਰ ਰਹੇ ਹੈਨਰੀ ਨੋਵਾਕ ਦੀ ਮਦਦ ਕਰਨ ਦੀ ਬਜਾਏ ਉਸ ਨੂੰ ਹੀ ਗ੍ਰਿਫਤਾਰ ਕਰਕੇ ਹੱਥਕੜੀਆਂ ਲਗਾ ਦਿੱਤੀਆਂ ਸਨ। ਦਰਅਸਲ, ਘਟਨਾ ਤੋਂ ਤੁਰੰਤ ਬਾਅਦ ਵਿਕਰਮ ਦਿਗਵਾ ਨੇ ਪੁਲਿਸ ਨੂੰ ਗੁੰਮਰਾਹ ਕਰਦਿਆਂ ਇੱਕ ਖ਼ਤਰਨਾਕ ਝੂਠ ਬੋਲਿਆ ਸੀ ਕਿ ਉਹ ਖੁਦ ਇੱਕ ਨਸਲੀ ਹਮਲੇ ਦਾ ਸ਼ਿਕਾਰ ਹੋਇਆ ਹੈ।



# ਨਗਰ ਕੌਂਸਲ ਚੋਣਾਂ 'ਚ 'ਆਪ' ਵੱਲੋਂ 15 'ਚੋਂ 13 ਸੀਟਾਂ 'ਤੇ ਜਿੱਤ ਹਾਸਲ

ਦਸੂਹਾ, 29 ਮਈ (ਰਾਜਿੰਦਰ ਸਿੰਘ ਦਸੂਹਾ): ਅੱਜ ਸਵੇਰੇ 8 ਵਜੇ ਤੋਂ ਦਸੂਹਾ ਦੇ ਨਗਰ ਕੌਂਸਲ ਦੀਆਂ ਚੋਣਾਂ ਦੀ ਗਿਣਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ਼ੁਰੂ ਹੋਈ, ਉਥੇ ਉਮੀਦਵਾਰਾਂ ਤੇ ਉਨ੍ਹਾਂ ਦੇ ਹਮਾਇਤੀਆਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ 13 ਉਮੀਦਵਾਰਾਂ ਨੇ ਜਿੱਤ ਹਾਸਲ ਕਰਕੇ ਨਗਰ ਕੌਂਸਲ 'ਤੇ ਆਪਣਾ ਕਬਜ਼ਾ ਕੀਤਾ, ਦੋ ਸੀਟਾਂ ਕਾਂਗਰਸ ਦੀ ਝੋਲੀ ਵਿੱਚ ਪਈਆਂ। ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਹਰਦੀਪ ਕੌਰ ਵਾਰਡ ਨੰਬਰ 2 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੋਗਿੰਦਰ ਪਾਲ ਨਿੱਕੂ ਵਾਰਡ ਨੰਬਰ 3 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਮਨ ਦੇਵੀ ਵਾਰਡ ਨੰਬਰ 4 ਤੋਂ ਆਮ ਆਦਮੀ ਪਾਰਟੀ ਦੇ ਤਰਨ ਮਨੂ ਖੁਲਰ ਵਾਰਡ ਨੰਬਰ 5 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਨਿਤਿਕਾ ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਸੰਤੋਖ ਤੋਖੀ ਵਾਰਡ ਨੰਬਰ 7 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਚਰਨਜੀਤ ਕੌਰ ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਚਮਨ ਲਾਲ, ਵਾਰਡ ਨੰਬਰ 9 ਤੋਂ ਰਣਜੀਤ ਕੌਰ, ਵਾਰਡ ਨੰਬਰ 10 ਤੋਂ ਹਰਵਿੰਦਰ ਸਿੰਘ ਕਾਹਲੋਂ, ਵਾਰਡ ਨੰਬਰ 11 ਤੋਂ ਸੁਖਵਿੰਦਰ ਕੌਰ, ਵਾਰਡ ਨੰਬਰ 12 ਤੋਂ ਚੰਦਰਸ਼ੇਖਰ ਬੰਟੀ, ਵਾਰਡ ਨੰਬਰ 13 ਤੋਂ ਕੁਲਵਿੰਦਰ ਕੌਰ, ਵਾਰਡ ਨੰ. 14 ਤੋਂ ਅਮਰਪ੍ਰੀਤ ਸੋਨੂੰ ਖ਼ਾਲਸਾ, ਵਾਰਡ ਨੰਬਰ 15 ਤੋਂ ਸੁਨੀਤਾ ਜੇਤੂ ਰਹੇ।ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰਾਂ ਨੇ ਆਪਣੀ ਜਿੱਤ ਦਾ ਕਾਰਨ ਵਿਧਾਇਕ ਕਰਮਵੀਰ ਸਿੰਘ ਘੁੰਮਣ ਦੀ ਅਣਥੱਕ ਮਿਹਨਤ ਤੇ ਉਸ ਦੁਵਾਰਾ ਕਰਵਾਏ ਗਏ ਵਿਕਾਸ ਕਾਰਜ ਦੱਸਿਆ।



# ਗਰਮੀ ਤੇ ਲੂਅ ਦੇ ਚੱਲਦਿਆਂ ਗੰਨੇ ਦੀ ਫ਼ਸਲ ਨੂੰ ਜ਼ਰੂਰਤ ਅਨੁਸਾਰ ਪਾਣੀ ਲਗਾਓ: ਕੇਨ ਕਮਿਸ਼ਨਰ

ਗੁਰਦਾਸਪੁਰ, 29 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਹਰ ਸਾਲ ਜੂਨ-ਜੁਲਾਈ ਮਹੀਨੇ ਦੌਰਾਨ ਗੰਨੇ ਦੀ ਫ਼ਸਲ ਦਾ ਸਹਿਕਾਰੀ ਤੇ ਨਿੱਜੀ ਖੰਡ ਵੱਲੋਂ ਸਰਵੇਅ ਕੀਤਾ ਜਾਂਦਾ ਹੈ ਤਾਂ ਗੰਨੇ ਦੀ ਫ਼ਸਲ ਹੇਠ ਰਕਬੇ ਦਾ ਜਾਇਜ਼ਾ ਲਿਆ ਜਾ ਸਕੇ ਤੇ ਉਸ ਅਨੁਸਾਰ ਕੈਲੰਡਰ ਨਿਰਧਾਰਿਤ ਕੀਤਾ ਜਾ ਸਕੇ। ਸਹਿਕਾਰੀ ਖੰਡ ਮਿੱਲ ਗੁਰਦਾਸਪੁਰ ਵੱਲੋਂ ਚੱਲ ਰਹੇ ਸਰਵੇਅ ਦੇ ਕੰਮ ਦਾ ਜਾਇਜ਼ਾ ਲੈਣ ਲਈ ਗੰਨਾ ਕਮਿਸ਼ਨਰ ਪੰਜਾਬ ਡਾ. ਅਮਰੀਕ ਸਿੰਘ ਵੱਲੋਂ ਸਰਹੱਦੀ ਪਿੰਡਾਂ ਜੋਗਰ, ਮਰਾੜਾ, ਬਾਹਮਣੀ ਤੇ ਮਕੌੜਾ ਦਾ ਦੌਰਾ ਕੀਤਾ। ਦੌਰੇ ਦੌਰਾਨ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ ਤੇ ਉਨ੍ਹਾਂ ਦੀਆਂ ਗੰਨੇ ਦੀ ਫ਼ਸਲ ਨਾਲ ਸਬੰਧਤ ਮੁਸ਼ਕਿਲਾਂ ਦਾ ਮੌਕੇ 'ਤੇ ਹੱਲ ਕੀਤਾ। ਇਸ ਵਾਰ ਪੰਜਾਬ ਸਰਕਾਰ ਵੱਲੋਂ ਸਮੇਂ ਸਿਰ ਗੰਨੇ ਦੀ ਅਦਾਇਗੀ ਕਰਨ ਲਈ ਗੰਨਾ ਕਾਸ਼ਤਕਾਰਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।ਇਸ ਮੌਕੇ ਡਾ. ਮਿੱਤਰ ਮਾਨ ਸਿੰਘ ਖ਼ੇਤੀਬਾੜੀ ਵਿਕਾਸ ਅਫ਼ਸਰ (ਗੰਨਾ), ਬਿਕਰਮਜੀਤ ਸਿੰਘ ਖੈਹਰਾ ਮੁੱਖ ਗੰਨਾ ਵਿਕਾਸ ਅਫ਼ਸਰ, ਮਨਦੀਪ ਸਿੰਘ ਤੇ ਵੱਡੀ ਗਿਣਤੀ ਵਿੱਚ ਗੰਨਾ ਕਾਸ਼ਤਕਾਰ ਹਾਜ਼ਰ ਸਨ। ਪਿੰਡ ਮਰਾੜਾ ਵਿੱਚ ਗੰਨਾ ਕਾਸ਼ਤਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਮੂਢੀ ਫ਼ਸਲ ਦੀ ਸੰਭਾਲ ਵੱਲ ਸਹੀ ਸਮੇਂ 'ਤੇ ਧਿਆਨ ਨਾ ਦੇਣ ਨਾਲ ਪੈਦਾਵਾਰ ਘਟਦੀ ਹੈ, ਜੋ ਗੰਨਾ ਕਾਸ਼ਤਕਾਰਾਂ ਤੇ ਖੰਡ ਮਿੱਲਾਂ ਨੂੰ ਆਰਥਿਕ ਨੁਕਸਾਨ ਦਾ ਕਾਰਨ ਬਣਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਦੌਰਾਨ ਅਤੀ ਦੀ ਗਰਮੀ ਤੇ ਲੂ ਨੂੰ ਮੁੱਖ ਰੱਖਦਿਆਂ ਗੰਨੇ ਦੀ ਫ਼ਸਲ ਨੂੰ 10-15 ਦਿਨ ਦੇ ਵਕਫ਼ੇ 'ਤੇ ਪਾਣੀ ਦਿੰਦੇ ਰਹਿਣਾ ਚਾਹੀਦਾ ਤਾਂ ਜੋ ਪਾਣੀ ਦੀ ਘਾਟ ਨਾਲ ਗੰਨੇ ਦੀ ਫ਼ਸਲ ਪ੍ਰਭਾਵਿਤ ਨਾ ਹੋ ਸਕੇ।



# ਮਨਜਿੰਦਰ ਸਿੰਘ ਛੈਲੋਵਾਲ ਸੀਨੀਅਰ ਮੀਤ ਪ੍ਰਧਾਨ ਨਿਯੁਕਤ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 29 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਦੀ ਸਿਫਾਰਸ਼ 'ਤੇ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਦੀਆਂ ਕੀਤੀਆਂ ਗਈਆ ਨਿਯੁਕਤੀਆਂ ਤਹਿਤ ਬੜੇ ਹੀ ਮਿਹਨਤੀ ਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕਰਨ ਵਾਲੇ ਮਨਜਿੰਦਰ ਸਿੰਘ ਮਿੰਟਾ ਛੈਲੋਵਾਲ ਨੂੰ ਸਰਕਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਆਪਣੀ ਇਸ ਨਿਯੁਕਤੀ 'ਤੇ ਨਵ-ਨਿਯੁਕਤ ਸੀਨੀਅਰ ਮੀਤ ਪ੍ਰਧਾਨ ਮਨਜਿੰਦਰ ਸਿੰਘ ਛੈਲੋਵਾਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਰੂਪ ਸਿੰਘ ਸ਼ਾਹਪੁਰ ਸਮੇਤ ਸਮੁੱਚੀ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਮੇਰੇ ਉਤੇ ਕੀਤਾ ਗਿਆ ਭਰੋਸਾ ਮੇਰੇ ਲਈ ਵੱਡੀ ਮਾਣ ਵਾਲੀ ਗੱਲ ਹੈ, ਮਨਜਿੰਦਰ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ ਨੂੰ ਮਜ਼ਬੂਤ ਬਣਾਉਣ ਲਈ ਮੈਂ ਦਿਨ-ਰਾਤ ਇੱਕ ਕਰਕੇ ਕੰਮ ਕਰਾਂਗਾ ਤੇ ਪਾਰਟੀ ਦੀ ਮਜ਼ਬੂਤੀ ਹੀ ਮੇਰਾ ਮੁੱਖ ਮਕਸਦ ਹੈ।



# ਡਾ.ਮਨਮੋਹਨ ਸਿੰਘ ਸਿਵਲ ਹਸਪਤਾਲ ਵੱਲੋਂ ਹੀਟ ਵੇਵ ਸਬੰਧੀ ਐਡਵਾਈਜ਼ਰੀ ਜਾਰੀ

ਦਸੂਹਾ, 29 ਮਈ (ਰਾਜਿੰਦਰ ਸਿੰਘ ਦਸੂਹਾ): ਡਾ.ਮਨਮੋਹਨ ਸਿੰਘ ਨੇ ਹੀਟ ਵੇਵ ਨੂੰ ਲੈ ਕੇ ਲੋਕਾਂ ਲਈ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਹੈ ਕਿ ਵੱਧ ਰਹੀ ਗਰਮੀ ਤੇ ਵੱਧ ਰਹੇ ਤਾਪਮਾਨ ਕਾਰਨ ਸਿਹਤ ਸਬੰਧੀ ਸਮੱਸਿਆਵਾਂ ਵੱਧ ਸਕਦੀਆਂ ਹਨ ਤੇ ਪੰਜਾਬ ਵਿੱਚ ਹੀਟ ਵੇਵ ਦਾ ਕਹਿਰ ਵੱਗ ਰਿਹਾ ਹੈ ਤੇ ਮੌਸਮ ਵਿਭਾਗ ਵੱਲੋਂ ਰੈਡ ਅਲਰਟ ਜਾਰੀ ਕੀਤਾ ਗਿਆ ਹੈ।ਉਨ੍ਹਾਂ ਵੱਲੋਂ ਲੋਕਾਂ ਨੂੰ ਦੁਪਹਿਰ 12 ਵਜੇ ਤੋਂ 4 ਵਜੇ ਤੱਕ ਘਰੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਗਈ।ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਪਾਣੀ ਪੀਤਾ ਜਾਵੇ ਤੇ ਨਿੰਬੂ ਪਾਣੀ, ਲੱਸੀ, ਓ.ਆਰ.ਐਸ. ਵਰਗੀਆਂ ਤਰਲ ਚੀਜ਼ਾਂ ਦੀ ਵਰਤੋਂ ਕੀਤੀ ਜਾਵੇ। ਹਲਕੇ ਤੇ ਢਿੱਲੇ ਕੱਪੜੇ ਪਹਿਨਣ, ਸਿਰ ਨੂੰ ਕੱਪੜੇ ਜਾਂ ਟੋਪੀ ਨਾਲ ਢੱਕਣ ਤੇ ਧੁੱਪ ਵਿੱਚ ਜਾਣ ਸਮੇਂ ਛੱਤਰੀ ਜਾਂ ਚਸ਼ਮੇ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ। ਬੱਚਿਆਂ, ਬਜ਼ੁਰਗਾਂ ਤੇ ਬਿਮਾਰ ਵਿਅਕਤੀਆਂ ਦਾ ਖਾਸ ਧਿਆਨ ਰੱਖੋ। ਬਾਹਰ ਦੇ ਖਾਣੇ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਬਾਸੀ ਤੇ ਖੁੱਲ੍ਹਾ ਖਾਣਾ ਖਾਣ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਮਾਪਿਆਂ ਨੂੰ ਛੋਟੇ ਬੱਚਿਆਂ ਤੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਣ।

# ਸੇਵਾਮੁਕਤ ਨਗਰ ਕੌਂਸਲ ਅਧਿਕਾਰੀ ਵਿਪਨ ਅੱਤਰੀ ਭਾਜਪਾ 'ਚ ਸ਼ਾਮਲ

ਗੁਰਦਾਸਪੁਰ, 29 ਮਈ (ਜਸਵਿੰਦਰ ਸਿੰਘ): ਭਾਜਪਾ ਨੂੰ ਵੱਡਾ ਹੁਲਾਰਾ ਉਦੋਂ ਮਿਲਿਆ, ਜਦੋਂ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਬਾਹੀਆ ਦੀ ਪ੍ਰਧਾਨਗੀ ਹੇਠ ਸੇਵਾਮੁਕਤ ਸੀਨੀਅਰ ਨਗਰ ਕੌਂਸਲ ਅਧਿਕਾਰੀ ਤੇ ਸਮਾਜ ਸੇਵਕ ਵਿਪਨ ਅੱਤਰੀ ਭਾਜਪਾ ਵਿੱਚ ਸ਼ਾਮਲ ਹੋਏ। ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ ਨੇ ਉਨ੍ਹਾਂ ਨੂੰ ਪਾਰਟੀ ਦੀ ਪੱਗ ਭੇਟ ਕੀਤੀ ਤੇ ਪਾਰਟੀ ਮੈਂਬਰਸ਼ਿਪ ਦਿੱਤੀ। ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਵਿਪਨ ਅੱਤਰੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਤੇ ਉਨ੍ਹਾਂ ਦੇ ਦੇਸ਼ ਨੂੰ ਹਰ ਖੇਤਰ ਵਿੱਚ ਅੱਗੇ ਲਿਜਾਣ ਦੇ ਤਰੀਕੇ ਤੋਂ ਪ੍ਰਭਾਵਿਤ ਹੋਏ ਹਨ। ਅੱਤਰੀ ਨੇ ਕਿਹਾ ਕਿ ਉਹ ਦੁਨੀਆਂ ਦੀ ਸਭ ਤੋਂ ਵੱਡੀ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਮਾਣ ਮਹਿਸੂਸ ਕਰ ਰਹੇ ਹਨ ਤੇ ਜਿੱਥੇ ਵੀ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਆਪਣੇ ਫਰਜ਼ ਨਿਭਾਏ ਹਨ। ਵਿਪਨ ਅੱਤਰੀ ਦੇ ਸ਼ਾਮਲ ਹੋਣ 'ਤੇ, ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਪਾਰਟੀ ਮਜ਼ਬੂਤ ਹੋਵੇਗੀ ਤੇ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਨੂੰ ਫਾਇਦਾ ਹੋਵੇਗਾ। ਇਸ ਮੌਕੇ ਜ਼ਿਲ੍ਹਾ ਇੰਚਾਰਜ, ਸੂਬਾ ਸਕੱਤਰ ਸੂਰਜ ਭਾਰਦਵਾਜ, ਨਗਰ ਕੌਂਸਲ ਚੋਣਾਂ ਦੇ ਇੰਚਾਰਜ ਤੇ ਸੂਬਾ ਸਕੱਤਰ ਰਾਕੇਸ਼ ਸ਼ਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੋਤੀ, ਸਾਬਕਾ ਜ਼ਿਲ੍ਹਾ ਪ੍ਰਧਾਨ ਸ਼ਿਵਬੀਰ ਸਿੰਘ ਰਾਜਨ, ਸਾਬਕਾ ਸੂਬਾ ਪ੍ਰਧਾਨ ਓਬੀਸੀ ਮੋਰਚਾ ਰਾਜਿੰਦਰ ਬਿੱਟਾ, ਜ਼ਿਲ੍ਹਾ ਜਨਰਲ ਸਕੱਤਰ ਵਿਕਾਸ ਗੁਪਤਾ, ਜ਼ਿਲ੍ਹਾ ਜਨਰਲ ਸਕੱਤਰ ਰਾਜੂ ਪੰਡਿਤ, ਜਨਰਲ ਸਕੱਤਰ ਬਲਵਿੰਦਰ ਬਿੱਟੂ, ਸੂਬਾ ਸੋਸ਼ਲ ਮੀਡੀਆ ਸਹਿ-ਇੰਚਾਰਜ ਉਮੇਸ਼ਵਰ ਮਹਾਜਨ, ਮੰਡਲ ਪ੍ਰਧਾਨ ਰੋਹਿਤ ਮਹਾਜਨ ਮੌਜੂਦ ਸਨ।



# ਆਰਡੀਐਸ ਸਕੀਮ ਤਹਿਤ 3284 ਕਰੋੜ ਰੁਪਏ ਮਨਜ਼ੂਰ: ਪੰਮੀ ਪੰਡੋਰੀ

ਗੜ੍ਹਸ਼ੰਕਰ, 29 ਮਈ (ਅਜਮੇਰ ਸਿੰਘ ਭਨੋਟ): ਕੇਂਦਰ ਨੇ ਪੰਜਾਬ ਦੇ ਆਰਡੀਐਸ ਸਕੀਮ ਤਹਿਤ 3284 ਕਰੋੜ ਰੁਪਏ ਮਨਜ਼ੂਰ ਕਰਕੇ ਉਂਡਰ ਗਰਾਊਂਡ ਬਿਜਲੀ ਨੈਟਵਰਕ ਲਈ ਮਨਜ਼ੂਰ ਕੀਤਾ ਹੈ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਮੀ ਪੰਡੋਰੀ ਮੀਤ ਪ੍ਰਧਾਨ ਜ਼ਿਲ੍ਹਾ ਹੁਸ਼ਿਆਰਪੁਰ ਨੇ ਚੜ੍ਹਦੀਕਲਾ ਨਾਲ ਗੱਲਬਾਤ ਦੌਰਾਨ ਕਹੇ। ਪੰਮੀ ਪੰਡੋਰੀ ਨੇ ਕਿਹਾ ਕਿ ਅੱਜ ਪੰਜਾਬ ਦੇ ਵਿੱਚ ਕੇਂਦਰ ਸਰਕਾਰ ਵੱਲੋਂ ਕਈ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸਦੇ ਵਿੱਚ ਇੱਕ ਵੱਡਾ ਪ੍ਰੋਜੈਕਟ ਆਰਡੀਐਸ ਸਕੀਮ ਤਹਿਤ 3284 ਕਰੋੜ ਰੁਪਏ ਉਂਡਰ ਗਰਾਊਂਡ ਬਿਜਲੀ ਨੈਟਵਰਕ ਸਮਾਰਟ ਮੀਟਰ ਤੇ ਇੱਕ ਮਜ਼ਬੂਤ ਪਾਵਰ ਗਰਿਡ ਜੋ ਪੰਜਾਬ ਦੇ ਬਿਜਲੀ ਸਿਸਟਮ ਅੱਜ ਲੋਕਾਂ ਨੂੰ ਸੁਰੱਖਿਅਤ ਰੱਖੇਗਾ। ਕੇਂਦਰ ਦੀ ਭਾਜਪਾ ਸਰਕਾਰ ਦਾ ਇੱਕ ਹੀ ਮਹੱਤਵ ਹੈ ਕਿ ਉਹ ਪੰਜਾਬ ਦੀ ਡਿਵੈਲਪਮੈਂਟ ਚਾਹੁੰਦੇ ਹਨ।



# ਕਲਮ ਦੇ ਸਿਪਾਹੀਆਂ ਨੇ ਦਿੱਤਾ ਹਰਿਆਵਲੀ ਦਾ ਸੰਦੇਸ਼, ਬੂਟੇ ਲਗਾ ਕੇ ਜਨਮਦਿਨ ਮਨਾਇਆ

ਨਵਾਂਸ਼ਹਿਰ, 29 ਮਈ (ਸੁਖਦੇਵ ਸਿੰਘ ਉੜਾਪੜ): ਸਮਾਜ ਨੂੰ ਆਪਣੀ ਕਲਮ ਰਾਹੀਂ ਜਾਗਰੂਕ ਕਰਨ ਵਾਲੇ ਪੱਤਰਕਾਰਾਂ ਨੇ ਇਸ ਵਾਰ ਵਾਤਾਵਰਨ ਸੰਭਾਲ ਦਾ ਸੰਦੇਸ਼ ਦਿੰਦਿਆਂ ਪੌਧਾਰੋਪਣ ਕਰਕੇ ਜਨਮਦਿਨ ਮਨਾਇਆ। ਜ਼ਿਕਰਯੋਗ ਹੈ ਕਿ ਐਸਬੀਐਸ ਪ੍ਰੈਸ ਕਲੱਬ ਵੱਲੋਂ ਆਪਣੇ ਸਾਰੇ ਪੱਤਰਕਾਰ ਮੈਂਬਰਾਂ ਦੇ ਜਨਮਦਿਨ ਮੌਕੇ ਪੌਧਾਰੋਪਣ ਕਰਨ ਦੀ ਵਿਸ਼ੇਸ਼ ਮੁਹਿਮ ਚਲਾਈ ਜਾ ਰਹੀ ਹੈ। ਇਸੇ ਕੜੀ ਤਹਿਤ ਵੀਰਵਾਰ ਨੂੰ ਐਸਬੀਐਸ ਪ੍ਰੈਸ ਕਲੱਬ ਦੇ ਪ੍ਰਧਾਨ ਸੁਰਿੰਦਰ ਤ੍ਰਿਪਾਠੀ ਤੇ ਜਗਤਾਰ ਸਿੰਘ ਨੇ ਬਾਰਾਦਰੀ ਗਾਰਡਨ ਵਿੱਚ ਗੁਲਹੜ (ਹਿਬਿਸਕਸ) ਦੇ ਬੂਟੇ ਲਗਾ ਕੇ ਲੋਕਾਂ ਨੂੰ ਕੁਦਰਤ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਇਹ ਪੌਧਾਰੋਪਣ ਪ੍ਰੋਗਰਾਮ ਐਸਕੇਟੀ ਪਲਾਂਟੇਸ਼ਨ ਟੀਮ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਸ ਮੌਕੇ ਐਸਕੇਟੀ ਪਲਾਂਟੇਸ਼ਨ ਟੀਮ ਦੇ ਸੰਸਥਾਪਕ ਤੇ ਸੰਚਾਲਕ ਅੰਕੁਸ਼ ਨਿਝਾਵਨ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪ੍ਰੋਗਰਾਮ ਦੌਰਾਨ ਵਾਤਾਵਰਨ ਸੰਭਾਲ ਤੇ ਹਰਿਆਵਲੀ ਵਧਾਉਣ ਸਬੰਧੀ ਸਾਰੇ ਮੈਂਬਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਐਸਬੀਐਸ ਪ੍ਰੈਸ ਕਲੱਬ ਦੇ ਚੇਅਰਮੈਨ ਜਸਬੀਰ ਸਿੰਘ ਨੂਰਪੁਰ ਨੇ ਕਿਹਾ ਕਿ ਜੇ ਹਰ ਵਿਅਕਤੀ ਆਪਣੇ ਜਨਮਦਿਨ, ਵਿਆਹ ਦੀ ਵਰ੍ਹੇਗੰਢ ਜਾਂ ਕਿਸੇ ਹੋਰ ਖਾਸ ਮੌਕੇ 'ਤੇ ਇੱਕ ਬੂਟਾ ਲਗਾਉਣ ਦਾ ਸੰਕਲਪ ਲੈ ਲਵੇ ਤਾਂ ਆਉਣ ਵਾਲੇ ਸਮੇਂ ਵਿੱਚ ਵਾਤਾਵਰਨ ਦੀ ਸਥਿਤੀ ਨੂੰ ਕਾਫੀ ਹੱਦ ਤੱਕ ਸੁਧਾਰਿਆ ਜਾ ਸਕਦਾ ਹੈ। ਇਸ ਮੌਕੇ ਸੁਖਜਿੰਦਰ ਭੰਗਲ, ਮਨੋਰੰਜਨ ਕਾਲੀਆ, ਸੰਜੀਵ ਬੌਬੀ, ਰਿਸ਼ੀ ਚੰਦਰ, ਮਨਦੀਪ ਦੁੱਗਲ, ਅਸ਼ੋਕ ਦੁੱਗਲ, ਵਾਸਦੇਵ ਪਰਦੇਸੀ, ਮਹੇਸ਼ ਸਾਜਨ, ਯੋਗੇਸ਼ ਮਲਹੋਤਰਾ, ਜੋਬਨ ਭੰਗਲ, ਹਰਵਿੰਦਰ ਸਿੰਘ, ਵਿਪਿਨ ਕੁਮਾਰ, ਹਰਮਿੰਦਰ ਸਿੰਘ ਪਿੰਟੂ, ਵਿਸ਼ਾਲ ਤੇ ਐਸਕੇਟੀ ਪਲਾਂਟੇਸ਼ਨ ਟੀਮ ਦੇ ਮੈਂਬਰ ਕੁਲਵਿੰਦਰ ਸਿੰਘ ਸਮੇਤ ਹੋਰ ਮੈਂਬਰ ਹਾਜ਼ਰ ਸਨ।



# ਕਾਂਗਰਸ ਨੇ ਹੀ ਕਾਂਗਰਸੀਆਂ ਦੀ ਮੰਜੀ ਠੋਕੀ

ਰਈਆ, 29 ਮਈ (ਰਾਕੇਸ਼ ਸਲਵਾਨ): ਅੱਜ ਨਗਰ ਪੰਚਾਇਤ ਚੋਣਾਂ ਦਾ ਨਤੀਜਾ ਆਇਆ। ਰਈਆ ਦੀਆਂ ਤੇਰਾਂ ਵਾਰਡਾਂ ਸਨ, ਜਿਨ੍ਹਾਂ ਵਿੱਚੋਂ ਅੱਠ ਸੀਟਾਂ ਪਹਿਲਾਂ ਹੀ ਪੇਪਰ ਰੱਦ ਹੋਣ ਕਾਰਨ ਆਮ ਆਦਮੀ ਪਾਰਟੀ ਜੇਤੂ ਰਹੀ, ਬਾਕੀ ਪੰਜ ਸੀਟਾਂ 'ਤੇ ਚੋਣਾਂ ਹੋਈਆਂ, ਜਿਨ੍ਹਾਂ ਵਿੱਚੋਂ ਤਿੰਨ 'ਤੇ ਆਮ ਆਦਮੀ ਪਾਰਟੀ ਜੇਤੂ ਰਹੀ ਤੇ ਦੋ ਸੀਟਾਂ ਕਾਂਗਰਸ ਪਾਰਟੀ ਨੂੰ ਮਿਲੀਆਂ। ਹਾਰੇ ਹੋਏ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਵੱਲੋਂ ਕੁੱਝ ਪੁਰਾਣੇ ਸੀਨੀਅਰ ਲੀਡਰਾਂ 'ਤੇ ਇਲਜ਼ਾਮ ਲਗਾਉਂਦੇ ਸਾਹਮਣੇ ਆਏ, ਜਿਨ੍ਹਾਂ ਵੱਲੋਂ ਰੱਜ ਕੇ ਭੜਾਸ ਕੱਢੀ ਗਈ ਤੇ ਬਿਨਾਂ ਕਿਸੇ ਦਾ ਨਾਮ ਲਿਆ ਇਨ੍ਹਾਂ ਵੱਲੋਂ ਆਖਿਆ ਗਿਆ ਕਿ ਇਹ ਲੀਡਰ ਆਪਣੇ-ਆਪ ਨੂੰ ਕਾਂਗਰਸੀ ਦੱਸਦੇ ਪਰ ਇਨ੍ਹਾਂ ਵੱਲੋਂ ਪਿੱਠ ਵਿੱਚ ਛੁਰਾ ਮਾਰਿਆ ਗਿਆ। ਅਖੀਰ ਵਿੱਚ ਉਨ੍ਹਾਂ ਵੱਲੋਂ ਆਖਿਆ ਗਿਆ ਕਿ ਇਨ੍ਹਾਂ ਬਾਰੇ ਹਾਈ ਕਮਾਂਡ ਨੂੰ ਦੱਸਿਆ ਜਾਵੇਗਾ ਤੇ ਮੰਗ ਕੀਤੀ ਜਾਵੇਗੀ ਕਿ ਇਨ੍ਹਾਂ ਨੂੰ ਪਾਰਟੀ ਵਿੱਚੋਂ ਬਾਹਰ ਕੱਢਿਆ ਜਾਵੇ।

# ਫਰੈਂਡਲੀ ਕ੍ਰਿਕਟ ਮੈਚਾਂ ਦੀ ਲੜੀ 'ਚ ਸਿਲਵਰ ਓਕ ਸਕੂਲ ਦੀ ਟੀਮ ਰਹੀ ਜੇਤੂ

ਟਾਂਡਾ ਉੜਮੁੜ, 29 ਮਈ (ਅਰਜੁਨ ਜੈਨ): ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਇਸੇ ਆਧਾਰ ਦੇ ਉਤੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਕੂਲ ਦੇ ਵਿੱਚ ਫਰੈਂਡਲੀ ਕ੍ਰਿਕਟ ਮੈਚਾਂ ਦੀ ਲੜੀ ਕਰਵਾਈ ਗਈ। ਇਹ ਮੈਚ ਡੀ.ਐਸ. ਕ੍ਰਿਕਟ ਅਕੈਡਮੀ ਹੁਸ਼ਿਆਰਪੁਰ ਤੇ ਸਿਲਵਰ ਇੰਟਰਨੈਸ਼ਨਲ ਸਕੂਲ ਸ਼ਾਹਬਾਜਪੁਰ ਦੀਆਂ ਟੀਮਾਂ ਵਿਚਕਾਰ ਹੋਏ। ਇਨ੍ਹਾਂ ਮੈਚਾਂ ਦੇ ਵਿੱਚ ਸਿਲਵਰ ਓਕ ਇੰਟਰਨੈਸ਼ਨਲ ਸਕੂਲ ਦੀ ਟੀਮ ਨੇ ਲਗਾਤਾਰ ਦੋ ਮੈਚਾਂ ਵਿੱਚ ਜਿੱਤ ਦਰਜ ਕੀਤੀ। ਮੈਂ ਇਨ੍ਹਾਂ ਮੈਚਾਂ ਦੌਰਾਨ ਸਿਲਵਰ ਓਕ ਦੀ ਟੀਮ ਦੇ ਯੁਵਰਾਜ ਪੁਰੀ ਨੇ 70 ਰਨ ਦੀ ਪਾਰੀ ਖੇਡੀ ਤੇ 2 ਵਿਕਟਾਂ ਹਾਸਲ ਕੀਤੀਆਂ। ਇਸ ਦੇ ਨਾਲ ਹੀ ਟੀਮ ਤੇ ਬਾਊਲਰ ਪਿਤਾਸ਼ ਨੇ 2 ਵਿਕਟਾਂ ਹਾਸਲ ਕਰਕੇ ਆਪਣੀ ਟੀਮ ਨੂੰ ਜਿੱਤ ਦਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਕੋਚ ਪੰਕਜ ਨੂੰ ਉਨ੍ਹਾਂ ਦੀ ਟੀਮ ਦੀ ਇਸ ਜਿੱਤ ਲਈ ਵਧਾਈ ਦਿੱਤੀ ਤੇ ਬੱਚਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ, ਜਗਬੰਧਨ ਸਿੰਘ, ਸੁਰੇਸ਼, ਅਮਰਜੀਤ ਕੌਰ ਸੈਣੀ, ਵਿਸ਼ਾਲੀ, ਰਾਜਵਿੰਦਰ, ਰਾਜਬੀਰ, ਗੁਰਪ੍ਰੀਤ, ਬਲਜੀਤ, ਸੁਮਿਤ, ਗਰਿੰਦਰ, ਹਰਜਿੰਦਰ, ਕ੍ਰਿਕਟ ਕੋਚ ਧਨਜਯ ਸਿੰਘ ਤੇ ਜਰਨੈਲ ਸਿੰਘ ਮੌਜੂਦ ਸਨ।



# ਐਸਓਡੀ ਸੰਸਥਾ ਵੱਲੋਂ ਦੋ ਹੋਣਹਾਰ ਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ



ਗੜ੍ਹਦੀਵਾਲਾ, 29 ਮਈ (ਗੌਰਵ): ਸਟੂਡੈਂਟ ਵੈਲਫੇਅਰ ਸੁਸਾਇਟੀ (ਰਜਿ.) ਆਫ ਦਸੂਹਾ ਐਸ.ਓ.ਡੀ. ਦੁਆਰਾ ਵਿਦਿਆਰਥੀ ਵਰਗ ਲਈ ਅਨੇਕਾਂ ਕਾਰਜ ਸਮੇਂ-ਸਮੇਂ 'ਤੇ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਹੀ ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਦੀਆਂ ਸਕੂਲਾਂ ਕਾਲਜਾਂ ਦੀਆਂ ਫੀਸਾਂ ਦੇਣ ਦਾ ਕੰਮ ਵੀ ਨਿਰੰਤਰ ਜਾਰੀ ਹੈ। ਸਟੂਡੈਂਟ ਵੈਲਫੇਅਰ ਸੁਸਾਇਟੀ ਆਫ ਦਸੂਹਾ ਐਸ.ਓ.ਡੀ. ਦੇ ਪ੍ਰਧਾਨ ਹਰਜੋਤ ਸਿੰਘ ਸਹੋਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਸੰਸਥਾ ਦੁਆਰਾ ਗੜ੍ਹਦੀਵਾਲਾ ਦੇ ਕੰਢੀ ਇਲਾਕੇ ਦੇ ਦੋ ਵਿਦਿਆਰਥੀ ਜੋ ਕਿ ਆਪਣੀ ਪੜ੍ਹਾਈ ਸੰਤ ਬਾਬਾ ਭੋਲਾ ਗਿਰ ਜੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਰਾਜਪੁਰ ਕੰਢੀ ਵਿਖੇ ਕਰ ਰਹੇ ਹਨ ਪਰ ਉਨ੍ਹਾਂ ਦੇ ਮਾਪੇ ਉਨ੍ਹਾਂ ਦੀ ਸਕੂਲ ਫੀਸ ਕਿਤਾਬਾਂ ਆਰਥਿਕ ਤੰਗੀ ਕਰਕੇ ਨਹੀਂ ਦੇ ਸਕਦੇ ਹਨ, ਇਸ ਲਈ ਉਨ੍ਹਾਂ ਐਸ.ਓ.ਡੀ. ਸੰਸਥਾ ਨਾਲ ਸੰਪਰਕ ਕੀਤਾ ਤੇ ਗੁਰਪ੍ਰੀਤ ਸਿੰਘ ਗੋਪੀ ਖੁਰਦਾਂ ਦੁਆਰਾ ਆਪਣੇ ਭੂਆ ਦੇ ਲੜਕੇ ਸਵਰਗਵਾਸੀ ਹਰਪ੍ਰੀਤ ਸਿੰਘ ਰੋਮੀ ਸਪੇਨ ਦੀ ਯਾਦ ਨੂੰ ਸਮਰਪਿਤ ਇਨ੍ਹਾਂ ਵਿਦਿਆਰਥੀਆਂ ਦੀ ਫੀਸ 20 ਹਜ਼ਾਰ ਰੁਪਏ ਐਸ.ਓ.ਡੀ. ਸੰਸਥਾ ਦੇ ਬੈਨਰ ਹੇਠ ਸਕੂਲ ਜਾ ਕੇ ਜਮ੍ਹਾਂ ਕਰਵਾ ਕੇ ਇਹ ਸੇਵਾ ਕੀਤੀ ਗਈ। ਇਸ ਮੌਕੇ ਐਸ.ਓ.ਡੀ. ਸੰਸਥਾ ਵੱਲੋਂ ਗੁਰਪ੍ਰੀਤ ਸਿੰਘ ਗੋਪੀ ਖੁਰਦਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਦੌਰਾਨ ਸਕੂਲ ਦੇ ਐਮਡੀ ਗੁਰਦੀਪ ਸਿੰਘ ਨੇ ਆਖਿਆ ਕਿ ਅਜਿਹੀਆਂ ਸੰਸਥਾਵਾਂ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਿਤ ਹੋ ਰਹੀਆਂ ਹਨ, ਜਿਸ ਨਾਲ ਲੋੜਵੰਦ ਤੇ ਹੋਣਹਾਰ ਵਿਦਿਆਰਥੀ ਆਪਣੀ ਪੜ੍ਹਾਈ ਦਾ ਸੁਪਨਾ ਸਾਕਾਰ ਕਰ ਰਹੇ ਹਨ। ਇਸ ਮੌਕੇ ਗੁਰਪ੍ਰੀਤ ਸਿੰਘ ਗੋਪੀ ਖੁਰਦਾਂ, ਐਮਡੀ ਗੁਰਦੀਪ ਸਿੰਘ, ਸੀਮਾ, ਅਨੀਤਾ ਰਾਣੀ, ਮਨਜੀਤ ਕੌਰ, ਹਰਪ੍ਰੀਤ ਕੌਰ, ਕਮਲਦੀਪ ਡਡਵਾਲ, ਮਨਿੰਦਰ ਸਿੰਘ ਆਦਿ ਹਾਜ਼ਰ ਸਨ।

# ਪੁਰਾਣੀ ਰੰਜਿਸ਼ ਕਾਰਨ ਨੌਜਵਾਨ 'ਤੇ ਹਮਲਾ, ਕਈਆਂ ਖ਼ਿਲਾਫ਼ ਕੇਸ ਦਰਜ

ਧਾਰੀਵਾਲ, 29 ਮਈ (ਅਸ਼ੋਕ ਕੁਮਾਰ): ਪੁਰਾਣੀ ਰੰਜਿਸ਼ ਦੇ ਚੱਲਦਿਆਂ ਇੱਕ ਨੌਜਵਾਨ 'ਤੇ ਹਮਲਾ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ ਕਈ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸ਼ਿਕਾਇਤਕਰਤਾ ਮਲਕੀਤ ਸਿੰਘ ਪੁੱਤਰ ਸਵਰਣ ਸਿੰਘ ਵਾਸੀ ਕਲਿਆਣਪੁਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਗੁਰਦੁਆਰਾ ਬੁਰਜ ਸਾਹਿਬ ਮੱਥਾ ਟੇਕਣ ਲਈ ਜਾ ਰਿਹਾ ਸੀ। ਸ਼ਾਮ ਕਰੀਬ 5:30 ਵਜੇ ਜਦੋਂ ਉਹ ਮਿੱਲ ਗਰਾਊਂਡ ਧਾਰੀਵਾਲ ਨੇੜੇ ਪੁੱਜਿਆ ਤਾਂ ਐਮੀ, ਜਪਨੂਰ ਉਰਫ਼ ਜੋਤਾ ਪੁੱਤਰ ਵਰਿੰਦਰ ਸਿੰਘ, ਚੰਦਰ ਮੋਹਨ ਵਾਸੀ ਧਾਰੀਵਾਲ, ਮਲਕੀਤ ਸਿੰਘ ਉਰਫ਼ ਸੋਨਾ ਵਾਸੀ ਰਣੀਆ, ਸੰਜੇ ਵਾਸੀ ਮਾਡਲ ਟਾਊਨ ਤੇ ਚਾਰ ਅਣਪਛਾਤੇ ਵਿਅਕਤੀਆਂ ਨੇ ਉਸਦਾ ਰਾਹ ਰੋਕ ਲਿਆ। ਦੋਸ਼ ਹੈ ਕਿ ਉਕਤ ਵਿਅਕਤੀਆਂ ਨੇ ਦਸਤੀ ਹਥਿਆਰਾਂ ਨਾਲ ਹਮਲਾ ਕਰਕੇ ਉਸਨੂੰ ਜ਼ਖ਼ਮੀ ਕਰ ਦਿੱਤਾ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕੁਸ਼ਤੀ ਫੈਡਰੇਸ਼ਨ ਹੁਣ ਵਿਨੇਸ਼ ਫੋਗਾਟ ਖ਼ਿਲਾਫ਼ ਸੁਪਰੀਮ ਕੋਰਟ ਪੁੱਜੀ

## ☛ਦਿੱਲੀ ਹਾਈ ਕੋਰਟ ਦਾ ਫ਼ੈਸਲਾ ਗ਼ੈਰ-ਕਾਨੂੰਨੀ ਕਰਾਰ



ਨਵੀਂ ਦਿੱਲੀ, 29 ਮਈ (ਚ.ਨ.ਸ): ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊਐਫਆਈ) ਓਲੰਪੀਅਨ ਪਹਿਲਵਾਨ ਵਿਨੇਸ਼ ਫੋਗਾਟ ਨੂੰ 2026 ਏਸ਼ਿਆਈ ਖੇਡਾਂ ਦੇ ਚੋਣ ਟਰਾਇਲਾਂ ਵਿੱਚ ਸ਼ਮੂਲੀਅਤ ਦੀ ਖੁੱਲ੍ਹ ਦਿੰਦੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਪਹੁੰਚ ਗਈ ਹੈ। ਇਸ ਮਾਮਲੇ ਉਤੇ ਸ਼ਨੀਵਾਰ ਨੂੰ ਸੁਣਵਾਈ ਹੋਣ ਦੀ ਉਮੀਦ ਹੈ। ਫੈਡਰੇਸ਼ਨ ਨੇ ਆਪਣੀ ਵਿਸ਼ੇਸ਼ ਲੀਵ ਪਟੀਸ਼ਨ (ਐਸਐਲਪੀ) ਵਿੱਚ ਦਿੱਲੀ ਹਾਈ ਕੋਰਟ ਦੇ ਡਵੀਜ਼ਨ ਬੈਂਚ ਦੇ 22 ਮਈ ਦੇ ਫ਼ੈਸਲੇ ਨੂੰ 'ਸਪੱਸ਼ਟ ਤੌਰ 'ਤੇ ਗ਼ੈਰ-ਕਾਨੂੰਨੀ' ਕਰਾਰ ਦਿੱਤਾ ਗਿਆ ਹੈ। ਫੈਡਰੇਸ਼ਨ ਨੇ ਦਲੀਲ ਦਿੱਤੀ ਕਿ ਵਿਨੇਸ਼ ਦੇ ਹੱਕ ਵਿੱਚ ਹਦਾਇਤਾਂ ਜਾਰੀ ਕਰਨ ਤੋਂ ਪਹਿਲਾਂ ਡਬਲਿਊਐਫਆਈ ਨੂੰ ਆਪਣੀ ਗੱਲ ਰੱਖਣ ਦਾ ਢੁੱਕਵਾਂ ਮੌਕਾ ਨਹੀਂ ਦਿੱਤਾ ਗਿਆ। ਫੈਡਰੇਸ਼ਨ ਨੇ ਕਿਹਾ ਕਿ ਹਾਈ ਕੋਰਟ ਨੇ ਵਿਨੇਸ਼ ਨੂੰ ਪ੍ਰਕਾਸ਼ਿਤ ਚੋਣ ਮਾਪਦੰਡਾਂ ਤਹਿਤ ਕਥਿਤ ਤੌਰ 'ਤੇ 'ਅਯੋਗ' ਹੋਣ ਦੇ ਬਾਵਜੂਦ ਆਈਚੀ-ਨਾਗੋਆ ਵਿੱਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਦੇ ਟਰਾਇਲਾਂ ਵਿੱਚ ਸ਼ਾਮਲ ਕਰਨ ਦਾ ਨਿਰਦੇਸ਼ ਦਿੱਤਾ ਹੈ। ਫੈਡਰੇਸ਼ਨ ਨੇ ਦਲੀਲ ਦਿੱਤੀ ਕਿ ਕੌਮਾਂਤਰੀ ਬਹੁ-ਖੇਡ ਸਮਾਗਮਾਂ ਲਈ ਐਥਲੀਟਾਂ ਦੀ ਚੋਣ ਵਿਸ਼ੇਸ਼ ਤੌਰ 'ਤੇ ਮਾਨਤਾ ਪ੍ਰਾਪਤ ਕੌਮੀ ਖੇਡ ਫੈਡਰੇਸ਼ਨ ਦੇ ਖੇਤਰ ਵਿੱਚ ਆਉਂਦੀ ਹੈ ਤੇ ਖੇਡ ਚੋਣ ਮਾਮਲਿਆਂ ਵਿੱਚ 'ਅਦਾਲਤੀ ਦਖ਼ਲ' ਵਿਰੁੱਧ ਚਿਤਾਵਨੀ ਦਿੱਤੀ ਗਈ ਹੈ। ਵਿਵਾਦ ਦਾ ਪਿਛੋਕੜ ਦੱਸਦਿਆਂ ਫੈਡਰੇਸ਼ਨ ਨੇ ਕਿਹਾ ਕਿ ਵਿਨੇਸ਼ ਨੇ 'ਕੌਮਾਂਤਰੀ ਟੈਸਟਿੰਗ ਏਜੰਸੀ' (ਆਈਟੀਏ) ਨੂੰ ਭੇਜੇ ਗਏ ਪੱਤਰਾਂ ਰਾਹੀਂ ਦਸੰਬਰ 2024 ਵਿੱਚ ਕੁਸ਼ਤੀ ਤੋਂ ਆਪਣੀ ਮਰਜ਼ੀ ਨਾਲ ਸੰਨਿਆਸ ਲੈ ਲਿਆ ਸੀ। ਇਸ ਪਟੀਸ਼ਨ ਮੁਤਾਬਿਕ 'ਯੂਨਾਈਟਿਡ ਵਰਲਡ ਰੈਸਲਿੰਗ' ਦੇ ਡੋਪਿੰਗ ਰੋਕੂ ਨਿਯਮਾਂ ਤੇ 'ਵਾਡਾ' ਕੋਡ ਤਹਿਤ ਸੰਨਿਆਸ ਤੋਂ ਵਾਪਸੀ ਕਰਨ ਵਾਲੇ ਕਿਸੇ ਵੀ ਖਿਡਾਰੀ ਲਈ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਯੋਗ ਹੋਣ ਤੋਂ ਪਹਿਲਾਂ ਛੇ ਮਹੀਨਿਆਂ ਦੀ ਲਾਜ਼ਮੀ ਰਹਿਣ-ਸਹਿਣ ਦੀ ਜਾਣਕਾਰੀ ਤੇ ਡੋਪ-ਟੈਸਟਿੰਗ ਵਿੱਚੋਂ ਗੁਜ਼ਰਨਾ ਜ਼ਰੂਰੀ ਹੈ।

# ਵਿਦਿਆਰਥੀਆਂ ਨੂੰ ਹੋਈ ਪ੍ਰੇਸ਼ਾਨੀ ਦੀ ਜ਼ਿੰਮੇਵਾਰੀ ਮੇਰੀ: ਕੇਂਦਰੀ ਸਿੱਖਿਆ ਮੰਤਰੀ



ਨਵੀਂ ਦਿੱਲੀ, 29 ਮਈ (ਚ.ਨ.ਸ): ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਵਿਦਿਆਰਥੀਆਂ ਨੂੰ ਹੋਈ ਪ੍ਰੇਸ਼ਾਨੀ ਲਈ ਸਰਕਾਰ ਤਰਫੋਂ ਜ਼ਿੰਮੇਵਾਰੀ ਕਬੂਲ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਮਾਨਸਿਕ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ ਤੇ ਇਸ ਮੁੱਦੇ 'ਤੇ ਸਿਆਸਤ ਬਾਅਦ ਵਿੱਚ ਵੀ ਕੀਤੀ ਜਾ ਸਕਦੀ ਹੈ। ਪ੍ਰਧਾਨ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆ ਦੇ ਹੱਲ ਲਈ ਪਾਰਦਰਸ਼ੀ ਤੇ ਵਿਦਿਆਰਥੀ ਪੱਖੀ ਕਦਮ ਚੁੱਕੇ ਜਾਣ। ਇਥੇ ਸੀਬੀਐਸਈ ਹੈਡਕੁਆਰਟਰ ਵਿੱਚ ਉਚ ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਸਿਸਟਮ ਦੇ ਅੰਦਰ ਜਾਂ ਬਾਹਰ ਕਿਸੇ ਵੀ ਖ਼ਾਮੀ ਜਾਂ ਲਾਪ੍ਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਮੀਟਿੰਗ ਅਜਿਹੇ ਸਮੇਂ ਹੋਈ ਹੈ ਜਦੋਂ ਸੀਬੀਐਸਈ ਨੇ ਆਪਣੇ ਡਿਜੀਟਲ ਮੁਲਾਂਕਣ ਸਿਸਟਮ ਦਾ ਬਚਾਅ ਕਰਦਿਆਂ ਕਿਹਾ ਕਿ ਆਨ ਸਕ੍ਰੀਨ ਮਾਰਕਿੰਗ ਸਿਸਟਮ (ਓਐਸਐਮ) 'ਸੁਰੱਖਿਅਤ ਤੇ ਮਜ਼ਬੂਤ ਆਈਟੀ ਪਲੇਟਫਾਰਮ' ਹੈ। ਬੋਰਡ ਨੇ ਕਿਹਾ ਕਿ ਪਲੇਟਫਾਰਮ ਨੂੰ ਸੁਰੱਖਿਆ ਆਡਿਟ ਰਾਹੀਂ ਪੂਰੀ ਤਰ੍ਹਾਂ ਚੈਕ ਤੇ ਪ੍ਰਮਾਣਿਤ ਕੀਤਾ ਗਿਆ ਹੈ ਤੇ ਇਹ ਸੁਰੱਖਿਅਤ ਡਿਜੀਟਲ ਢਾਂਚਾ ਹੈ, ਜਿਸ ਵਿੱਚ ਉਤਰਪੱਤਰੀ ਦੀ ਸੁਰੱਖਿਅਤ ਸਕੈਨਿੰਗ ਤੇ ਪ੍ਰੋਸੈਸਿੰਗ ਲਈ ਕਈ ਗੁਣਵੱਤਾ ਜਾਂਚਾਂ ਤੇ ਸੁਰੱਖਿਆ ਉਪਾਅ ਮੌਜੂਦ ਹਨ। ਮੀਟਿੰਗ ਵਿੱਚ ਸਕੂਲ ਸਿੱਖਿਆ ਸਕੱਤਰ ਸੰਜੈ ਕੁਮਾਰ, ਸੀਬੀਐਸਈ ਚੇਅਰਪਰਸਨ ਰਾਹੁਲ ਸਿੰਘ, ਆਈਆਈਟੀ ਕਾਨਪੁਰ ਦੇ ਡਾਇਰੈਕਟਰ ਤੇ ਸਿੱਖਿਆ ਮੰਤਰਾਲੇ ਤੇ ਕੇਂਦਰੀ ਵਿਦਿਆਲਾ ਸੰਗਠਨ ਦੇ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਮੀਟਿੰਗ ਦੌਰਾਨ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਕਿ ਵਿਦਿਆਰਥੀਆਂ ਦੀ ਸਮੱਸਿਆ ਵੇਲੇ ਸਿਰ, ਪਾਰਦਰਸ਼ੀ ਤੇ ਵਿਦਿਆਰਥੀ ਪੱਖੀ ਤਰੀਕੇ ਨਾਲ ਹੱਲ ਕੀਤੀ ਜਾਵੇ। ਮੰਤਰੀ ਨੇ ਇਸ ਦੌਰਾਨ ਵਿਦਿਆਰਥੀ ਪੱਖੀ ਪ੍ਰਣਾਲੀ ਮਜ਼ਬੂਤ ਕਰਨ, ਮੁਲਾਂਕਣ ਤੇ ਨਿਗਰਾਨੀ ਢਾਂਚੇ ਵਿੱਚ ਸੁਧਾਰ ਲਿਆਉਣ, ਸੀਬੀਐਸਈ ਡਿਜੀਟਲ ਮੰਚ ਨੂੰ ਬਿਹਤਰ ਬਣਾਉਣ ਤੇ ਪ੍ਰੀਖਿਆ ਨਾਲ ਜੁੜੀਆਂ ਸੇਵਾਵਾਂ ਨੂੰ ਸੁਖਾਲਾ ਤੇ ਬਿਹਤਰ ਬਣਾਉਣ 'ਤੇ ਜ਼ੋਰ ਦਿੰਦਿਆਂ ਨਤੀਜਿਆਂ ਦੇ ਬਾਅਦ ਦੀ ਸੇਵਾ ਦੀ ਪ੍ਰਗਤੀ ਦੀ ਸਮੀਖਿਆ ਕੀਤੀ।

# ਤਰਲੋਚਨ ਸਿੰਘ ਨੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਲਿਖੀ ਚਿੱਠੀ

ਨਵੀਂ ਦਿੱਲੀ, 29 ਮਈ (ਚ.ਨ.ਸ): ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ (ਸਾਬਕਾ ਸੰਸਦ ਮੈਂਬਰ) ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਦਿੱਲੀ ਚੋਣਵੇਂ ਇਤਿਹਾਸਕ ਗੁਰਦੁਆਰਿਆਂ ਦੇ ਨਾਂ 'ਤੇ ਨੇੜਲੇ ਮੈਟਰੋ ਸਟੇਸ਼ਨ ਦਾ ਨਾਂ ਰੱਖਣ ਬਾਰੇ ਵਿਚਾਰ ਕਰਨ ਲਈ ਇੱਕ ਵਿਸ਼ੇਸ਼ ਮੀਟਿੰਗ ਸੱਦੀ ਜਾਵੇ। ਮੁੱਖ ਮੰਤਰੀ ਨੂੰ ਲਿਖੀ ਚਿੱਠੀ ਵਿੱਚ ਤਰਲੋਚਨ ਸਿੰਘ ਨੇ ਦੱਸਿਆ ਹੈ ਕਿ ਮੈਟਰੋ ਸਟੇਸ਼ਨਾਂ ਦੇ ਨਾਮ ਬਦਲਣ ਸਬੰਧੀ ਸਰਕਾਰ ਦੀ ਦੂਜੀ ਮੀਟਿੰਗ ਵਿੱਚ ਸਾਨੂੰ ਫਿਰ ਨਿਰਾਸ਼ਾ ਹੋਈ ਹੈ ਕਿਉਂਕਿ ਕਮੇਟੀ ਨੇ ਇਤਿਹਾਸਕ ਗੁਰਧਾਮਾਂ ਦੇ ਨੇੜਲੇ ਮੈਟਰੋ ਸਟੇਸ਼ਨਾਂ ਦਾ ਨਾਂ ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ ਤੇ ਗੁਰਦੁਆਰਾ ਮੋਤੀ ਬਾਗ਼ ਸਾਹਿਬ ਦੇ ਨਾਮ 'ਤੇ ਰੱਖਣ ਦੀ ਤਜਵੀਜ਼ 'ਤੇ ਵੀ ਵਿਚਾਰ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਤਿੰਨਾਂ ਗੁਰਧਾਮਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਤਰਲੋਚਨ ਸਿੰਘ ਨੇ ਇਹ ਵੀ ਚੇਤਾ ਕਰਵਾਇਆ ਕਿ ਉਹ 6 ਸਾਲਾਂ ਤੱਕ ਦਿੱਲੀ ਟੂਰਿਜ਼ਮ ਦੇ ਪ੍ਰਬੰਧ ਨਿਰਦੇਸ਼ਕ ਤੇ ਫਿਰ ਬਾਅਦ 'ਚ ਭਾਰਤ ਸਰਕਾਰ ਦੇ ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਵੀ ਰਹੇ ਹਨ ਤੇ ਆਪਣੇ ਤਜਰਬੇ ਦੇ ਆਧਾਰ 'ਤੇ ਉਹ ਪੂਰੇ ਵਿਸ਼ਵਾਸ ਨਾਲ ਆਖ ਸਕਦੇ ਹਨ ਕਿ ਸਭ ਤੋਂ ਵੱਧ ਵਿਦੇਸ਼ੀ ਤੇ ਭਾਰਤੀ ਸੈਲਾਨੀ ਇਨ੍ਹਾਂ ਹੀ ਧਾਰਮਿਕ ਅਸਥਾਨਾਂ 'ਤੇ ਆਉਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਗੁਰਧਾਮਾਂ ਵਿੱਚ ਵਿਦੇਸ਼ੀ ਸੈਲਾਨੀਆਂ ਦੀ ਸਹੂਲਤ ਵਾਸਤੇ ਵਿਦੇਸ਼ੀ ਭਾਸ਼ਾ ਦੇ ਦੁਭਾਸ਼ੀਏ ਵੀ ਉਪਲਬਧ ਹਨ। ਇਸੇ ਦੇ ਮੱਦੇਨਜ਼ਰ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਇੱਕ ਵਿਸ਼ੇਸ਼ ਮੀਟਿੰਗ ਸੱਦੀ ਜਾਵੇ, ਜਿਸ ਵਿੱਚ ਇਨ੍ਹਾਂ ਧਾਰਮਿਕ ਸਥਾਨਾਂ ਦੇ ਨਾਂ 'ਤੇ ਨੇੜਲੇ ਮੈਟਰੋ ਸਟੇਸ਼ਨਾਂ ਦਾ ਨਾਂ ਰੱਖੇ ਜਾਣ।

# ਸਿੱਖ ਸੰਗਤਾਂ ਦੀ ਸੇਵਾ ਚੜ੍ਹਦੀਕਲਾ 'ਚ ਰਹੀ ਹੈ ਤੇ ਰਹੇਗੀ: ਖ਼ਾਲਸਾ



ਭੋਗਪੁਰ, 29 ਮਈ (ਜੰਡੀਰ ਸੈਣੀ): ਪੰਜਾਬ ਵਿੱਚ ਸਿੱਖ ਸੰਗਤਾਂ ਵੱਲੋਂ ਸਦਾ ਹੀ ਚੜ੍ਹਦੀਕਲਾ ਵਿੱਚ ਸੰਗਤਾਂ ਵੱਲੋਂ ਸੇਵਾਵਾਂ ਦੇਖਣ ਨੂੰ ਮਿਲਦੀਆਂ ਹਨ, ਚਾਹੇ ਲੰਗਰਾਂ ਦੀ ਸੇਵਾ ਹੋਵੇ, ਸਲਾਈ ਮਸ਼ੀਨਾਂ ਵੰਡਣ ਦੀ ਸੇਵਾ ਹੋਵੇ, ਗਰੀਬ ਲੜਕੀਆਂ ਲਈ ਦਾਜ ਦਹੇਜ ਦੀ ਸੇਵਾ ਹੋਵੇ, ਸਦਾ ਹੀ ਪੰਜਾਬ ਵਿੱਚ ਸੁਸਾਇਟੀਆਂ ਵੱਲੋਂ ਵੱਖ-ਵੱਖ ਢੰਗਾਂ ਨਾਲ ਸੇਵਾਵਾਂ ਚੱਲਦੀਆਂ ਹੀ ਰਹਿੰਦੀਆਂ ਹਨ ਤੇ ਅੱਜ ਭੋਗਪੁਰ ਆਸ-ਪਾਸ ਪਿੰਡਾਂ ਦੀਆਂ ਸੰਗਤਾਂ ਵੱਲੋਂ ਜੋ ਸੇਵਾਵਾਂ ਦੇਖਣ ਨੂੰ ਮਿਲੀਆਂ ਪਿੰਡ ਮਾਧੋਪੁਰ, ਰਾਸਤਗੋ, ਭੋਗਪੁਰ, ਡੱਲੀ, ਚਮਿਆਰੀ ਹੋਰ ਵੀ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਨੇ ਟਰਾਲੀ ਭਰਕੇ ਸ੍ਰੀ ਦਰਬਾਰ ਸਾਹਿਬ ਨੂੰ ਲੰਗਰਾਂ ਵਾਸਤੇ 128 ਕੁਇੰਟਲ ਕਣਕ ਤੇ ਨਗਦੀ 21 ਹਜ਼ਾਰ ਰੁਪਏ ਭੇਟ ਕੀਤੇ, ਜਿਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਭੇਜ ਸਿੰਘ ਨੇ ਦੱਸਿਆ ਕਿ ਹਰ ਸਾਲ ਹੀ ਪਿੰਡਾਂ ਦੀਆਂ ਸੰਗਤਾਂ ਵੱਲੋਂ ਇਹ ਕਾਰਜ ਕੀਤੇ ਜਾਂਦੇ ਹਨ, ਸਤਿਗੁਰੂ ਸਾਡੇ ਪਿੰਡਾਂ ਨੂੰ ਆਸ਼ੀਰਵਾਦ ਬਖਸ਼ਿਸ਼ ਕਰਦੇ ਹਨ। ਇਸ ਮੌਕੇ 'ਤੇ ਗੁਰਭੇਜ ਸਿੰਘ, ਦਰਸ਼ਨ ਸਿੰਘ ਮਾਧੋਪੁਰ, ਕਰਮ ਸਿੰਘ ਮਾਧੋਪੁਰ, ਪਰਮਜੀਤ ਸਿੰਘ ਮਾਧੋਪੁਰ, ਕਸ਼ਮੀਰ ਸਿੰਘ ਮਾਧੋਪੁਰ ਜਰਨੈਲ ਸਿੰਘ ਵਿਨਪਾਲਕੇ, ਅਮਰਦੀਪ ਸਿੰਘ ਮਾਧੋਪੁਰ, ਮਨਜਿੰਦਰ ਸਿੰਘ ਮਾਧੋਪੁਰ, ਗੁਰਕੀਤ ਸਿੰਘ ਡੱਲੀ, ਬਾਬਾ ਜੋਧ ਸਿੰਘ ਡੱਲੀ ਗੁਰਭੇਜ ਸਿੰਘ ਆਦਿ ਹਾਜ਼ਰ ਸਨ।

## 20 ਸਾਲ ਦੀ ਜੇਲ੍ਹ ਤੇ 34 ਕਰੋੜ ਰੁਪਏ ਬਲੱਡ ਮਨੀ....

# ਸਾਊਦੀ ਦੀ ਜੇਲ੍ਹ 'ਚੋਂ ਬਕਰੀਦ 'ਤੇ ਅਬਦੁਲ ਦੀ ਕਿਵੇਂ ਹੋਈ ਘਰ ਵਾਪਸੀ



ਨਵੀਂ ਦਿੱਲੀ, 29 ਮਈ (ਚ.ਨ.ਸ): ਸਾਊਦੀ ਅਰਬ ਵਿੱਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਅਬਦੁਲ ਰਹੀਮ 20 ਸਾਲਾਂ ਬਾਅਦ ਬਕਰੀਦ ਮੌਕੇ ਆਪਣੇ ਘਰ ਪਰਤਿਆ। ਲੋਕਾਂ ਨੇ ਕ੍ਰਾਊਡਫੰਡਿੰਗ ਰਾਹੀਂ ਬਲੱਡ ਮਨੀ ਲਈ 34 ਕਰੋੜ ਰੁਪਏ ਇਕੱਠੇ ਕੀਤੇ, ਜਿਸ ਤੋਂ ਬਾਅਦ ਉਸ ਨੂੰ ਮੌਤ ਦੀ ਸਜ਼ਾ ਤੋਂ ਰਾਹਤ ਮਿਲੀ। ਰਹੀਮ ਦੇ ਕੇਰਲਮ ਵਾਪਸ ਆਉਣ 'ਤੇ ਉਹ ਭਾਵੁਕ ਹੋ ਗਏ ਤੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਘਰ ਦੇ ਦਰਵਾਜ਼ੇ 'ਤੇ ਖੜ੍ਹੀ ਮਾਂ ਦੇ ਗਲੇ ਲੱਗ ਕੇ ਉਹ ਰੋਣ ਲੱਗਾ। ਦੋਵਾਂ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਸਨ। ਰਹੀਮ ਨਵੰਬਰ 2006 ਵਿੱਚ ਆਪਣੇ ਪਰਿਵਾਰ ਦਾ ਸਹਾਰਾ ਬਣਨ ਦੀ ਉਮੀਦ ਨਾਲ ਸਾਊਦੀ ਅਰਬ ਗਿਆ ਸੀ। ਰਿਆਧ ਪੁੱਜਣ ਦੇ ਕੁਝ ਹਫ਼ਤਿਆਂ ਦੇ ਅੰਦਰ ਹੀ ਉਸ ਦੇ ਜੀਵਨ ਵਿੱਚ ਇੱਕ ਦੁਖਦਾਈ ਮੋੜ ਆ ਗਿਆ। ਰਹੀਮ ਨੂੰ ਇੱਕ ਸਾਊਦੀ ਪਰਿਵਾਰ ਦੇ ਦਿਵਿਆਂਗ ਪੁੱਤਰ ਅਨਸ ਅਲ ਫਾਇਸ ਦੀ ਦੇਖਭਾਲ ਦਾ ਜ਼ਿੰਮਾ ਸੌਂਪਿਆ ਗਿਆ ਸੀ। ਕਾਰ ਯਾਤਰਾ ਦੌਰਾਨ ਰਹੀਮ ਹੱਥੋਂ ਗਲਤੀ ਨਾਲ ਅਨਸ ਦੇ ਲਾਈਫ ਸਪੋਰਟ ਸਿਸਟਮ ਦੀ ਟਿਊਬ ਟੁੱਟ ਗਈ। 15 ਸਾਲਾ ਅਨਸ ਕੁਝ ਹੀ ਪਲਾਂ ਵਿੱਚ ਦਮ ਘੁਟਣ ਕਾਰਨ ਮਰ ਗਿਆ। ਹਾਲਾਂਕਿ ਰਹੀਮ ਨੇ ਕਿਹਾ ਕਿ ਇਹ ਇੱਕ ਹਾਦਸਾ ਸੀ, ਜਾਣਬੁੱਝ ਕੇ ਕੀਤਾ ਗਿਆ ਕਾਰਾ ਨਹੀਂ, ਫਿਰ ਵੀ ਉਸ ਨੂੰ ਦਸੰਬਰ 2006 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਤੇ 2012 ਵਿੱਚ ਸਾਊਦੀ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ। ਇਸ ਤੋਂ ਬਾਅਦ ਦੁਨੀਆਂ ਭਰ ਵਿੱਚ ਮਲਿਆਲੀ ਲੋਕਾਂ ਵਿਚਾਲੇ ਸਭ ਤੋਂ ਵੱਡੀਆਂ ਮਨੁੱਖੀ ਮੁਹਿੰਮਾਂ ਵਿਚੋਂ ਇੱਕ ਦੇਖਣ ਨੂੰ ਮਿਲੀ। ਜਦੋਂ ਅਨਸ ਦਾ ਪਰਿਵਾਰ ਆਖ਼ਰਕਾਰ ਬਲੱਡ ਮਨੀ ਬਦਲੇ ਰਹੀਮ ਨੂੰ ਮੁਆਫ਼ ਕਰਨ ਲਈ ਸਹਿਮਤ ਹੋਇਆ ਤਾਂ ਅਬਦੁਲ ਰਹੀਮ ਲਈ ਕਾਨੂੰਨੀ ਸਹਾਇਤਾ ਕਮੇਟੀ ਰਾਹੀਂ ਦੁਨੀਆਂ ਭਰ ਦੇ ਮਲਿਆਲੀ ਲੋਕਾਂ ਨੇ 34 ਕਰੋੜ ਰੁਪਏ ਇਕੱਠੇ ਕੀਤੇ। ਇਸ ਸਮੂਹਿਕ ਯਤਨ ਨੇ ਰਹੀਮ ਦੇ ਜੀਵਨ ਲਈ ਅਸੰਭਵ ਸਮਝੇ ਜਾਣ ਵਾਲੇ ਸੰਘਰਸ਼ ਨੂੰ ਉਮੀਦ ਤੇ ਦਇਆ ਦੀ ਕਹਾਣੀ ਵਿੱਚ ਬਦਲ ਦਿੱਤਾ। ਜੁਲਾਈ 2024 ਵਿੱਚ ਉਸ ਦੀ ਮੌਤ ਦੀ ਸਜ਼ਾ ਅਧਿਕਾਰਤ ਤੌਰ 'ਤੇ ਰੱਦ ਕਰ ਦਿੱਤੀ ਗਈ। ਹਾਲਾਂਕਿ ਸਾਊਦੀ ਅਰਬ ਦੇ ਜਨਤਕ ਅਧਿਕਾਰ ਕਾਨੂੰਨ ਤਹਿਤ ਰਿਹਾਈ ਹੋਣ ਤੋਂ ਪਹਿਲਾਂ ਉਸ ਨੇ 20 ਸਾਲ ਦੀ ਜੇਲ੍ਹ ਦੀ ਸਜ਼ਾ ਪੂਰੀ ਕਰਨੀ ਸੀ। ਉਹ ਇੰਤਜ਼ਾਰ ਆਖ਼ਰਕਾਰ ਇਸ ਹਫ਼ਤੇ ਖ਼ਤਮ ਹੋ ਗਿਆ।

# ਹਾਈ ਕੋਰਟ ਦੇ ਸਖ਼ਤ ਰੁਖ ਤੋਂ ਬਾਅਦ ਆਸਾਰਾਮ ਨੇ ਸਰੰਡਰ ਕੀਤਾ



ਜੋਧਪੁਰ, 29 ਮਈ (ਚ.ਨ.ਸ): ਆਸਾਰਾਮ ਨੇ ਜੋਧਪੁਰ ਸੈਂਟਰਲ ਜੇਲ੍ਹ 'ਚ ਸਰੰਡਰ ਕਰ ਦਿੱਤਾ। ਰਾਜਸਥਾਨ ਹਾਈ ਕੋਰਟ ਦਾ ਫ਼ੈਸਲਾ ਆਉਣ ਤੋਂ ਬਾਅਦ ਉਹ ਵੀਰਵਾਰ ਨੂੰ ਜੋਧਪੁਰ ਪਹੁੰਚਿਆ। ਦੁਪਹਿਰ 2.50 ਵਜੇ ਆਸਾਰਾਮ ਦੇ ਆਉਣ ਦੀ ਸੂਚਨਾ 'ਤੇ ਜੋਧਪੁਰ ਏਅਰਪੋਰਟ 'ਤੇ ਉਸ ਦੇ ਸਮਰਥਕਾਂ ਦੀ ਭੀੜ ਲੱਗ ਗਈ। ਆਸਾਰਾਮ ਨੇ ਵੀ ਗੱਡੀ ਤੋਂ ਸਮਰਥਕਾਂ ਨੂੰ ਆਸ਼ੀਰਵਾਦ ਦਿੱਤਾ। ਆਸਾਰਾਮ ਏਅਰਪੋਰਟ ਤੋਂ ਸਿੱਧਾ ਪਾਲ ਪਿੰਡ ਸਥਿਤ ਆਪਣੇ ਆਸ਼ਰਮ ਪਹੁੰਚਿਆ। ਉਥੋਂ ਏਮਸ ਗਿਆ, ਜਾਂਚ ਕਰਵਾਉਣ ਤੋਂ ਬਾਅਦ ਸ਼ਾਮ ਲਗਭਗ 5 ਵਜੇ ਸੈਂਟਰਲ ਜੇਲ੍ਹ 'ਚ ਸਰੰਡਰ ਕਰ ਦਿੱਤਾ। ਦਰਅਸਲ, ਬੁੱਧਵਾਰ ਨੂੰ ਹਾਈ ਕੋਰਟ ਦੀ ਜੋਧਪੁਰ ਮੁੱਖ ਬੈਂਚ ਨੇ ਨਾਬਾਲਿਗਾ ਨਾਲ ਜਬਰ-ਜਨਾਹ ਦੇ ਮਾਮਲੇ 'ਚ ਆਸਾਰਾਮ ਦੀ ਉਮਰਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਦੇ ਹੋਏ ਅੰਤ੍ਰਿਮ ਜ਼ਮਾਨਤ ਖਾਰਿਜ ਕਰ ਦਿੱਤੀ ਸੀ। ਅਦਾਲਤ ਵੱਲੋਂ ਤੁਰੰਤ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੇ ਹੁਕਮ ਤੋਂ ਬਾਅਦ ਆਸਾਰਾਮ ਬੁੱਧਵਾਰ ਦੇਰ ਸ਼ਾਮ ਹੀ ਹਰਿਦੁਆਰ ਤੋਂ ਦਿੱਲੀ ਦੇ ਲਈ ਰਵਾਨਾ ਹੋ ਗਿਆ ਸੀ। ਹਾਈ ਕੋਰਟ ਨੇ ਆਪਣੇ ਫ਼ੈਸਲੇ 'ਚ ਮਾਮਲੇ ਦੇ ਦੋ ਹੋਰ ਸਹਿ-ਮੁਲਜ਼ਮਾਂ, ਹੋਸਟਲ ਵਾਰਡਨ ਸ਼ਿਲਪੀ ਤੇ ਗੁਰੂਕੁਲ ਦੇ ਡਾਇਰੈਕਟਰ ਸ਼ਰਤ ਚੰਦਰ ਨੂੰ ਵੱਡੀ ਰਾਹਤ ਦਿੰਦੇ ਹੋਏ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਅਦਾਲਤ ਨੇ ਮੰਨਿਆ ਸੀ ਕਿ ਇਨ੍ਹਾਂ ਦੋਵਾਂ ਸਹਿ-ਮੁਲਜ਼ਮਾਂ ਖ਼ਿਲਾਫ਼ ਅਪਰਾਧਿਕ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਕੋਈ ਪੁਖ਼ਤਾ ਸਬੂਤ ਨਹੀਂ ਹੈ। ਜ਼ਿਕਰਯੋਗ ਹੈ ਕਿ ਅਗਸਤ 2013 'ਚ ਜੋਧਪੁਰ ਦੇ ਮਨਈ ਆਸਾਰਾਮ 'ਚ ਕੁਟੀਆ ਦੇ ਅੰਦਰ ਇੱਕ ਨਾਬਾਲਿਗ ਵਿਦਿਆਰਥਣ ਦੇ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ 'ਚ ਹੇਠਲੀ ਅਦਾਲਤ ਨੇ ਅਪ੍ਰੈਲ 2018 'ਚ ਦੋਸ਼ੀਆਂ ਨੂੰ ਸਜ਼ਾ ਸੁਣਾਈ ਸੀ। ਹੁਣ ਸਰੰਡਰ ਤੋਂ ਬਾਅਦ ਆਸਾਰਾਮ ਨੂੰ ਦੁਬਾਰਾ ਜੇਲ੍ਹ ਭੇਜ ਦਿੱਤਾ ਗਿਆ ਹੈ।

# ਟਰੌਮਾ ਕੇਅਰ ਜਿਊਣ ਦੇ ਹੱਕ ਦਾ ਅਟੁੱਟ ਅੰਗ: ਸੁਪਰੀਮ ਕੋਰਟ



ਨਵੀਂ ਦਿੱਲੀ, 29 ਮਈ (ਚ.ਨ.ਸ): ਸੁਪਰੀਮ ਕੋਰਟ ਨੇ ਨਾਗਰਿਕਾਂ ਦੇ ਟਰੌਮਾ ਕੇਅਰ ਦੇ ਅਧਿਕਾਰ ਨੂੰ ਜਿਊਣ ਦੇ ਹੱਕ ਦਾ ਅਨਿੱਖੜਵਾਂ ਅੰਗ ਦੱਸਦਿਆਂ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਿਸੇ ਵੀ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਤਿੰਨ ਮਹੀਨਿਆਂ ਅੰਦਰ ਹੈਲਪਲਾਈਨ ਨੰਬਰ 112 ਚਾਲੂ ਕਰਨ ਤੇ ਕਾਰਜਸ਼ੀਲ ਸ਼ਿਕਾਇਤ ਨਿਬੇੜਾ ਪ੍ਰਣਾਲੀ ਸਥਾਪਤ ਕਰਨ ਲਈ ਕਿਹਾ ਹੈ। ਕਿਸੇ ਵੀ ਹਾਦਸੇ ਮਗਰੋਂ ਲੱਗਣ ਵਾਲੇ ਸਦਮੇ ਨੂੰ ਟਰੌਮਾ ਕਿਹਾ ਜਾਂਦਾ ਹੈ। ਜਸਟਿਸ ਜੇਕੇ ਮਹੇਸ਼ਵਰੀ ਤੇ ਜਸਟਿਸ ਏਐਸ ਚੰਦੂਰਕਰ ਦੇ ਬੈਂਚ ਨੇ ਰਾਜਾਂ ਨੂੰ ਹਦਾਇਤ ਦਿੱਤੀ ਕਿ ਉਹ ਮਾਸਿਕ ਬੈਠਕਾਂ ਕਰਕੇ ਤੇ ਸਬੰਧਤ ਪੋਰਟਲਾਂ 'ਤੇ ਮਿਨਟਸ ਅਪਲੋਡ ਕਰਕੇ ਸਮੇਂ-ਸਮੇਂ 'ਤੇ ਪਾਲਣਾ ਰਿਪੋਰਟਾਂ ਪੇਸ਼ ਕਰਨ। ਬੈਂਚ ਨੇ ਉਪਰੋਕਤ ਹੁਕਮ ਸੇਵਲਾਈਫ ਫਾਊਂਡੇਸ਼ਨ ਵੱਲੋਂ ਦਾਖ਼ਲ ਪਟੀਸ਼ਨ ਉਤੇ ਕੀਤੇ ਹਨ। ਪਟੀਸ਼ਨ ਵਿੱਚ ਭਾਰਤੀ ਜਨਤਕ ਕਾਨੂੰਨ ਪ੍ਰਣਾਲੀ ਵਿੱਚ ਟਰੌਮਾ ਕੇਅਰ ਨੂੰ ਅਧਿਕਾਰ ਦੇ ਮਾਮਲੇ ਵਜੋਂ ਮਾਨਤਾ ਦੇਣ ਦੀ ਲੋੜ ਵਜੋਂ ਉਭਾਰਿਆ ਗਿਆ ਸੀ। ਸਿਖਰਲੀ ਅਦਾਲਤ ਨੇ ਕਿਹਾ ਕਿ ਜਦੋਂ ਕੋਈ ਵਿਅਕਤੀ ਕਿਸੇ ਹਾਦਸੇ ਜਾਂ ਇਸ ਤਰ੍ਹਾਂ ਦੀ ਕਿਸੇ ਘਟਨਾ ਦਾ ਸ਼ਿਕਾਰ ਹੁੰਦਾ ਹੈ, ਜਿਸ ਲਈ ਤੁਰੰਤ ਟਰੌਮਾ ਕੇਅਰ ਦੀ ਲੋੜ ਹੁੰਦੀ ਹੈ ਤਾਂ ਉਹ ਆਮ ਤੌਰ 'ਤੇ ਸਦਮਾ ਤੇ ਭਟਕਣਾ ਮਹਿਸੂਸ ਕਰਦੇ ਹਨ, ਇੱਕ ਤਰ੍ਹਾਂ ਦੀ ਬੇਵਸੀ ਦੀ ਭਾਵਨਾ ਦੌਰਾਨ ਉਹ ਉਮੀਦ ਕਰਦੇ ਹਨ ਕਿ ਆਲੇ ਦੁਆਲੇ ਦੇ ਲੋਕ ਉਨ੍ਹਾਂ ਨੂੰ ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਕਰਨਗੇ। ਬੈਂਚ ਨੇ ਕਿਹਾ ਕਿ ਅਜਿਹੇ ਹਾਲਾਤ ਵਿੱਚ ਡਾਕਟਰੀ ਦਖ਼ਲ ਜਾਂ ਜ਼ਰੂਰੀ ਦੇਖਭਾਲ ਤੋਂ ਬਿਨਾਂ ਬਿਤਾਇਆ ਗਿਆ ਹਰ ਮਿੰਟ ਬਚਾਅ ਦੀ ਗੁੰਜਾਇਸ਼ ਨੂੰ ਕਾਫ਼ੀ ਹੱਦ ਤੱਕ ਘਟਾ ਦਿੰਦਾ ਹੈ। ਤੇਜ਼ੀ, ਅਮਲੀ ਤੌਰ 'ਤੇ ਦਵਾਈ ਵਾਂਗ ਹੈ।

# ਈਦ-ਉਲ-ਅਜ਼ਹਾ ਦਾ ਤਿਉਹਾਰ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਵਧੇਰੇ ਮਜ਼ਬੂਤ ਕਰਦੈ: ਰਾਜੂ ਖੰਨਾ



ਅਮਲੋਹ, 29 ਮਈ (ਜਸਵੰਤ ਸਿੰਘ): ਭਾਵੇਂ ਕਿ ਦੁਨੀਆਂ ਭਰ ਵਿੱਚ ਬਹੁਤ ਸਾਰੇ ਤਿਉਹਾਰ ਹਰ ਧਰਮ ਤੇ ਮਜ਼ਹਬਾਂ ਵੱਲੋਂ ਮਨਾਏ ਜਾਂਦੇ ਹਨ ਪਰ ਇਸਲਾਮ ਧਰਮ ਵਿੱਚ ਸਿਰਫ਼ ਦੋ ਹੀ ਤਿਉਹਾਰ ਈਦ-ਉਲ-ਫਿੱਤਰ ਤੇ ਈਦ-ਉਲ-ਅਜ਼ਹਾ ਨੂੰ ਆਮ ਕਰਕੇ ਬਕਰੀਦ ਵੀ ਕਿਹਾ ਜਾਂਦਾ ਹੈ, ਮਨਾਇਆ ਜਾਂਦਾ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਈਦ-ਉਲ-ਅਜ਼ਹਾ ਬਕਰੀਦ ਦੇ ਪਵਿੱਤਰ ਤਿਉਹਾਰ 'ਤੇ ਪਿੰਡ ਪਹੇੜੀ, ਧਰਮਗੜ੍ਹ, ਨਰੈਣਗੜ੍ਹ, ਮੰਡੀ ਗੋਬਿੰਦਗੜ੍ਹ ਤੇ ਅਮਲੋਹ ਦੀਆਂ ਵੱਖ-ਵੱਖ ਮਸਜਿਦਾਂ ਵਿੱਚ ਜਾ ਕੇ ਸਮੁੱਚੇ ਭਾਈਚਾਰੇ ਨਾਲ ਖੁਸ਼ੀਆਂ ਸਾਂਝੀਆਂ ਕਰਨ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਸਾਰੇ ਧਰਮਾਂ ਵਿੱਚ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਹੀ ਮਜ਼ਬੂਤ ਨਹੀਂ ਕਰਦਾ ਸਗੋਂ ਇਹ ਆਪਸੀ ਸਾਂਝ ਦੁੱਖ-ਸੁੱਖ ਦੀ ਸ਼ਰੀਕ ਵੀ ਬਣਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹੀ ਇੱਕ ਅਜਿਹਾ ਸੂਬਾ ਹੈ ਜਿਥੇ ਧਰਮਾਂ, ਮਜ਼ਹਬਾਂ ਨੂੰ ਲੋਕ ਘੱਟ ਤਰਜੀਹ ਦੇ ਕਿ ਆਪਸੀ ਪਿਆਰ ਭਾਵਨਾ ਨਾਲ ਜੁੜ ਕੇ ਰਹਿੰਦੇ ਹਨ। ਉਨ੍ਹਾਂ ਪਿੰਡ ਪਹੇੜੀ, ਧਰਮਗੜ੍ਹ ਨਰੈਣਗੜ੍ਹ ਤੇ ਸਮੁੱਚੇ ਮੁਸਲਿਮ ਭਾਈਚਾਰੇ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ। ਇਸ ਮੌਕੇ ਪ੍ਰਬੰਧਕ ਕਮੇਟੀਆਂ ਵੱਲੋਂ ਸ੍ਰੀ ਰਾਜੂ ਖੰਨਾ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਜਥੇ. ਰਣਜੀਤ ਪਹੇੜੀ, ਨੀਟਾ ਪਹੇੜੀ, ਬੱਗਾ ਸਿੰਘ ਪਹੇੜੀ, ਜਾਵੇਦ ਖਾਂ, ਪੱਪੂ ਖਾਂ, ਨਮੇਜਾ ਖਾਂ ਪ੍ਰਧਾਨ, ਯੂਸਫ਼ ਖਾਨ, ਨਾਨਕ ਖਾਂ, ਮੁਸ਼ਤਾਕ ਖ਼ਾਂ, ਅਮੀਰ ਖਾਂ, ਅਕਬਰ ਖ਼ਾਨ, ਜਰਨੈਲ ਸਿੰਘ, ਸ਼ਨੀ ਖਾਂ, ਸਲੀਮ ਖਾਂ, ਕੇਵਲ ਖਾਂ ਧਰਮਗੜ੍ਹ, ਪਵਿੱਤਰ ਸਿੰਘ, ਵੈਦ ਮੌਸਿਮ, ਸੁਰਾਜਦੀਨ, ਵਜ਼ੀਰ ਖਾਂ, ਸਿਤਾਰ ਖਾਂ, ਦਿਲਬਰ ਖਾਂ, ਗੁਰਦੀਪ ਖਾਂ, ਅਕਬਰ ਖਾਂ, ਸਿਕੰਦਰ ਖਾਂ, ਸ਼ਮਸ਼ਾਦ ਅਲੀ, ਪ੍ਰਧਾਨ ਮੁਹੰਮਦ ਹਨੀਫ਼, ਸਦੀਕ ਮੁਹੰਮਦ, ਬਸ਼ੀਰ ਮੁਹੰਮਦ, ਦਿਲਦਾਰ ਮੁਹੰਮਦ, ਅਮਾਨਤ ਅਲੀ, ਮੱਲ ਬਹਾਦਰ ਖਾਨ, ਆਸਿਫ਼ ਅਲੀ, ਨਵਜੋਤ ਸਿੰਘ ਨਰੈਣਗੜ੍ਹ, ਗੁਰਜੋਤ ਸਿੰਘ ਧਾਰਨੀ, ਖੁਸ਼ਪ੍ਰੀਤ ਸਿੰਘ ਧਾਰਨੀ, ਸੁਖਚੈਨ ਸਿੰਘ, ਲਛਮਣ ਸਿੰਘ, ਅਮਰੀਕ ਸਿੰਘ ਕਾਹਲੋਂ, ਹਰਵਿੰਦਰ ਸਿੰਘ ਸੰਧੂ, ਗੁਰਪ੍ਰੀਤ ਸਿੰਘ ਸਾਬਕਾ ਸਰਪੰਚ, ਹਰਨੇਕ ਸਿੰਘ ਧਾਰਨੀ, ਰਾਮਧੰਨ ਸਿੰਘ, ਕਾਕਾ ਸਿੰਘ, ਗੁਰਮੀਤ ਸਿੰਘ ਸਿੱਧੂ ਤੇ ਕੁਲਦੀਪ ਸਿੰਘ ਧਾਲੀਵਾਲ ਹਾਜ਼ਰ ਸਨ।

# ਸੰਤ ਬਾਬਾ ਤੁਲਸੀ ਦਾਸ ਦੀ ਯਾਦ ਨੂੰ ਸਮਰਪਿਤ ਸਮਾਗਮ 'ਚ ਸੰਤ ਬਾਬਾ ਸੋਹਣ ਸਿੰਘ ਸਲਾਣਾ ਦਾ ਸਨਮਾਨ



ਅਮਲੋਹ, 29 ਮਈ (ਜਸਵੰਤ ਸਿੰਘ): ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸ਼ਹੀਦੀ ਦਿਵਸ 'ਤੇ ਬ੍ਰਹਮ ਗਿਆਨੀ ਸੰਤ ਬਾਬਾ ਤੁਲਸੀ ਦਾਸ ਜੀ ਦੀ ਸਾਲਾਨਾ ਬਰਸੀ ਨੂੰ ਸਮਰਪਿਤ 76ਵੀਂ ਸਾਲਾਨਾ ਬਰਸੀ ਸਮਾਗਮ ਦੇ ਮੌਕੇ 'ਤੇ ਗੁਰਦੁਆਰਾ ਬ੍ਰਹਮ ਗਿਆਨੀ ਸੰਤ ਬਾਬਾ ਤੁਲਸੀ ਦਾਸ ਜੀ ਦੁਆਰਾ ਸੈਦਖੇੜੀ ਵਿੱਚ ਪ੍ਰਭਾਵਸ਼ਾਲੀ ਸਮਾਗਮ ਸੰਤ ਬਾਬਾ ਸਵਰਨ ਸਿੰਘ ਸੈਦਖੇੜੀ ਵਾਲਿਆਂ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਤੇ ਸੰਗਤਾਂ ਨੇ ਭਾਗ ਲਿਆ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਉਪਰੰਤ ਮਹਾਨ ਸੰਤ ਸਮਾਗਮ ਕੀਤਾ ਗਿਆ, ਜਿਸ ਵਿੱਚ ਕਾਰ ਸੇਵਾ ਹਜ਼ੂਰ ਸਾਹਿਬ ਦੇ ਬਾਬਾ ਗੁਰਦੇਵ ਸਿੰਘ, ਬਾਬਾ ਨਿਰਮਲ ਸਿੰਘ ਨੀਮਾ, ਸੰਤ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲੇ, ਸੰਤ ਬਾਬਾ ਬੰਤ ਸਿੰਘ ਮਦਨਪੁਰ ਵਾਲੇ, ਸੰਤ ਬਾਬਾ ਮਨੀ ਸਿੰਘ ਪੇਹਵੇ ਵਾਲੇ, ਸੰਤ ਬਾਬਾ ਹਰਦੀਪਕ ਸਿੰਘ ਟਿੱਬੇ ਵਾਲੇ, ਸੰਤ ਬਾਬਾ ਨਰਿੰਦਰ ਸਿੰਘ ਅਲੌਹਰਾਂ ਵਾਲੇ, ਸੰਤ ਬਾਬਾ ਸੁਖਵਿੰਦਰ ਸਿੰਘ ਸ਼ੰਕਰਪੁਰ ਵਾਲੇ, ਸੰਤ ਬਾਬਾ ਅਰਜਨ ਸਿੰਘ ਆਲਮਪੁਰ ਵਾਲੇ, ਸੰਤ ਬਾਬਾ ਚਰਨਜੀਤ ਸਿੰਘ ਭੇਡਵਾਲ ਵਾਲੇ, ਸੰਤ ਬਾਬਾ ਰਣਜੀਤ ਸਿੰਘ ਉਪਲਹੇੜੀ ਵਾਲੇ, ਸੰਤ ਬਾਬਾ ਸੋਹਣ ਸਿੰਘ ਸਲਾਣਾ ਵਾਲੇ, ਸ੍ਰੀਮਾਨ ਸੰਤ ਬਾਬਾ ਭੁਪਿੰਦਰ ਸਿੰਘ ਰਾੜਾ ਸਾਹਿਬ ਜਰਗ ਵਾਲੇ ਤੇ ਬਾਬਾ ਪ੍ਰਤਾਪ ਸਿੰਘ ਸਾਧੂਗੜ੍ਹ ਵਾਲੇ ਨੇ ਗੁਰੂ ਇਤਿਹਾਸ ਬਾਰੇ ਚਾਨਣਾ ਪਾਇਆ। ਸਮਾਗਮ ਵਿੱਚ ਰਿਟ. ਡੀ.ਆਈ.ਜੀ. ਰਣਵੀਰ ਸਿੰਘ ਖੱਟੜਾ ਸਮੇਤ ਵੱਡੀ ਗਿਣਤੀ ਵਿੱਚ ਪਤਵੰਤਿਆਂ ਨੇ ਸ਼ਿਰਕਤ ਕੀਤੀ। ਸਟੇਜ ਸਕੱਤਰ ਦਾ ਫਰਜ਼ ਦਲੇਰ ਸਿੰਘ ਸੈਦਖੇੜੀ ਨੇ ਬਾਖੂਬੀ ਨਿਭਾਇਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਸੰਤ ਮਹਾਂਪੁਰਸ਼ਾਂ ਦਾ ਸਨਮਾਨ ਕੀਤਾ ਗਿਆ।

# ਮੁਕੇਰੀਆਂ ਦੇ 7 ਵਾਰਡਾਂ 'ਚ ਭਾਜਪਾ, 6 ਵਾਰਡਾਂ 'ਚ ਕਾਂਗਰਸ ਤੇ ਇੱਕ-ਇੱਕ ਵਾਰਡ 'ਚ ਆਪ ਤੇ ਆਜ਼ਾਦ ਉਮੀਦਵਾਰ ਜੇਤੂ

ਹੁਸ਼ਿਆਰਪੁਰ, 29 ਮਈ (ਦੀਪਕ ਅਗਨੀਹੋਤਰੀ): ਸਥਾਨਕ ਨਗਰ ਕੌਂਸਲ ਦੇ 15 ਵਾਰਡਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਹੋਈ ਗਿਣਤੀ ਦੌਰਾਨ ਭਾਰਤੀ ਜਨਤਾ ਪਾਰਟੀ ਦੇ 7, ਕਾਂਗਰਸ ਪਾਰਟੀ ਦੇ 6, ਆਮ ਆਦਮੀ ਪਾਰਟੀ ਦਾ ਇੱਕ ਤੇ ਇੱਕ ਆਜ਼ਾਦ ਉਮੀਦਵਾਰ ਜੇਤੂ ਰਿਹਾ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਨੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪ੍ਰਿਆ ਭਰਯਾਲ 409 ਵੋਟਾਂ ਲੈ ਕੇ ਜੇਤੂ ਰਹੀ। ਇਸੇ ਤਰ੍ਹਾਂ ਵਾਰਡ ਨੰਬਰ 2 ਤੇ 3 'ਚੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਤਨਾਮ ਸਿੰਘ ਤੇ ਰਾਧਿਕਾ ਗੁਪਤਾ ਨੇ ਕ੍ਰਮਵਾਰ 407 ਤੇ 864 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਵਾਰਡ ਨੰਬਰ 4,5,6,7,8,9 ਤੇ 10 ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੀਰਜ ਸਾਹਨੀ, ਰਾਜੇਸ਼ ਜੈਨ, ਅਨੂਪ ਕੁਮਾਰ ਭੱਟੀ, ਜਯੋਤੀ ਸ਼ਰਮਾ, ਸੁਭਾਸ਼ ਚੰਦਰ, ਮਧੂਮਿਤਾ ਤੇ ਰਮਨ ਡੋਗਰਾ ਨੇ ਕ੍ਰਮਵਾਰ 691, 773, 671, 614, 535, 482 ਤੇ 503 ਵੋਟਾਂ ਲੈ ਕੇ ਜਿੱਤਾਂ ਦਰਜ ਕੀਤੀਆਂ। ਵਾਰਡ 11,12 ਤੇ 13 ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਪੂਨਮ, ਸ਼ੇਰ ਸਿੰਘ ਤੇ ਰਮਨ ਰਾਣੀ ਨੇ 450,625 ਤੇ 533 ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਇਸੇ ਤਰ੍ਹਾਂ ਵਾਰਡ 14 ਤੋਂ ਆਜ਼ਾਦ ਉਮੀਦਵਾਰ ਗੁਲਜ਼ਾਰ ਸਿੰਘ ਨੇ 312 ਵੋਟਾਂ ਤੇ ਵਾਰਡ ਨੰਬਰ 15 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰੂਪ ਲਾਲ ਨੇ 549 ਵੋਟਾਂ ਲੈ ਕੇ ਜਿੱਤ ਦਰਜ ਕੀਤੀ।

# ਨਗਰ ਪੰਚਾਇਤ ਕੋਟ ਈਸੇ ਖਾਂ 'ਚ 'ਆਪ' ਦੀ ਵੱਡੀ ਜਿੱਤ

## ☛13 'ਚੋਂ 12 ਵਾਰਡਾਂ 'ਤੇ ਝਾੜੂ ਦਾ ਕਬਜ਼ਾ, ਇੱਕ ਵਾਰਡ ਤੋਂ ਆਜ਼ਾਦ ਉਮੀਦਵਾਰ ਜੇਤੂ

## ☛ਕਾਂਗਰਸ ਤੇ ਅਕਾਲੀ ਦਲ ਦਾ ਖਾਤਾ ਨਾ ਖੁੱਲ੍ਹਿਆ



ਕੋਟ ਈਸੇ ਖਾਂ/ਫਤਹਿਗੜ੍ਹ ਪੰਜਤੂਰ, 29 ਮਈ (ਗੁਰਦੇਵ ਖੁਰਾਣਾ/ਹਰਜੀਤ ਛਾਬੜਾ): ਨਗਰ ਪੰਚਾਇਤ ਕੋਟ ਈਸੇ ਖਾਂ ਦੀਆਂ ਚੋਣਾਂ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 13 ਵਿੱਚੋਂ 12 ਵਾਰਡਾਂ 'ਤੇ ਜਿੱਤ ਦਰਜ ਕਰ ਲਈ ਹੈ। ਜਦਕਿ ਇੱਕ ਵਾਰਡ ਨੰਬਰ 6 ਤੋਂ ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ। ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਚੋਣ ਵਿੱਚ ਕੋਈ ਵੀ ਸੀਟ ਨਹੀਂ ਮਿਲੀ। ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੂੰ ਮਿਲੀ ਇਸ ਵੱਡੀ ਜਿੱਤ ਤੋਂ ਬਾਅਦ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਨਤੀਜੇ ਆਉਣ ਤੋਂ ਬਾਅਦ ਸਮਰਥਕਾਂ ਵੱਲੋਂ ਜਸ਼ਨ ਮਨਾਇਆ ਗਿਆ ਤੇ ਇੱਕ ਦੂਜੇ ਨੂੰ ਮਠਿਆਈਆਂ ਵੰਡ ਕੇ ਵਧਾਈ ਦਿੱਤੀ ਗਈ। ਚੋਣ ਨਤੀਜਿਆਂ ਅਨੁਸਾਰ ਵਾਰਡ ਨੰਬਰ 1 ਤੋਂ ਕਿਰਨ, ਵਾਰਡ 2 ਤੋਂ ਪ੍ਰਕਾਸ਼ ਸਿੰਘ, ਵਾਰਡ 3 ਤੋਂ ਦਰਸ਼ਨਾ ਰਾਣੀ, ਵਾਰਡ 4 ਤੋਂ ਅੰਮ੍ਰਿਤਪਾਲ, ਵਾਰਡ 5 ਤੋਂ ਸੁਨੀਤਾ ਰਾਣੀ, ਵਾਰਡ 7 ਤੋਂ ਸੁਖਜੀਤ ਕੌਰ, ਵਾਰਡ 8 ਤੋਂ ਜਰਨੈਲ ਸਿੰਘ, ਵਾਰਡ 9 ਤੋਂ ਸੀਮਾ, ਵਾਰਡ 10 ਤੋਂ ਸਚਿਨ ਧੀਰ, ਵਾਰਡ 11 ਤੋਂ ਸਿਮਰਨਜੀਤ ਕੌਰ, ਵਾਰਡ 12 ਤੋਂ ਮੁਕੇਸ਼ ਕੁਮਾਰ ਤੇ ਵਾਰਡ 13 ਤੋਂ ਸੂਚਾ ਸਿੰਘ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਜਿੱਤ ਪ੍ਰਾਪਤ ਕੀਤੀ। ਜਦਕਿ ਵਾਰਡ ਨੰਬਰ 6 ਤੋਂ ਅਰੁਣ ਸਿਕਰੀ ਆਜ਼ਾਦ ਉਮੀਦਵਾਰ ਵਜੋਂ ਜੇਤੂ ਰਹੇ। ਕਈ ਵਾਰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਵੱਡੇ ਮਾਰਜਿਨ ਨਾਲ ਜਿੱਤ ਦਰਜ ਕੀਤੀ। ਵਾਰਡ ਨੰਬਰ 1 ਵਿੱਚ ਕਿਰਨ ਨੇ 530 ਵੋਟਾਂ ਦੇ ਵੱਡੇ ਅੰਤਰ ਨਾਲ ਜਿੱਤ ਪ੍ਰਾਪਤ ਕੀਤੀ, ਜਦਕਿ ਵਾਰਡ ਨੰਬਰ 12 ਵਿੱਚ ਸਭ ਤੋਂ ਕਰੀਬੀ ਮੁਕਾਬਲਾ ਦੇਖਣ ਨੂੰ ਮਿਲਿਆ, ਜਿੱਥੇ ਮੁਕੇਸ਼ ਕੁਮਾਰ ਨੇ ਸਿਰਫ 3 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ। ਇਸ ਚੋਣ ਨਤੀਜੇ ਨੂੰ ਕੋਟ ਈਸੇ ਖਾਂ ਵਿੱਚ ਆਮ ਆਦਮੀ ਪਾਰਟੀ ਲਈ ਵੱਡੀ ਸਿਆਸੀ ਕਾਮਯਾਬੀ ਵਜੋਂ ਦੇਖਿਆ ਜਾ ਰਿਹਾ ਹੈ।

# ਨਗਰ ਕੌਂਸਲ ਚੋਣਾਂ 'ਚ ਕਾਂਗਰਸ ਦੀ ਗੁਰਬਖਸ਼ੀਸ਼ ਕੌਰ ਜੇਤੂ, ਵਾਰਡ ਵਾਸੀਆਂ ਦਾ ਧੰਨਵਾਦ ਕੀਤਾ



ਫਾਜ਼ਿਲਕਾ, 29 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਨਗਰ ਕੌਂਸਲ ਚੋਣਾਂ ਦੇ ਐਲਾਨੇ ਗਏ ਨਤੀਜਿਆਂ ਵਿੱਚ ਵਾਰਡ ਨੰਬਰ 2 ਤੋਂ ਹੋਏ ਦਿਲਚਸਪ ਮੁਕਾਬਲੇ ਵਿੱਚ ਕਾਂਗਰਸ ਪਾਰਟੀ ਦੀ ਉਮੀਦਵਾਰ ਗੁਰਬਖਸ਼ੀਸ਼ ਕੌਰ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਚੋਣ ਨਤੀਜੇ ਐਲਾਨੇ ਜਾਣ ਤੋਂ ਬਾਅਦ ਕਾਂਗਰਸ ਵਰਕਰਾਂ ਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਮਰਥਕਾਂ ਵੱਲੋਂ ਮਠਿਆਈਆਂ ਵੰਡ ਕੇ ਤੇ ਇੱਕ-ਦੂਜੇ ਨੂੰ ਵਧਾਈਆਂ ਦੇ ਕੇ ਜਸ਼ਨ ਮਨਾਇਆ ਗਿਆ। ਗੁਰਬਖਸ਼ੀਸ਼ ਕੌਰ ਦੀ ਜਿੱਤ ਨੂੰ ਲੋਕਾਂ ਨੇ ਵਿਕਾਸ, ਭਰੋਸੇ ਤੇ ਸੇਵਾ ਦੀ ਰਾਜਨੀਤੀ ਦੀ ਜਿੱਤ ਵਜੋਂ ਵੇਖਿਆ ਹੈ। ਚੋਣ ਨਤੀਜਿਆਂ ਅਨੁਸਾਰ ਕਾਂਗਰਸ ਪਾਰਟੀ ਦੀ ਉਮੀਦਵਾਰ ਗੁਰਬਖਸ਼ੀਸ਼ ਕੌਰ ਨੂੰ ਕੁੱਲ 511 ਵੋਟਾਂ ਹਾਸਲ ਹੋਈਆਂ ਤੇ ਉਨ੍ਹਾਂ ਨੇ ਆਪਣੇ ਵਿਰੋਧੀਆਂ ਨੂੰ ਪਛਾੜਦਿਆਂ ਜਿੱਤ ਦਰਜ ਕੀਤੀ। ਭਾਜਪਾ ਦੀ ਉਮੀਦਵਾਰ ਪੂਜਾ ਰਾਣੀ ਨੂੰ 490 ਵੋਟਾਂ ਮਿਲੀਆਂ ਤੇ ਉਹ ਦੂਜੇ ਸਥਾਨ 'ਤੇ ਰਹੀ। ਆਮ ਆਦਮੀ ਪਾਰਟੀ ਦੀ ਉਮੀਦਵਾਰ ਰਾਜਵੰਤ ਕੌਰ ਨੂੰ 339 ਵੋਟਾਂ ਪ੍ਰਾਪਤ ਹੋਈਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਅਨੀਤਾ ਨੂੰ 62 ਵੋਟਾਂ ਨਾਲ ਸੰਤੁਸ਼ਟ ਹੋਣਾ ਪਿਆ। ਇਸ ਤੋਂ ਇਲਾਵਾ 8 ਵੋਟਰਾਂ ਨੇ ਨੋਟਾ ਦਾ ਇਸਤੇਮਾਲ ਕੀਤਾ, ਜਦਕਿ 44 ਵੋਟਾਂ ਰੱਦ ਹੋਈਆਂ। ਗੁਰਬਖਸ਼ੀਸ਼ ਕੌਰ ਸਵਰਗਵਾਸੀ ਪਰਮਜੀਤ ਸਿੰਘ ਪੰਮੀ ਦੀ ਧਰਮ ਪਤਨੀ ਹਨ। ਪਰਮਜੀਤ ਸਿੰਘ ਪੰਮੀ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਹੇ ਤੇ ਉਨ੍ਹਾਂ ਨੇ ਲੰਬੇ ਸਮੇਂ ਤੱਕ ਪਾਰਟੀ ਦੀ ਮਜ਼ਬੂਤੀ ਤੇ ਲੋਕ ਸੇਵਾ ਲਈ ਅਹਿਮ ਯੋਗਦਾਨ ਪਾਇਆ। ਇਲਾਕੇ ਦੇ ਲੋਕ ਅੱਜ ਵੀ ਉਨ੍ਹਾਂ ਦੀਆਂ ਸੇਵਾਵਾਂ ਤੇ ਲੋਕਾਂ ਨਾਲ ਉਨ੍ਹਾਂ ਦੇ ਗਹਿਰੇ ਰਿਸ਼ਤਿਆਂ ਨੂੰ ਯਾਦ ਕਰਦੇ ਹਨ। ਜਿੱਤ ਤੋਂ ਬਾਅਦ ਗੁਰਬਖਸ਼ੀਸ਼ ਕੌਰ ਨੇ ਵਾਰਡ ਵਾਸੀਆਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਸਿਰਫ਼ ਉਨ੍ਹਾਂ ਦੀ ਨਹੀਂ, ਸਗੋਂ ਪੂਰੇ ਵਾਰਡ ਦੇ ਲੋਕਾਂ ਦੀ ਜਿੱਤ ਹੈ।

# ਵਾਰਡ ਨੰਬਰ 4 ਤੋਂ ਕਾਂਗਰਸ ਦੀ ਵੀਨਾ ਰਾਣੀ ਸ਼ਾਨਦਾਰ ਜਿੱਤ ਨਾਲ ਕੌਂਸਲਰ ਚੁਣੀ



ਫਾਜ਼ਿਲਕਾ, 29 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਨਗਰ ਕੌਂਸਲ ਚੋਣਾਂ ਵਿੱਚ ਵਾਰਡ ਨੰਬਰ 4 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਵੀਨਾ ਰਾਣੀ, ਧਰਮ ਪਤਨੀ ਸੁਰਿੰਦਰ ਕਾਲੜਾ ਪੱਪੂ, ਨੇ ਸ਼ਾਨਦਾਰ ਜਿੱਤ ਦਰਜ ਕਰਦਿਆਂ ਕੌਂਸਲਰ ਦੀ ਕੁਰਸੀ ਆਪਣੇ ਨਾਮ ਕਰ ਲਈ। ਚੋਣ ਨਤੀਜਿਆਂ ਦੇ ਐਲਾਨ ਨਾਲ ਹੀ ਕਾਂਗਰਸ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਵਰਕਰਾਂ ਵੱਲੋਂ ਜਿੱਤ ਦਾ ਜਸ਼ਨ ਮਨਾਇਆ ਗਿਆ। ਚੋਣ ਨਤੀਜਿਆਂ ਅਨੁਸਾਰ ਕਾਂਗਰਸ ਦੀ ਉਮੀਦਵਾਰ ਵੀਨਾ ਰਾਣੀ ਨੂੰ ਕੁੱਲ 568 ਵੋਟਾਂ ਮਿਲੀਆਂ, ਜਦਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਉਮੀਦਵਾਰ ਨਿਰਜ ਬਾਲਾ ਨੂੰ 179 ਵੋਟਾਂ ਪ੍ਰਾਪਤ ਹੋਈਆਂ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ (ਆਪ) ਦੀ ਉਮੀਦਵਾਰ ਸੰਗੀਤਾ ਰਾਣੀ ਨੂੰ 244 ਵੋਟਾਂ ਮਿਲੀਆਂ। ਚੋਣ ਦੌਰਾਨ 8 ਵੋਟਰਾਂ ਨੇ ਨੋਟਾ ਦਾ ਇਸਤੇਮਾਲ ਕੀਤਾ, ਜਦਕਿ 6 ਵੋਟਾਂ ਰੱਦ ਹੋਈਆਂ। ਵੀਨਾ ਰਾਣੀ ਦੀ ਜਿੱਤ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਤੇ ਵਾਰਡ ਵਾਸੀਆਂ ਵੱਲੋਂ ਵਧਾਈਆਂ ਦੇਣ ਦਾ ਸਿਲਸਿਲਾ ਜਾਰੀ ਰਿਹਾ। ਜਿੱਤ ਮਗਰੋਂ ਵੀਨਾ ਰਾਣੀ ਨੇ ਕਿਹਾ ਕਿ ਇਹ ਜਿੱਤ ਮੇਰੀ ਇਕੱਲੀ ਦੀ ਨਹੀਂ, ਸਗੋਂ ਵਾਰਡ ਨੰਬਰ 4 ਦੇ ਹਰ ਇੱਕ ਨਿਵਾਸੀ ਦੀ ਜਿੱਤ ਹੈ, ਜਿਨ੍ਹਾਂ ਨੇ ਮੇਰੇ ਉਤੇ ਇੰਨਾ ਵੱਡਾ ਭਰੋਸਾ ਜਤਾਇਆ ਹੈ। ਉਨ੍ਹਾਂ ਵਾਰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਨੇ ਉਨ੍ਹਾਂ 'ਤੇ ਜੋ ਵਿਸ਼ਵਾਸ ਜਤਾਇਆ ਹੈ, ਉਹ ਉਸ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਇਸ ਮੌਕੇ ਸੁਰਿੰਦਰ ਕਾਲੜਾ ਪੱਪੂ ਨੇ ਵੀ ਵਾਰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਨੇ ਇੱਕ ਵਾਰ ਫਿਰ ਕਾਂਗਰਸ ਪਾਰਟੀ ਤੇ ਉਨ੍ਹਾਂ ਦੇ ਪਰਿਵਾਰ 'ਤੇ ਆਪਣਾ ਵਿਸ਼ਵਾਸ ਜਤਾਇਆ ਹੈ, ਜਿਸ ਲਈ ਉਹ ਹਮੇਸ਼ਾ ਰਿਣੀ ਰਹਿਣਗੇ। ਉਨ੍ਹਾਂ ਕਿਹਾ ਕਿ ਵਾਰਡ ਦੇ ਲੋਕਾਂ ਦੀ ਸੇਵਾ ਪਹਿਲਾਂ ਵੀ ਇਮਾਨਦਾਰੀ ਨਾਲ ਕੀਤੀ ਗਈ ਹੈ ਤੇ ਅੱਗੇ ਵੀ ਇਹ ਸਿਲਸਿਲਾ ਜਾਰੀ ਰਹੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ 'ਸਿੱਖ ਯਾਦ ਵਿੱਚ 1984' ਵਿਸ਼ੇ 'ਤੇ ਅੰਤਰਰਾਸ਼ਟਰੀ ਸੈਮੀਨਾਰ



ਸ੍ਰੀ ਫਤਹਿਗੜ੍ਹ ਸਾਹਿਬ, 29 ਮਈ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਵਿਖੇ ਬੀਤੇ ਕੱਲ੍ਹ ਤੋਂ ਚੱਲ ਰਿਹਾ ਅੰਤਰਰਾਸ਼ਟਰੀ ਸੈਮੀਨਾਰ, ਜਿਸ ਦਾ ਵਿਸ਼ਾ 'ਸਿੱਖ ਯਾਦ ਵਿੱਚ 1984' ਸੀ, ਸੰਪੰਨ ਹੋ ਗਿਆ। ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਵਾਈਸ-ਚਾਂਸਲਰ ਪ੍ਰੋ. ਪਰਿਤ ਪਾਲ ਸਿੰਘ ਨੇ ਸੈਮੀਨਾਰ ਦੌਰਾਨ ਪੇਸ਼ ਹੋਏ ਖੋਜ-ਪੱਤਰਾਂ ਤੇ ਹੋਈਆਂ ਵਿਚਾਰ-ਚਰਚਾਵਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਯੂਨੀਵਰਸਿਟੀ ਇਨ੍ਹਾਂ ਖੋਜ-ਪੱਤਰਾਂ ਨੂੰ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕਰੇਗੀ। ਉਨ੍ਹਾਂ ਕਿਹਾ ਕਿ ਅਜਿਹੇ ਸੈਮੀਨਾਰਾਂ ਰਾਹੀਂ ਹੀ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕੀਤਾ ਜਾ ਸਕਦਾ ਹੈ ਤੇ ਬੀਤੇ ਤੋਂ ਸਬਕ ਲੈ ਕੇ ਭਵਿੱਖ ਵਿੱਚ ਅਜਿਹੇ ਦੁਖਾਂਤਾਂ ਤੋਂ ਬਚਿਆ ਜਾ ਸਕਦਾ ਹੈ। ਸੈਮੀਨਾਰ ਦੀ ਸ਼ੁਰੂਆਤ ਡਾ. ਹਰਦੇਵ ਸਿੰਘ, ਡੀਨ, ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਫੈਕਲਟੀ ਵੱਲੋਂ ਸੈਮੀਨਾਰ ਦੀ ਰਿਪੋਰਟ ਪੇਸ਼ ਕਰਨ ਨਾਲ ਹੋਈ। ਸੈਮੀਨਾਰ ਦੇ ਵਿਦਾਇਗੀ ਵਕਤਾ ਡਾ. ਪ੍ਰੀਤਮ ਸਿੰਘ, ਸਾਬਕਾ ਪ੍ਰੋਫੈਸਰ, ਆਕਸਫੋਰਡ ਯੂਨੀਵਰਸਿਟੀ ਨੇ ਸਾਕਾ 1984 ਦੇ ਪੰਜਾਬ ਤੇ ਸਿੱਖ ਪੰਥ 'ਤੇ ਪਏ ਦਿਸਦੇ ਤੇ ਅਣਦਿਸਦੇ ਆਰਥਿਕ ਪ੍ਰਭਾਵਾਂ ਬਾਰੇ ਚਰਚਾ ਕੀਤੀ। ਆਨਲਾਈਨ ਸੈਸ਼ਨ ਦੇ ਮੁੱਖ ਵਿਦਵਾਨ ਵਕਤਾ ਡਾ. ਗਿਆਨ ਸਿੰਘ ਸੰਧੂ, ਸਰਪ੍ਰਸਤ, ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟਡੀਜ਼, ਕੈਨੇਡਾ ਨੇ 'ਪ੍ਰਵਾਸੀ ਸਿੱਖ ਯਾਦ ਵਿੱਚ 1984' ਵਿਸ਼ੇ ਅਧੀਨ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਾਕੇ ਨੇ ਪ੍ਰਵਾਸੀ ਸਿੱਖਾਂ ਨੂੰ ਜਥੇਬੰਦ ਹੋਣ ਵਿੱਚ ਅਹਿਮ ਭੂਮਿਕਾ ਨਿਭਾਈ। ਪ੍ਰੋ. ਗੁਰਚਰਨ ਸਿੰਘ, ਕੈਨੇਡਾ ਨੇ ਸਾਕਾ 1984 ਦੇ ਸਾਹਿਤ ਜਗਤ 'ਤੇ ਪਏ ਪ੍ਰਭਾਵਾਂ ਬਾਰੇ ਵਿਚਾਰ ਰੱਖੇ। ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ. ਦੇ ਪ੍ਰੋਜੈਕਟ ਫੈਲੋ ਡਾ. ਜਸਵੀਰ ਸਿੰਘ ਨੇ 'ਯਾਦ ਦਾ ਸੰਕਲਪ ਤੇ 1984' ਵਿਸ਼ੇ ਉਤੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਨਸਲਕੁਸ਼ੀ ਦੇ ਸਿਧਾਂਤਕ ਤੇ ਇਤਿਹਾਸਕ ਪੱਖਾਂ 'ਤੇ ਚਾਨਣਾ ਪਾਇਆ।

# ਨਗਰ ਕੌਂਸਲ/ਨਗਰ ਪੰਚਾਇਤ ਵੋਟਾਂ ਦੀ ਗਿਣਤੀ ਦਾ ਕੰਮ ਅਮਨ-ਅਮਾਨ ਨਾਲ ਮੁਕੰਮਲ: ਜ਼ਿਲ੍ਹਾ ਚੋਣ ਅਫ਼ਸਰ



ਸ੍ਰੀ ਫਤਹਿਗੜ੍ਹ ਸਾਹਿਬ, 29 ਮਈ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹੇ ਵਿੱਚ ਨਗਰ ਕੌਂਸਲ ਸਰਹਿੰਦ ਫ਼ਤਹਿਗੜ੍ਹ ਸਾਹਿਬ, ਮੰਡੀ ਗੋਬਿੰਦਗੜ੍ਹ, ਬੱਸੀ ਪਠਾਣਾਂ ਤੇ ਨਗਰ ਪੰਚਾਇਤ ਖਮਾਣੋਂ ਦੀਆਂ ਚੋਣਾਂ ਲਈ ਮਿਤੀ 26 ਮਈ ਨੂੰ ਪਈਆਂ ਵੋਟਾਂ ਦੀ ਗਿਣਤੀ ਦਾ ਕੰਮ ਅਮਨ-ਅਮਾਨ ਤੇ ਪਾਰਦਰਸ਼ੀ ਢੰਗ ਨਾਲ ਮੁਕੰਮਲ ਹੋ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਕੁੱਲ 80 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 51 ਉਮੀਦਵਾਰ, ਕਾਂਗਰਸ ਦੇ 14 ਉਮੀਦਵਾਰ, ਸ਼੍ਰੋਮਣੀ ਅਕਾਲੀ ਦਲ ਦੇ 4 ਉਮੀਦਵਾਰ, ਬੀਜੇਪੀ ਦੇ 4 ਉਮੀਦਵਾਰ ਤੇ 7 ਆਜ਼ਾਦ ਉਮੀਦਵਾਰ ਜੇਤੂ ਰਹੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਗਰ ਕੌਂਸਲ ਸਰਹਿੰਦ ਫਤਹਿਗੜ੍ਹ ਸਾਹਿਬ ਦੇ 23 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 17 ਉਮੀਦਵਾਰ ਤੇ ਕਾਂਗਰਸ ਦੇ 6 ਉਮੀਦਵਾਰ ਜੇਤੂ ਰਹੇ ਹਨ। ਇਸੇ ਤਰ੍ਹਾਂ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ 29 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 19 ਉਮੀਦਵਾਰ, ਕਾਂਗਰਸ ਦੇ 6 ਉਮੀਦਵਾਰ, ਬੀਜੇਪੀ ਦੇ 3 ਉਮੀਦਾਵਾਰ ਤੇ ਸ਼੍ਰੋਮਣੀ ਅਕਾਲੀ ਦਲ ਦਾ 1 ਉਮੀਦਵਾਰ ਜੇਤੂ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਬੱਸੀ ਪਠਾਣਾਂ ਦੇ 15 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 9 ਉਮੀਦਵਾਰ, ਬੀਜੇਪੀ ਦਾ 1 ਉਮੀਦਾਵਾਰ, ਸ਼੍ਰੋਮਣੀ ਅਕਾਲੀ ਦਲ ਦਾ 1 ਉਮੀਦਵਾਰ ਤੇ 4 ਆਜ਼ਾਦ ਉਮੀਦਵਾਰ ਜੇਤੂ ਰਹੇ ਹਨ। ਇਸ ਤੋਂ ਇਲਾਵਾ ਨਗਰ ਪੰਚਾਇਤ ਖਮਾਣੋਂ ਦੇ 13 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 6 ਉਮੀਦਵਾਰ, ਕਾਂਗਰਸ ਦੇ 2 ਉਮੀਦਵਾਰ, ਸ਼੍ਰੋਮਣੀ ਅਕਾਲੀ ਦਲ ਦੇ 2 ਉਮੀਦਵਾਰ ਤੇ 3 ਆਜ਼ਾਦ ਉਮੀਦਵਾਰ ਜੇਤੂ ਰਹੇ ਹਨ।

# ਭਾਰਤੀ ਬਜਟ ਦੇ ਮੁੱਖ ਤੱਥ ਅਤੇ ਪੰਜਾਬ ਬਜਟ ਦੀ ਜ਼ਮੀਨੀ ਹਕੀਕਤ




**ਭਾਰਤ** ਵਿੱਚ ਪਹਿਲੀ ਵਾਰ ਬਜਟ 2 ਅਪ੍ਰੈਲ 1860 ਨੂੰ ਈਸਟ ਇੰਡੀਆ ਕੰਪਨੀ ਅਧੀਨ ਜੇਮਸ ਵਿਲਸਨ ਨੇ ਪੇਸ਼ ਕੀਤਾ ਸੀ। ਆਜ਼ਾਦੀ ਤੋਂ ਬਾਅਦ 26 ਨਵੰਬਰ 1947 ਵਿੱਚ ਪਹਿਲੇ ਫਾਇਨੈਂਸ ਮਨਿਸਟਰ ਆਰ. ਕੇ. ਸ਼ਨਮੁਖਮ ਚੈੱਟੀ ਦੁਆਰਾ ਪੇਸ਼ ਕੀਤਾ ਗਿਆ ਸੀ। ਇਸ ਬਜਟ ਵਿੱਚ ਸਭ ਤੋਂ ਵੱਧ ਪੈਸਾ 47% ਡਿਫੈਂਸ ਉੱਤੇ ਖਰਚ ਕੀਤਾ ਗਿਆ ਸੀ। 1955-56 ਤੱਕ ਬਜਟ ਸਿਰਫ ਇੰਗਲਿਸ਼ ਵਿੱਚ ਹੀ ਪੇਸ਼ ਕੀਤਾ ਜਾਂਦਾ ਸੀ ਬਾਅਦ ਵਿੱਚ ਹਿੰਦੀ ਤੇ ਇੰਗਲਿਸ਼ ਦੋਵਾਂ ਭਾਸ਼ਾਵਾਂ ਵਿੱਚ ਪੇਸ਼ ਹੋਣ ਲੱਗਿਆ। 1958-59 ਵਿੱਚ ਪਹਿਲੀ ਵਾਰ ਪ੍ਰਧਾਨ ਮੰਤਰੀ ਨੇ ਬਜਟ ਪੇਸ਼ ਕੀਤਾ ਸੀ ਜਦੋਂ ਕਿ ਬਜਟ ਵਿੱਤ ਮੰਤਰੀ ਦੁਆਰਾ ਪੇਸ਼ ਕੀਤਾ ਜਾਦਾ ਸੀ। ਉਸ ਸਮੇਂ ਵਿੱਤ ਮੰਤਰੀ ਟੀ. ਟੀ. ਕ੍ਰਿਸ਼ਨਮਚਾਰੀ ਨੇ ਅਸਤੀਫਾ ਦੇ ਦਿੱਤਾ ਸੀ। ਸਭ ਤੋਂ ਵੱਧ ਵਾਰ ਬਜਟ 10 ਵਾਰ ਮੋਰਾਰਜੀ ਦੇਸਾਈ ਨੇ ਪੇਸ਼ ਕੀਤਾ ਸੀ। ਇੰਦਰਾ ਗਾਂਧੀ ਭਾਰਤ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਸਨ ਜਿਨਾਂ ਨੇ 1970-71 ਵਿੱਚ ਬਜਟ ਪੇਸ਼ ਕੀਤਾ ਸੀ। ਇੰਦਰਾ ਗਾਂਧੀ ਤੋਂ ਵਾਅਦ 2026-27 ਵਿੱਚ ਨਿਰਮਲਾ ਸੀਤਾ ਰਮਨ ਨੇ ਬਜਟ 9 ਵਾਰ ਪੇਸ਼ ਕੀਤਾ। 1973-74 ਦੇ ਭਾਰਤੀ ਬਜਟ ਨੂੰ "ਬਲੈਕ ਬਜਟ" ਕਿਹਾ ਗਿਆ ਸੀ ਕਿਉਂਕਿ ਇਸ ਬਜਟ ਵਿੱਚ ਸਰਕਾਰ ਦਾ ਵਿੱਤੀ ਘਾਟਾ (Fiscal Deficit) ਬਹੁਤ ਵੱਧ ਸੀ। ਇਹ ਬਜਟ ਉਸ ਸਮੇਂ ਦੇ ਵਿੱਤ ਮੰਤਰੀ ਯਸ਼ਵੰਤ ਰਾਓ ਚਵਾਨ ਨੇ ਪੇਸ਼ ਕੀਤਾ ਸੀ। 1997 ਦਾ ਬਜਟ ਵਿੱਤ ਮੰਤਰੀ ਮਨਮੋਹਨ ਸਿੰਘ ਨੇ ਪੇਸ਼ ਕੀਤਾ ਸੀ। ਇਸ ਬਜਟ ਨੇ ਦੇਸ਼ ਦੀ ਦਿਸ਼ਾ ਅਤੇ ਦਸ਼ਾ ਬਦਲ ਦਿੱਤੀ ਸੀ। ਇਸ ਬਜਟ ਵਿੱਚ ਮਨਮੋਹਨ ਸਿੰਘ ਨੇ ਭਾਸ਼ਣ ਦਿੰਦੇ ਹੋਏ 18,650 ਸ਼ਬਦ ਬੋਲੇ ਜੋ ਆਪਣੇ ਆਪ ਵਿੱਚ ਇੱਕ ਰਿਕਾਰਡ ਸੀ। 1997-98 ਦੇ ਬਜਟ ਨੂੰ ਡਰੀਮ ਬਜਟ ਕਿਹਾ ਜਾਂਦਾ ਸੀ ਇਹ ਪੀ. ਚਿਦੰਬਰਮ ਨੇ ਪੇਸ਼ ਕੀਤਾ ਸੀ। ਇਸ ਵਿੱਚ ਆਮਦਨੀ ਕਰ ਦੀਆਂ ਦਰਾਂ ਘਟਾਈਆਂ ਗਈਆਂ, ਕਾਰਪੋਰੇਟ ਟੈਕਸ ਵਿੱਚ ਵੀ ਰਹਿਤ ਦਿੱਤੀ ਗਈ ਅਤੇ ਆਰਥਿਕ ਉਦਾਰੀਕਰਨ ਅਤੇ ਨਿਵੇਸ਼ ਨੂੰ ਵੀ ਉਤਸ਼ਾਹਿਤ ਕੀਤਾ ਗਿਆ। 2000 ਦਾ ਬਜਟ ਯਸ਼ਵੰਤ ਸਿਨਹਾ ਨੇ ਪੇਸ਼ ਕੀਤਾ ਸੀ ਜਿਸ ਨੂੰ ਮਿਲੇਨੀਅਮ ਬਜਟ ਕਿਹਾ ਜਾਂਦਾ ਸੀ ਕਿਉਂਕਿ ਆਈਟੀ (IT) ਅਤੇ ਟੈਲੀਕਾਮ ਸੈਕਟਰ ਨੂੰ ਵੱਡਾ ਉਤਸ਼ਾਹ ਦਿੱਤਾ ਗਿਆ। ਇਸ ਤੋਂ ਇਲਾਵਾ ਇੰਟਰਨੈੱਟ, ਸਾਫਟਵੇਅਰ ਅਤੇ ਟੈਕਨੋਲੋਜੀ ਉਦਯੋਗ ਲਈ ਕਰਾਂ ਵਿੱਚ ਰਾਹਤ ਦਿੱਤੀ ਗਈ। 2001 ਤੋਂ ਪਹਿਲਾਂ ਭਾਰਤ ਦਾ ਬਜਟ ਸ਼ਾਮ 5 ਵਜੇ ਪੇਸ਼ ਕੀਤਾ ਜਾਂਦਾ ਸੀ। ਇਹ ਪ੍ਰਥਾ ਬ੍ਰਿਟਿਸ਼ ਰਾਜ ਦੇ ਸਮੇਂ ਤੋਂ ਚੱਲ ਰਹੀ ਸੀ। ਉਸ ਸਮੇਂ ਬ੍ਰਿਟਿਸ਼ ਸਰਕਾਰ ਚਾਹੁੰਦੀ ਸੀ ਕਿ ਭਾਰਤ ਦਾ ਬਜਟ ਲੰਡਨ ਦੇ ਦਫ਼ਤਰੀ ਸਮੇਂ ਦੇ ਅਨੁਸਾਰ ਪੇਸ਼ ਹੋਵੇ। ਕਿਉਂਕਿ ਜਦੋਂ ਭਾਰਤ ਵਿੱਚ ਸ਼ਾਮ ਦੇ 5 ਵਜੇ ਹੁੰਦੇ ਸਨ, ਤਦ ਇੰਗਲੈਂਡ ਵਿੱਚ ਲਗਭਗ ਦੁਪਹਿਰ ਦੇ 11:30 ਜਾਂ 12 ਵਜੇ ਹੁੰਦੇ ਸਨ। ਇਸ ਨਾਲ ਬ੍ਰਿਟਿਸ਼ ਸੰਸਦ ਅਤੇ ਅਧਿਕਾਰੀਆਂ ਨੂੰ ਬਜਟ ਦੀ ਜਾਣਕਾਰੀ ਤੁਰੰਤ ਮਿਲ ਜਾਂਦੀ ਸੀ। ਬਾਅਦ ਵਿੱਚ ਯਸ਼ਵੰਤ ਸਿਨਹਾ ਨੇ 2001 ਵਿੱਚ ਇਸ ਪਰੰਪਰਾ ਨੂੰ ਬਦਲਿਆ ਅਤੇ ਬਜਟ ਨੂੰ ਸਵੇਰੇ 11 ਵਜੇ ਪੇਸ਼ ਕਰਨ ਦੀ ਰਿਵਾਇਤ ਸ਼ੁਰੂ ਕੀਤੀ। 2017 ਵਿੱਚ ਬਜਟ ਪੇਸ਼ ਕਰਨ ਦੀ ਤਾਰੀਖ ਨੂੰ 1 ਫਰਵਰੀ ਨਿਸ਼ਚਿਤ ਕੀਤਾ ਗਿਆ। ਜੀਐਸਟੀ (GST) ਦਾ ਸਭ ਤੋਂ ਪਹਿਲਾਂ ਜ਼ਿਕਰ 18 ਫਰਵਰੀ 2006 ਦੇ ਕੇਂਦਰੀ ਬਜਟ ਵਿੱਚ ਹੋਇਆ ਸੀ, ਜੋ ਪੀ. ਚਿਦੰਬਰਮ ਨੇ ਪੇਸ਼ ਕੀਤਾ ਸੀ। ਉਸ ਵੇਲੇ ਉਨ੍ਹਾਂ ਨੇ ਭਾਰਤ ਵਿੱਚ ਵਸਤੂਆਂ ਅਤੇ ਸੇਵਾਵਾਂ ਟੈਕਸ ਲਾਗੂ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਸੀ।

ਕਿਸੇ ਵੀ ਰਾਜ ਦਾ ਬਜਟ ਸਰਕਾਰ ਦੀ ਸਲਾਨਾ ਆਰਥਿਕ ਯੋਜਨਾ ਹੁੰਦੀ ਹੈ। ਸਰਕਾਰ ਇਸ ਵਿੱਚ ਦੱਸਦੀ ਹੈ ਕਿ ਉਹ ਕਿੰਨਾ ਖਰਚ ਕਰੇਗੀ ਤੇ ਉਹ ਕਿੰਨੀ ਆਮਦਨ ਇਕੱਠੀ ਕਰੇਗੀ ਵੱਖ ਵੱਖ ਖੇਤਰਾਂ ਤੇ ਕਿੰਨਾ ਖਰਚ ਕਰੇਗੀ ਜਿਵੇਂ ਸਿਹਤ, ਸਿੱਖਿਆ, ਖੇਤੀਬਾੜੀ, ਰੁਜ਼ਗਾਰ, ਸੜਕਾਂ ਤੇ ਲੋਕ ਭਲਾਈ ਯੋਜਨਾਵਾਂ ਆਦਿ। ਸਰਕਾਰ ਰਾਜ ਦਾ ਬਜਟ ਲੋਕਾਂ ਦੀਆਂ ਜ਼ਰੂਰਤਾਂ ਤੇ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕਰਦੀ ਹੈ। ਹਰੇਕ ਰਾਜਾਂ ਦੇ ਬਜਟ ਦੀ ਮਹੱਤਤਾ ਬਹੁਤ ਅਹਿਮ ਹੁੰਦੀ ਹੈ ਕਿਉਂਕਿ ਇਹ ਰਾਜਾ ਦੀ ਦਿਸ਼ਾ ਨਿਰਧਾਰਿਤ ਕਰਦਾ ਹੈ। ਜਦੋਂ ਵੀ ਕਿਸੇ ਸੂਬੇ ਵਿੱਚ ਬਜਟ ਪੇਸ਼ ਹੁੰਦਾ ਹੈ ਤਾਂ ਅਕਸਰ ਰਾਜ ਵਿਧਾਨ ਸਭਾਵਾਂ ਵਿੱਚ ਕਾਫੀ ਗਹਿਮੋ ਗਹਿਮੀ ਦੇਖਣ ਨੂੰ ਮਿਲਦੀ ਹੈ ਸਰਕਾਰ ਤੇ ਵਿਰੋਧੀ ਧਿਰ ਵਿਚਕਾਰ। ਸਰਕਾਰ ਆਪਣੇ ਬਣਾਏ ਬਜਟ ਨੂੰ ਵਧੀਆ ਦੱਸਦੀ ਹੈ ਤੇ ਵਿਰੋਧੀ ਧਿਰ ਇਸ ਨੂੰ ਸਭ ਤੋਂ ਮਾੜਾ ਬਜਟ ਦਸਦੀ ਹੈ ਤੇ ਕਈ ਵਾਰ ਵਿਧਾਨ ਸਭਾ ਦੇ ਚਲਦੇ ਸੈਸ਼ਨ ਵਿੱਚੋਂ ਵਾਕ ਆਊਟ ਕਰ ਜਾਂਦੇ ਹਨ। ਜਦੋਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 8 ਮਾਰਚ 2026 ਨੂੰ ਲਗਭਗ ₹2.36 ਲੱਖ ਕਰੋੜ ਦਾ ਬਜਟ ਪੇਸ਼ ਕੀਤਾ ਤਾਂ ਇਸ 2026-27 ਦੇ ਬਜਟ ਨੂੰ ਲੋਕ ਕੇਂਦਰੀ ਤੇ ਵਿਕਾਸ ਮੁਖੀ ਅਤੇ ਵੈਲਫੇਅਰ ਮਾਡਲ ਤੇ ਆਧਾਰਿਤ ਬਜਟ ਵਜੋਂ ਦੇਖਿਆ ਗਿਆ। ਇਸ ਬਜਟ ਰਾਹੀ ਸਰਕਾਰ ਨੇ ਸਿੱਖਿਆ, ਸਿਹਤ, ਖੇਤੀਬਾੜੀ, ਮਹਿਲਾ ਸ਼ਸਤੀਕਰਨ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦਿੱਤੀ ਹੈ। ਜਦਕਿ ਭਾਰਤ ਦੇ ਕਈ ਦੂਜੇ ਰਾਜਾ ਦੇ ਬਜਟਾ ਵਿੱਚ ਉਦਯੋਗਿਕ ਪ੍ਰੋਜੈਕਟ ਜਾਂ ਸ਼ਹਿਰੀ ਵਿਕਾਸ ਤੇ ਜ਼ਿਆਦਾ ਧਿਆਨ ਦਿੱਤਾ ਹੈ। ਉੱਥੇ ਹੀ ਪੰਜਾਬ ਦਾ ਬਜਟ ਪਿੰਡਾ, ਕਿਸਾਨਾਂ ਅਤੇ ਆਮ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਵੀ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਹੀ ਕਾਰਨ ਹੈ ਕਿ ਜਿਸ ਕਰਕੇ ਕਈ ਅਰਥ ਸ਼ਾਸਤਰੀ ਤੇ ਰਾਜਨੀਤਿਕ ਵਿਸ਼ਲੇਸ਼ਕ ਇਸ ਨੂੰ ਲੋਕ ਭਲਾਈ ਅਤੇ ਵਿਕਾਸ ਦੇ ਸੰਤੁਲਨ ਵਾਲਾ ਬਜਟ ਕਹਿ ਰਹੇ ਹਨ। 2026-27 ਦੇ ਪੰਜਾਬ ਦੇ ਬਜਟ ਦਾ ਸਭ ਤੋਂ ਵਧੀਆ ਪੱਖ ਇਸ ਬਜਟ ਵਿੱਚ ਮਹਿਲਾਵਾ ਸ਼ਸਤੀਕਰਨ ਕਰਨ ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਜਿਸ ਤਹਿਤ ਪੰਜਾਬ ਸਰਕਾਰ ਨੇ "ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ" ਤਹਿਤ ਔਰਤਾਂ ਨੂੰ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ਇਹ ਯੋਜਨਾ ਸਮਾਜਿਕ ਸੁਰੱਖਿਆ ਅਤੇ ਔਰਤਾਂ ਆਤਮ ਨਿਰਭਰਤਾ ਵੱਲ ਇੱਕ ਵੱਡਾ ਕਦਮ ਮੰਨੀ ਜਾ ਰਹੀ ਹੈ। ਇਸ ਸਕੀਮ ਲਈ ਸਰਕਾਰ ਨੇ 9300 ਕਰੋੜ ਰੁਪਏ ਨਿਰਧਾਰਿਤ ਕੀਤੇ ਹਨ, ਸਾਰੀਆਂ ਬਾਲਗ ਔਰਤਾਂ ਜਿਨਾਂ ਦੀ ਉਮਰ 18 ਸਾਲ ਤੋਂ ਉੱਤੇ ਹੈ ਉਨਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਤੇ ਅਨੁਸੂਚਿਤ ਭਾਈਚਾਰੇ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨੇ ਦਿੱਤੇ ਜਾਣਗੇ। ਇਹ ਸਿੱਧਾ ਉਨਾਂ ਦੇ ਬੈਂਕ ਖਾਤਿਆਂ ਵਿੱਚ ਆਉਣਗੇ ਸਰਕਾਰ ਦਾ ਮੰਨਣਾ ਹੈ ਕਿ ਇਸ ਸਕੀਮ ਨਾਲ 97% ਔਰਤਾਂ ਨੂੰ ਲਾਭ ਮਿਲੇਗਾ। ਸਮਾਜ ਭਲਾਈ ਅਤੇ ਮਹਿਲਾ ਸ਼ਕਤੀਕਰਨ ਲਈ ਸਰਕਾਰ ਨੇ ਕੁੱਲ 18304 ਕਰੋੜ ਰੁਪਏ ਦਾ ਫੰਡ ਰੱਖਿਆ ਹੈ। ਜੋ ਪਿਛਲੀ ਵਾਰ ਨਾਲੋਂ ਕਾਫੀ ਵੱਧ ਹੈ। 600 ਕਰੋੜ ਰੁਪਏ ਔਰਤਾਂ ਦੇ ਮੁਫਤ ਸਫਰ ਲਈ , 6150 ਕਰੋੜ ਬਜ਼ੁਰਗ ਵਿਧਵਾ ਅਤੇ ਹੋਰ ਲਾਭਪਾਤਰੀਆਂ ਨੂੰ ਪੈਨਸ਼ਨ ਪ੍ਰਦਾਨ ਕਰਨ ਲਈ ਰੱਖਿਆ ਹੈ। "ਮੱਧ ਪ੍ਰਦੇਸ਼ ਦੀ ਲਾਡਲੀ ਬਹਿਨ ਯੋਜਨਾ, ਮਹਾਰਾਸ਼ਟਰ ਦੀ ਲਾਡਕੀ ਬਹਿਨ ਯੋਜਨਾ ਅਤੇ ਕਰਨਾਟਕ ਦੀ ਗ੍ਰਿਹ ਲਕਸ਼ਮੀ ਯੋਜਨਾ ਦੀ ਤਰ੍ਹਾਂ ਪੰਜਾਬ ਸਰਕਾਰ ਨੇ ਵੀ ਸਿੱਧੇ ਮਹਿਲਾ ਭਲਾਈ ਮਾਡਲ ਨੂੰ ਅਪਣਾਇਆ ਹੈ। "ਖੇਤੀਬਾੜੀ ਲਈ ਵੀ ਉੱਚ ਬਜਟ ਫੰਡ ਰੱਖਿਆ ਹੈ ਸਰਕਾਰ ਨੇ ਪੰਜਾਬ ਨੇ ਆਪਣੇ ਕੁੱਲ ਖਰਚੇ ਦਾ ਲਗਭਗ 9.2% ਖੇਤੀਬਾੜੀ ਲਈ ਰੱਖਿਆ ਹੈ ਜੋ ਬਾਕੀ ਭਾਰਤੀ ਰਾਜਾ ਦੀ ਔਸਤ 5.7 ਤੋਂ ਕਾਫੀ ਵੱਧ ਹੈ। ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਪੰਜਾਬ ਅਜੇ ਵੀ ਖੇਤੀਬਾੜੀ ਨੂੰ ਆਪਣੀ ਆਰਥਿਕ ਰੀੜ ਦੀ ਹੱਡੀ ਮੰਨਦਾ ਹੈ। ਗੁਜਰਾਤ ਅਤੇ ਮਹਾਰਾਸ਼ਟਰ ਉਦਯੋਗਿਕ ਮਾਡਲ ਤੇ ਜੋਰ ਦਿੰਦਾ ਹੈ ਜਦ ਕਿ ਪੰਜਾਬ ਖੇਤੀਬਾੜੀ ਅਤੇ ਸਮਾਜਿਕ ਭਲਾਈ ਦੇ ਮਿਲੇ ਜੁਲੇ ਮਾਡਲ ਨੂੰ ਚੁਣਦਾ ਹੈ। ਸਰਕਾਰ ਨੇ ਖੇਤੀਬਾੜੀ ਦੀ ਸਹਾਇਤਾ ਲਈ ਕੁੱਲ 15334 ਕਰੋੜ ਰੁਪਏ ਦਾ ਫੰਡ ਰੱਖਿਆ ਹੈ। ਜਿਸ ਵਿੱਚੋਂ 7715 ਕਰੋੜ ਰੁਪਏ ਕਿਸਾਨਾਂ ਲਈ ਖੇਤੀਬਾੜੀ ਬਿਜਲੀ ਸਬਸਿਡੀ ਲਈ ਰੱਖੇ ਗਏ ਹਨ। ਪਰਾਲੀ ਦਾ ਨਾੜ ਸਾੜਨ ਦੀ ਸਮੱਸਿਆ ਦੇ ਹੱਲ ਲਈ 600 ਕਰੋੜ ਰੁਪਏ ਅਤੇ ਡੀਐਸਆਰ (Direct Seeded Rice) ਝੋਨੇ ਨੂੰ ਉਤਸ਼ਾਹਿਤ ਕਰਨ ਲਈ ₹40 ਕਰੋੜ ਰੱਖੇ ਹਨ ਨਿਰਧਾਰਿਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਭੂਮੀਗਤ ਪਾਣੀ ਦੀ ਸੰਭਾਲ ਲਈ 40 ਕਰੋੜ ਰੁਪਏ ਅਤੇ ਗੰਨੇ ਦੀ ਅਦਾਇਗੀ ਲਈ 270 ਕਰੋੜ ਰੁਪਏ ਰੱਖੇ ਗਏ ਹਨ। ਸਿੱਖਿਆ ਅਤੇ ਸਿਹਤ ਤੇ ਖੇਤਰ ਵਿੱਚ ਵੀ ਸੁਧਾਰ ਕਰਨ ਲਈ ਸਰਕਾਰ ਦੁਆਰਾ ਬਜਟ ਵਿੱਚ ਅਹਿਮ ਫੰਡ ਰੱਖਿਆ ਹੈ। ਜਦਕਿ ਕੇਰਲਾ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਕਾਫੀ ਅੱਗੇ ਹੈ ਪਰ ਪੰਜਾਬ ਵੀ ਇਨ੍ਹਾਂ ਖੇਤਰਾਂ ਵਿੱਚ ਤੇਜ਼ੀ ਨਾਲ ਸੁਧਾਰ ਕਰ ਰਿਹਾ ਹੈ। ਪੰਜਾਬ ਸਰਕਾਰ ਨੇ 'ਸਿੱਖਿਆ ਕ੍ਰਾਂਤੀ 2.0' ਦੀ ਸ਼ੁਰੂਆਤ ਕੀਤੀ ਹੈ ਅਤੇ ਕਈ ਸਕੂਲਾਂ ਨੂੰ ਅਪਡੇਟ ਕਰਕੇ ਸਿੱਖਿਆ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ। ਸਿੱਖਿਆ ਖੇਤਰ ਲਈ ਸਰਕਾਰ ਨੇ ਕੁੱਲ 19,279 ਕਰੋੜ ਰੁਪਏ ਦਾ ਫੰਡ ਨਿਰਧਾਰਿਤ ਕੀਤਾ ਹੈ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਦਿੱਲੀ ਸਕੂਲ ਮਾਡਲ ਦੀ ਤਰ੍ਹਾਂ ਪੰਜਾਬ ਵਿੱਚ ਵੀ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਅਤੇ ਅਕਾਦਮਿਕ ਮਿਆਰ ਨੂੰ ਉੱਚਾ ਚੁੱਕਣ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਦਿੱਲੀ ਦੇ ਸਕੂਲ ਮਾਡਲ ਨੂੰ ਦੇਸ਼ ਅਤੇ ਵਿਦੇਸ਼ ਵਿੱਚ ਕਾਫੀ ਪ੍ਰਸ਼ੰਸਾ ਮਿਲੀ ਹੈ। ਭਾਵੇਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਜਾਂਦੀ ਰਹੀ ਹੈ, ਪਰ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਹੋਏ ਸੁਧਾਰਾਂ ਨੂੰ ਕਈ ਸਿੱਖਿਆ ਮਾਹਿਰਾਂ ਅਤੇ ਵਿਦੇਸ਼ੀ ਪ੍ਰਤੀਨਿਧ ਮੰਡਲਾਂ ਵੱਲੋਂ ਸਰਾਹਿਆ ਗਿਆ ਹੈ। ਕਈ ਮੌਕਿਆਂ 'ਤੇ ਭਾਰਤ ਆਉਣ ਵਾਲੇ ਵਿਦੇਸ਼ੀ ਮਹਿਮਾਨਾਂ ਅਤੇ ਸਿੱਖਿਆ ਸੰਬੰਧੀ ਟੀਮਾਂ ਨੇ ਦਿੱਲੀ ਦੇ ਸਰਕਾਰੀ ਸਕੂਲਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਆਧੁਨਿਕ ਸਕੂਲੀ ਬੁਨਿਆਦੀ ਢਾਂਚਾ, ਸਮਾਰਟ ਕਲਾਸਰੂਮ, 'ਹੈਪੀਨੈੱਸ ਕਰਿਕੁਲਮ' ਅਤੇ ਅਧਿਆਪਕ ਟ੍ਰੇਨਿੰਗ ਮਾਡਲ ਨੂੰ ਨੇੜੇ ਤੋਂ ਦੇਖਿਆ ਅਤੇ ਇਸ ਦੀ ਪ੍ਰਸ਼ੰਸਾ ਵੀ ਕੀਤੀ ਹੈ।



ਅੰਤਰਜੋਤ ਸਿੰਘ ਢਿੱਲੋਂ
ਖੋਜਾਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
9814023186

ਸਿਹਤ ਖੇਤਰ ਲਈ ਸਰਕਾਰ ਨੇ 6,879 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਇਸ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪ੍ਰਤੀ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦੇ ਸਲਾਨਾ ਇਲਾਜ ਦੀ ਸਹੂਲਤ ਪ੍ਰਦਾਨ ਕਰਨ ਲਈ 2,000 ਕਰੋੜ ਰੁਪਏ ਨਿਰਧਾਰਿਤ ਕੀਤੇ ਗਏ ਹਨ। ਆਮ ਆਦਮੀ ਕਲੀਨਿਕ ਲਈ 351 ਕਰੋੜ ਤੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਲਈ 750 ਕਰੋੜ ਰੱਖੇ ਹਨ। ਸਰਕਾਰ ਨੇ ਆਵਾਜਾਈ ਪ੍ਰਣਾਲੀ ਨੂੰ ਮਜਬੂਤ ਕਰਨ ਲਈ 1279 ਨਵੀਆਂ ਬੱਸਾਂ ਪੰਜਾਬ ਰੋਡਵੇਜ਼ ਅਤੇ ਪੰਨ ਬੱਸ ਵੇੜੇ ਵਿੱਚ ਸ਼ਾਮਿਲ ਕਰਨ ਦਾ ਐਲਾਨ ਕੀਤਾ ਹੈ। ਇਸ ਵੇਲੇ 2,267 ਬੱਸਾਂ ਚੱਲ ਰਹੀਆਂ ਹਨ। ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਨੇ 6 ਅਪ੍ਰੈਲ 2026 ਨੂੰ ਪਟਿਆਲਾ ਵਿਖੇ 250 ਨਵੀਆਂ ਪੀਆਰਟੀਸੀ ਬੱਸਾਂ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਜਲਦ ਹੀ ਹੋਰ 300 ਬੱਸਾਂ ਨੂੰ ਵੀ ਬੇੜੇ ਵਿੱਚ ਸ਼ਾਮਲ ਕੀਤਾ ਜਾਵੇਗਾ। ਬਾਕੀ ਬੱਸਾਂ ਵੀ ਨਵੰਬਰ 2026 ਤੱਕ ਪੀਆਰਟੀਸੀ ਅਤੇ ਪਨਬੱਸ ਦੇ ਬੇੜੇ ਵਿੱਚ ਤੈਨਾਤ ਕਰ ਦਿੱਤੀਆਂ ਜਾਣਗੀਆਂ। ਸੜਕਾਂ ਅਤੇ ਪੁਲਾ ਦੇ ਬੁਨਿਆਦੀ ਢਾਂਚੇ ਲਈ ਸਰਕਾਰ ਨੇ 5440 ਕਰੋੜ ਰੁਪਏ ਬਜਟ ਵਿੱਚ ਰੱਖੇ ਹਨ।

ਜਿਸ ਅਨੁਸਾਰ 2570 ਕਿਲੋਮੀਟਰ ਸੜਕਾਂ ਦਾ ਅਪਗ੍ਰੇਸ਼ਨ ਅਤੇ ਨਵੇ ਪੁਲਾ ਦਾ ਵੀ ਨਿਰਮਾਣ ਕੀਤਾ ਜਾਵੇਗਾ। ਇਸ ਜਿਸ ਤਹਿਤ ਪੰਜਾਬ ਦੇ ਕਈ ਸੂਬਿਆਂ ਵਿੱਚ ਨਵੀਆਂ ਸੜਕਾਂ ਤੇ ਪੁੱਲਾਂ ਦਾ ਕੰਮ ਸ਼ੁਰੂ ਵੀ ਹੋ ਗਿਆ ਹੈ। ਸਰਕਾਰ ਨੇ 2026-27 ਲਈ ਖੁਰਾਕ ਸੁਰੱਖਿਆ ਅਤੇ ਭਲਾਈ ਲਈ ਕਈ ਵੱਡੇ ਪ੍ਰਬੰਧ ਕੀਤੇ ਹਨ ਜਿਵੇਂ ਕਿ ਮੇਰੀ ਰਸੋਈ ਯੋਜਨਾ ਲਈ 900 ਕਰੋੜ ਰੁਪਏ ਰੱਖੇ ਹਨ। ਇਸ ਯੋਜਨਾ ਤਹਿਤ 40 ਲੱਖ ਪਰਿਵਾਰਾ ਨੂੰ ਤਿੰਨ ਮਹੀਨੇ ਵਾਅਦ ਮੁਫਤ ਰਾਸ਼ਨ ਦਿੱਤਾ ਜਾਊਗਾ। ਆਮਦਨੀ ਵਿੱਚ ਵਾਧਾ ਕਰਨ ਲਈ ਕਰ ਪ੍ਰਬੰਧਨ ਨੂੰ ਵੀ ਖਾਸ ਤਰਜੀਹ ਦਿੱਤੀ ਹੈ ਸਰਕਾਰ ਨੇ ਟੈਕਸ ਇਕੱਠਾ ਕਰਨ, ਮਾਲੀਆ ਵਧਾਉਣ ਅਤੇ ਵਿੱਤੀ ਘਾਟ ਨੂੰ ਘਾਟਉਣ ਲਈ ਵੀ ਕਾਫੀ ਕਦਮ ਚੁੱਕੇ ਹਨ। ਜੀ.ਐਸ.ਟੀ ਦੀ ਚੋਰੀ ਰੋਕਣ ਲਈ ਡਿਜੀਟਲ ਨਿਗਰਾਨੀ ਪ੍ਰਣਾਲੀ ਮਜਬੂਤ ਕੀਤੀ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਲੋਕਾਂ, ਖਾਸ ਕਰਕੇ ਬਜ਼ੁਰਗਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀਆਂ ਆਧਿਆਤਮਿਕ ਇੱਛਾਵਾਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਵੀ ਸਰਕਾਰ ਦੀ ਇੱਕ ਸ਼ਲਾਘਾਯੋਗ ਪਹਿਲ ਹੈ। ਇਸ ਯੋਜਨਾ ਤਹਿਤ ਸ੍ਰੀ ਹਰਿਮੰਦਰ ਸਾਹਿਬ ਅਤੇ ਅਨੰਦਪੁਰ ਸਾਹਿਬ ਸਮੇਤ ਪ੍ਰਮੁੱਖ ਧਾਰਮਿਕ ਸਥਾਨਾਂ ਲਈ ਮੁਫ਼ਤ ਅਤੇ ਪੂਰੀ ਤਰ੍ਹਾਂ ਪ੍ਰਬੰਧਿਤ ਤੀਰਥ ਯਾਤਰਾਵਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਵਿੱਤੀ ਸਾਲ 2026-27 ਵਿੱਚ ਲਗਭਗ 7.15 ਲੱਖ ਨਾਗਰਿਕਾਂ ਨੂੰ ਤੀਰਥ ਯਾਤਰਾ ਦੀ ਸਹੂਲਤ ਪ੍ਰਦਾਨ ਕਰਨ ਲਈ 312 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਪਰ ਇਸ ਸਕੀਮ ਦੀ ਸ਼ੁਰੂਆਤ 27 ਨਵੰਬਰ 2023 ਨੂੰ ਕੀਤੀ ਗਈ ਤੇ ਇਸ ਤਾਰੀਖ ਨੂੰ ਹੀ ਪਹਿਲਾ ਜੱਥਾ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਤਖਤ ਸ੍ਰੀ ਹਜ਼ੂਰ ਸਾਹਿਬ, ਨੰਦੇੜ ਲਈ ਰਵਾਨਾ ਕੀਤਾ ਸੀ। ਤਰੁਣਪ੍ਰੀਤ ਸਿੰਘ ਸੋਂਦ ਨੇ ਪੰਜਾਬ ਸਰਕਾਰ ਦੇ ਪੇਂਡੂ ਵਿਕਾਸ, ਪੰਚਾਇਤਾਂ ਅਤੇ ਸੈਰ-ਸਪਾਟਾ ਮੰਤਰੀ ਵਜੋਂ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਸੀ। ਉਨ੍ਹਾਂ ਨੇ ਪੇਂਡੂ ਖੇਤਰਾਂ ਵਿੱਚ ਭਲਾਈ ਸਕੀਮਾਂ ਲਈ ਬਜਟ ਵਿੱਚ ਵਾਧਾ ਕਰਨ ਦੇ ਫ਼ੈਸਲੇ ਦੀ ਵੀ ਸਰਾਹਨਾ ਕੀਤੀ ਅਤੇ ਇਸ ਲਈ ਸਰਕਾਰ ਦਾ ਧੰਨਵਾਦ ਪ੍ਰਗਟਾਇਆ। ਜੇਕਰ ਕਈ ਪੱਖਾਂ ਤੋਂ ਦੇਖੀਏ ਤਾਂ ਪੰਜਾਬ ਦਾ ਬਜਟ ਕਾਫੀ ਵਧੀਆ ਹੈ ਜੋ ਲੋਕਾਂ ਦੀ ਭਲਾਈ ਲਈ ਵਧੀਆ ਜਾਪਦਾ ਹੈ ਪਰ ਕੁਝ ਆਲੋਚਕਾਂ ਨੇ ਇਸ ਦਾ ਕਈ ਪੱਖਾਂ ਤੋਂ ਵਿਰੋਧ ਵੀ ਕੀਤਾ ਹੈ। ਜਿਸ ਵਿੱਚ ਸੇਵਾ ਮੁਕਤ ਪ੍ਰਿੰਸੀਪਲ, ਸਮਾਜ ਸੇਵੀ, ਵਿਰੋਧੀ ਧਿਰ ਦੇ ਲੀਡਰ ਸ਼ਾਮਿਲ ਹਨ। ਉਹਨਾਂ ਨੇ ਸੁਪਰੀਮ ਕੋਰਟ ਦਾ ਵੀ ਜ਼ਿਕਰ ਕੀਤਾ ਜਿਸ ਵਿੱਚ ਰਾਜਨੀਤਿਕ ਹਿੱਤਾਂ ਲਈ ਰਾਜਾਂ ਵਿੱਚ ਮੁਫਤ ਚੀਜ਼ਾਂ ਦੇ ਵੱਧ ਰਹੇ ਸੱਭਿਆਚਾਰ ਅਤੇ ਗੰਭੀਰ ਚਿੰਤਾਵਾਂ ਜਾਹਿਰ ਕੀਤੀ ਸੀ। ਜਿਸ ਵੱਲ ਸੂਬਾ ਸਰਕਾਰ ਨੇ ਕੋਈ ਧਿਆਨ ਨਹੀ ਦਿੱਤਾ ਤੇ ਉਹਨਾਂ ਨੇ ਬਜਟ ਵਿੱਚ ਕਾਫੀ ਚੀਜ਼ਾਂ ਦਾ ਮੁਫਤ ਐਲਾਨ ਵੀ ਕੀਤਾ ਹੈ। ਇਸ ਦੇ ਨਾਲ ਹੀ ਉਨਾਂ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਖਾਲੀ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਭਰਨ ਲਈ ਕੋਈ ਕਦਮ ਨਹੀ ਚੁੱਕਿਆ ਗਿਆ। ਇਸੇ ਤਰ੍ਹਾਂ ਜ਼ਿਲ੍ਹੇ ਦੇ ਬਹੁਤ ਸਾਰੇ ਹਸਪਤਾਲਾਂ ਨੂੰ ਯੋਗ ਡਾਕਟਰਾਂ ਅਤੇ ਪੈਰਾਮੈਡੀਕਲ ਖਿਲਾਫ ਦੀ ਲੋੜ ਹੈ। ਇਸ ਦੇ ਨਾਲ ਹੀ ਵਿਰੋਧੀ ਧਿਰਾਂ ਅਤੇ ਕੁਝ ਸਮਾਜਿਕ ਸੰਗਠਨਾਂ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਸਰਕਾਰ ਵਿਕਾਸ ਕਾਰਜਾਂ ਅਤੇ ਭਲਾਈ ਯੋਜਨਾਵਾਂ ਲਈ ਕਰਜ਼ੇ 'ਤੇ ਵੱਧ ਨਿਰਭਰ ਹੋ ਰਹੀ ਹੈ, ਜਿਸ ਨਾਲ ਰਾਜ 'ਤੇ ਕਰਜ਼ੇ ਦਾ ਬੋਝ ਹੋਰ ਵਧ ਸਕਦਾ ਹੈ।

ਪਰ ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬ ਦਾ ਬਜਟ 2026-27 ਸਿਰਫ਼ ਵੱਡੇ ਐਲਾਨਾਂ ਤੱਕ ਸੀਮਿਤ ਨਹੀ ਦਿਖਾਈ ਦਿੰਦਾ, ਸਗੋਂ ਦੋ ਮਹੀਨੇ ਬਾਅਦ ਇਸ ਦੇ ਕੁਝ ਸਕਾਰਾਤਮਕ ਪ੍ਰਭਾਵ ਵੀ ਜ਼ਮੀਨੀ ਪੱਧਰ 'ਤੇ ਨਜ਼ਰ ਆਉਣ ਲੱਗੇ ਹਨ। ਕਿਸਾਨਾਂ, ਮਹਿਲਾਵਾਂ, ਵਿਦਿਆਰਥੀਆਂ ਅਤੇ ਆਮ ਵਰਗ ਲਈ ਕੀਤੀਆਂ ਕਈ ਘੋਸ਼ਣਾਵਾਂ ਨੇ ਸਰਕਾਰ ਪ੍ਰਤੀ ਲੋਕਾਂ ਵਿੱਚ ਭਰੋਸਾ ਪੈਦਾ ਕੀਤਾ ਹੈ। ਹਾਲਾਂਕਿ ਕੁਝ ਯੋਜਨਾਵਾਂ ਦੇ ਪੂਰੇ ਨਤੀਜੇ ਆਉਣ ਵਿੱਚ ਹੋਰ ਸਮਾਂ ਲੱਗੇਗਾ, ਪਰ ਬਜਟ ਦੀ ਦਿਸ਼ਾ ਲੋਕ-ਭਲਾਈ ਅਤੇ ਵਿਕਾਸ ਵੱਲ ਵਧਦੀ ਹੋਈ ਦਿਖਾਈ ਦਿੰਦੀ ਹੈ। ਜੇਕਰ ਸਰਕਾਰ ਐਲਾਨਾਂ ਨੂੰ ਪੂਰੀ ਇਮਾਨਦਾਰੀ ਨਾਲ ਲਾਗੂ ਕਰਦੀ ਹੈ ਤਾਂ ਇਹ ਬਜਟ 2027 ਦੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਵਿੱਚ ਸਰਕਾਰ ਦੀ ਛਵੀ ਹੋਰ ਮਜ਼ਬੂਤ ਕਰ ਸਕਦਾ ਹੈ।

# ਪੰਜਾਬ ਵਿੱਚ ਭਾਜਪਾ ਦੀ ਨਵੀਂ ਸਿਆਸੀ ਚਾਲ: ਜੱਟ ਸਿੱਖ ਚਿਹਰੇ 'ਤੇ ਦਾਅ



ਡਾ: ਮਨਿੰਦਰ ਜੀਤ ਸਿੰਘ ਪੁਰੇਵਾਲ

**ਪੰਜਾਬ** ਦੀ ਸਿਆਸਤ ਇੱਕ ਵਾਰ ਫਿਰ ਨਵੇਂ ਮੋੜ 'ਤੇ ਖੜ੍ਹੀ ਨਜ਼ਰ ਆ ਰਹੀ ਹੈ। ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਜੱਟ ਸਿੱਖ ਆਗੂ ਕੇਵਲ ਸਿੰਘ ਢਿੱਲੋਂ ਨੂੰ ਅਹਿਮ ਜ਼ਿੰਮੇਵਾਰੀ ਦੇਣਾ ਸਿਰਫ਼ ਇੱਕ ਸਧਾਰਨ ਸੰਗਠਨਾਤਮਕ ਫੈਸਲਾ ਨਹੀ, ਸਗੋਂ ਪੰਜਾਬ ਦੀ ਜਾਤੀ-ਅਧਾਰਿਤ ਅਤੇ ਧਾਰਮਿਕ ਸਿਆਸਤ ਨੂੰ ਧਿਆਨ ਵਿੱਚ ਰੱਖ ਕੇ ਚੱਲੀ ਗਈ ਇੱਕ ਵੱਡੀ ਰਣਨੀਤਿਕ ਚਾਲ ਵਜੋਂ ਵੇਖਿਆ ਜਾ ਰਿਹਾ ਹੈ। ਕੇਵਲ ਸਿੰਘ ਢਿੱਲੋਂ, ਜੋ ਕਦੇ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀਆਂ ਵਿੱਚ ਗਿਣੇ ਜਾਂਦੇ ਸਨ, ਚਾਰ ਸਾਲ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ ਅਤੇ ਹੁਣ ਉਨ੍ਹਾਂ ਨੂੰ ਅੱਗੇ ਲਿਆਉਣਾ ਪਾਰਟੀ ਦੀ ਪੰਜਾਬ ਵਿੱਚ ਨਵੀ ਪਕੜ ਬਣਾਉਣ ਦੀ ਕੋਸ਼ਿਸ਼ ਮੰਨੀ ਜਾ ਰਹੀ ਹੈ।

ਪੰਜਾਬ ਵਿੱਚ ਭਾਜਪਾ ਨੂੰ ਲੰਮੇ ਸਮੇਂ ਤੋਂ ਇੱਕ "ਹਿੰਦੂ ਪਾਰਟੀ" ਦੇ ਤੌਰ 'ਤੇ ਦੇਖਿਆ ਜਾਂਦਾ ਰਿਹਾ ਹੈ। ਖਾਸ ਕਰਕੇ ਕਿਸਾਨ ਅੰਦੋਲਨ ਤੋਂ ਬਾਅਦ ਪਾਰਟੀ ਨੂੰ ਪਿੰਡਾਂ ਅਤੇ ਸਿੱਖ ਭਾਈਚਾਰੇ ਵਿੱਚ ਵੱਡਾ ਸਿਆਸੀ ਨੁਕਸਾਨ ਝੱਲਣਾ ਪਿਆ। ਅਕਾਲੀ ਦਲ ਨਾਲ ਗਠਜੋੜ ਟੁੱਟਣ ਤੋਂ ਬਾਅਦ ਭਾਜਪਾ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਉਹ ਪੰਜਾਬ ਵਿੱਚ ਆਪਣਾ ਵੱਖਰਾ ਜਨਾਧਾਰ ਕਿਵੇਂ ਤਿਆਰ ਕਰੇ। ਇਸ ਪਿਛੋਕੜ ਵਿੱਚ ਜੱਟ ਸਿੱਖ ਚਿਹਰੇ ਨੂੰ ਅੱਗੇ ਕਰਨਾ ਇੱਕ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਕੇਵਲ ਸਿੰਘ ਢਿੱਲੋਂ ਦੀ ਸਿਆਸੀ ਯਾਤਰਾ ਵੀ ਕਾਫ਼ੀ ਦਿਲਚਸਪ ਰਹੀ ਹੈ। ਉਹ ਲੰਮੇ ਸਮੇਂ ਤੱਕ ਕਾਂਗਰਸ ਨਾਲ ਜੁੜੇ ਰਹੇ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀਆਂ ਵਿੱਚ ਸ਼ਾਮਲ ਸਨ। ਮਾਲਵਾ ਖੇਤਰ ਵਿੱਚ ਉਨ੍ਹਾਂ ਦੀ ਪਕੜ ਮੰਨੀ ਜਾਂਦੀ ਹੈ ਅਤੇ ਉਹ ਸੰਗਠਨਾਤਮਕ ਤੌਰ 'ਤੇ ਵੀ ਮਜ਼ਬੂਤ ਆਗੂ ਮੰਨੇ ਜਾਂਦੇ ਹਨ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਵੀ ਉਹ ਲਗਾਤਾਰ ਪਾਰਟੀ ਗਤੀਵਿਧੀਆਂ ਵਿੱਚ ਸਰਗਰਮ ਰਹੇ ਹਨ। ਹੁਣ ਉਨ੍ਹਾਂ ਨੂੰ ਅਹਿਮ ਜ਼ਿੰਮੇਵਾਰੀ ਦੇਣਾ ਇਸ ਗੱਲ ਦਾ ਸੰਕੇਤ ਹੈ ਕਿ ਭਾਜਪਾ ਪੰਜਾਬ ਵਿੱਚ ਆਪਣਾ ਆਧਾਰ ਵਧਾਉਣ ਲਈ ਰਵਾਇਤੀ ਸਿਆਸੀ ਸਮੀਕਰਨਾਂ ਨੂੰ ਬਦਲਣਾ ਚਾਹੁੰਦੀ ਹੈ।

ਪੰਜਾਬ ਦੀ ਸਿਆਸਤ ਵਿੱਚ ਜੱਟ ਸਿੱਖ ਭਾਈਚਾਰੇ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਸੂਬੇ ਦੀਆਂ ਜ਼ਿਆਦਾਤਰ ਮੁੱਖ ਸਿਆਸੀ ਪਾਰਟੀਆਂ ਇਸ ਵਰਗ ਨੂੰ ਕੇਂਦਰ ਵਿੱਚ ਰੱਖ ਕੇ ਆਪਣੀ ਰਣਨੀਤੀ ਤਿਆਰ ਕਰਦੀਆਂ ਹਨ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵੀ ਇਸ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਲਈ ਲਗਾਤਾਰ ਕੋਸ਼ਿਸ਼ ਕਰਦੀਆਂ ਰਹੀਆਂ ਹਨ। ਅਜਿਹੇ ਵਿੱਚ ਭਾਜਪਾ ਵੱਲੋਂ ਜੱਟ ਸਿੱਖ ਚਿਹਰੇ ਨੂੰ ਅੱਗੇ ਲਿਆਉਣਾ ਇਹ ਦਰਸਾਉਂਦਾ ਹੈ ਕਿ ਪਾਰਟੀ ਹੁਣ ਸਿਰਫ਼ ਸ਼ਹਿਰੀ ਅਤੇ ਹਿੰਦੂ ਵੋਟਰਾਂ ਤੱਕ ਸੀਮਿਤ ਨਹੀ ਰਹਿਣਾ ਚਾਹੁੰਦੀ।

ਸਿਆਸੀ ਮਾਹਿਰਾਂ ਦੇ ਅਨੁਸਾਰ ਭਾਜਪਾ ਦੀ ਇਹ ਰਣਨੀਤੀ ਦੋ ਪੱਖਾਂ 'ਤੇ ਕੰਮ ਕਰ ਸਕਦੀ ਹੈ। ਪਹਿਲਾਂ, ਇਹ ਸਿੱਖ ਭਾਈਚਾਰੇ ਵਿੱਚ ਪਾਰਟੀ ਦੀ ਛਵੀ ਨੂੰ ਨਰਮ ਕਰਨ ਦੀ ਕੋਸ਼ਿਸ਼ ਹੈ। ਦੂਜਾ, ਇਹ ਅਕਾਲੀ ਦਲ ਦੇ ਰਵਾਇਤੀ ਵੋਟ ਬੈਂਕ ਵਿੱਚ ਸੰਨ੍ਹ ਲਗਾਉਣ ਦੀ ਯੋਜਨਾ ਵੀ ਹੋ ਸਕਦੀ ਹੈ। ਅਕਾਲੀ ਦਲ ਪਿਛਲੇ ਕੁਝ ਸਾਲਾਂ ਵਿੱਚ ਕਾਫ਼ੀ ਕਮਜ਼ੋਰ ਹੋਇਆ ਹੈ ਅਤੇ ਭਾਜਪਾ ਇਸ ਖਾਲੀ ਹੋ ਰਹੀ ਸਿਆਸੀ ਜਗ੍ਹਾ ਨੂੰ ਭਰਨ ਦੀ ਕੋਸ਼ਿਸ਼ ਕਰ ਰਹੀ ਹੈ।

ਹਾਲਾਂਕਿ ਭਾਜਪਾ ਲਈ ਇਹ ਰਾਹ ਆਸਾਨ ਨਹੀ ਹੋਵੇਗਾ। ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿੱਚ ਭਾਜਪਾ ਪ੍ਰਤੀ ਨਾਰਾਜ਼ਗੀ ਅਜੇ ਵੀ ਮੌਜੂਦ ਹੈ। ਕਈ ਥਾਵਾਂ 'ਤੇ ਪਾਰਟੀ ਆਗੂਆਂ ਨੂੰ ਵਿਰੋਧ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਅਜਿਹੇ ਵਿੱਚ ਕੇਵਲ ਸਿੰਘ ਢਿੱਲੋਂ ਵਰਗੇ ਚਿਹਰੇ ਨੂੰ ਅੱਗੇ ਕਰਕੇ



ਭਾਜਪਾ ਇੱਕ ਨਵਾਂ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਉਹ ਪੰਜਾਬ ਦੀਆਂ ਭਾਵਨਾਵਾਂ ਅਤੇ ਸੂਬਾਈ ਸਿਆਸਤ ਨੂੰ ਸਮਝਦੀ ਹੈ।

ਇਸ ਦੇ ਨਾਲ ਹੀ ਇਹ ਵੀ ਮਹੱਤਵਪੂਰਨ ਹੈ ਕਿ ਪੰਜਾਬ ਵਿੱਚ ਹੁਣ ਸਿਆਸਤ ਸਿਰਫ਼ ਰਵਾਇਤੀ ਪਾਰਟੀਆਂ ਤੱਕ ਸੀਮਿਤ ਨਹੀ ਰਹੀ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸਿਆਸੀ ਮੁਕਾਬਲਾ ਹੋਰ ਵੀ ਦਿਲਚਸਪ ਹੋ ਗਿਆ ਹੈ। ਕਾਂਗਰਸ ਆਪਣੀ ਜ਼ਮੀਨ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਅਕਾਲੀ ਦਲ ਦੁਬਾਰਾ ਮਜ਼ਬੂਤ ਹੋਣ ਦੀ ਲੜਾਈ ਲੜ ਰਿਹਾ ਹੈ ਅਤੇ ਭਾਜਪਾ ਨਵੇਂ ਸਮੀਕਰਨ ਬਣਾਉਣ ਵਿੱਚ ਲੱਗੀ ਹੋਈ ਹੈ।

ਕੇਵਲ ਸਿੰਘ ਢਿੱਲੋਂ ਨੂੰ ਅੱਗੇ ਲਿਆਉਣਾ ਸਿਰਫ਼ ਇੱਕ ਨਿਯੁਕਤੀ ਨਹੀ, ਸਗੋਂ ਪੰਜਾਬ ਵਿੱਚ ਭਾਜਪਾ ਦੀ ਲੰਬੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਭਾਜਪਾ ਆਪਣੀ ਇਸ ਨਵੀ ਸਿਆਸੀ ਚਾਲ ਰਾਹੀ ਪੰਜਾਬ ਦੇ ਪਿੰਡਾਂ ਅਤੇ ਸਿੱਖ ਵੋਟਰਾਂ ਵਿੱਚ ਆਪਣੀ ਪਕੜ ਮਜ਼ਬੂਤ ਕਰ ਸਕੇਗੀ ਜਾਂ ਨਹੀ। ਫਿਲਹਾਲ ਇਹ ਫੈਸਲਾ ਸੂਬੇ ਦੀ ਸਿਆਸਤ ਵਿੱਚ ਇੱਕ ਨਵੀ ਚਰਚਾ ਨੂੰ ਜਨਮ ਦੇ ਚੁੱਕਾ ਹੈ।

# ਵਪਾਰ ਬਣਦੀ ਸਿੱਖਿਆ; ਕਿੱਥੇ ਜਾਣ ਗ਼ਰੀਬ ਤੇ ਮੱਧ ਵਰਗੀ ਮਾਪੇ?

ਪ੍ਰਿੰਸੀਪਲ ਵਿਜੇ ਕੁਮਾਰ

**ਕੋਈ** ਸਮਾਂ ਸੀ ਜਦੋਂ ਸਿੱਖਿਆ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਸਰਕਾਰੀ ਸਕੂਲ ਹੀ ਹੁੰਦੇ ਸਨ। ਬਹੁਤਾਤ ਵਿੱਚ ਲੋਕਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਹੀ ਪੜ੍ਹਦੇ ਸਨ। ਸਹੂਲਤਾਂ ਦੀ ਘਾਟ ਹੋਣ ਦੇ ਬਾਵਜੂਦ ਇਨ੍ਹਾਂ ਸਕੂਲਾਂ ਦੇ ਪੜ੍ਹੇ ਹੋਏ ਬੱਚੇ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੁੰਦੇ ਸਨ ਕਿਉਂਕਿ ਉਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਬਹੁਤ ਉੱਚਾ ਹੁੰਦਾ ਸੀ। ਲੋਕਾਂ ਦਾ ਇਹ ਪੂਰਨ ਵਿਸ਼ਵਾਸ ਸੀ ਕਿ ਪ੍ਰਾਈਵੇਟ ਮਾਡਲ ਸਕੂਲਾਂ ਨਾਲੋਂ ਸਰਕਾਰੀ ਸਕੂਲਾਂ ਵਿੱਚ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਵਧੇਰੇ ਸੁਰੱਖਿਅਤ ਹੈ। ਉਦੋਂ ਸਕੂਲਾਂ ਦੇ ਨਾਂ ਵੀ ਇੱਕੋ ਜਿਹੇ (ਸਾਧਾਰਨ) ਹੁੰਦੇ ਸਨ। ਸਕੂਲਾਂ ਵਿੱਚ ਦਾਖ਼ਲੇ ਲਈ ਨਾ ਕੋਈ ਡੋਨੇਸ਼ਨ ਦੇਣੀ ਪੈਂਦੀ ਸੀ ਅਤੇ ਨਾ ਹੀ ਕੋਈ ਵਿਕਾਸ ਫੰਡ। ਸੈਂਕੜੇ ਰੁਪਿਆਂ ਦੇ ਪ੍ਰਾਸਪੈਕਟਸ ਦੀ ਬਜਾਏ ਮਹਿਜ਼ ਪੱਚੀ ਪੈਸੇ ਦਾ ਦਾਖ਼ਲਾ ਫਾਰਮ ਹੁੰਦਾ ਸੀ। ਕੋਈ ਇੱਕ ਸਿਆਣਾ ਜੀਅ ਪਤਾਸਿਆਂ ਦੇ ਲਿਫ਼ਾਫ਼ੇ ਨਾਲ ਹੀ ਮੁਹੱਲੇ ਦੇ ਸਾਰੇ ਬੱਚਿਆਂ ਨੂੰ ਸਕੂਲ ਵਿੱਚ ਦਾਖ਼ਲ ਕਰਵਾ ਆਉਂਦਾ ਸੀ। ਉਦੋਂ ਟਾਈ, ਬੈਲਟ, ਆਈ-ਕਾਰਡ, ਡਾਇਰੀ, ਮਹਿੰਗੀ ਵਰਦੀ ਅਤੇ ਭਾਰੇ ਬੈਗਾਂ ਦਾ ਕੋਈ ਰਿਵਾਜ ਨਹੀ ਸੀ। ਸਾਰੇ ਸਕੂਲਾਂ ਵਿੱਚ ਇੱਕੋ ਜਿਹੀਆਂ ਕਿਤਾਬਾਂ ਅਤੇ ਇੱਕੋ ਜਿਹਾ ਸਿਲੇਬਸ ਹੁੰਦਾ ਸੀ। ਕਿਤਾਬਾਂ ਵੀ ਸਸਤੀਆਂ ਹੁੰਦੀਆਂ ਸਨ, ਜਿਸ ਕਾਰਨ ਮਾਪਿਆਂ ਲਈ ਬੱਚਿਆਂ ਨੂੰ ਪੜ੍ਹਾਉਣਾ ਕੋਈ ਬੋਝ ਨਹੀ ਸੀ ਲੱਗਦਾ। ਉਸ ਦੌਰ ਵਿੱਚ ਪ੍ਰਾਈਵੇਟ ਸਕੂਲ ਟਾਵੇਂ-ਟਾਵੇਂ ਹੀ ਹੁੰਦੇ ਸਨ, ਜਿਨ੍ਹਾਂ ਵਿੱਚ ਮਹਿਜ਼ ਉੱਚ ਵਰਗ ਦੇ ਬੱਚੇ ਪੜ੍ਹਦੇ ਸਨ। ਪਰ ਸਮੇਂ ਦੇ ਨਾਲ ਸਰਕਾਰੀ ਸਕੂਲਾਂ ਦੀਆਂ ਖ਼ਾਮੀਆਂ ਅਤੇ ਸਿੱਖਿਆ ਦੇ ਵਪਾਰੀਕਰਨ ਨੇ ਹਰ ਸ਼ਹਿਰ, ਕਸਬੇ ਅਤੇ ਪਿੰਡਾਂ ਬਸਤੀਆਂ ਵਿੱਚ ਥਾਂ-ਥਾਂ ਪ੍ਰਾਈਵੇਟ ਸਕੂਲਾਂ ਦਾ ਹੜ੍ਹ ਲਿਆ ਦਿੱਤਾ। ਅੱਜ ਸਰਕਾਰੀ ਸਕੂਲ ਕੇਵਲ ਉਨ੍ਹਾਂ ਮਾਪਿਆਂ ਦੀ ਮਜਬੂਰੀ ਬਣ ਕੇ ਰਹਿ ਗਏ ਹਨ ਜਿਹੜੇ ਆਰਥਿਕ ਤੰਗੀ ਕਾਰਨ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹਾਉਣ ਦੇ ਅਸਮਰੱਥ ਹਨ। ਜੇਕਰ ਇਹ ਕਹਿ ਲਿਆ ਜਾਵੇ ਕਿ ਅੱਜ-ਕੱਲ੍ਹ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਪੜ੍ਹਾਉਣਾ ਇੱਕ 'ਸਟੇਟਸ ਸਿੰਬਲ' ਬਣ ਗਿਆ ਹੈ ਤਾਂ ਇਹ ਕੋਈ ਅਤਿਕਥਨੀ ਨਹੀ ਹੋਵੇਗੀ। ਮੌਜੂਦਾ ਸਮੇਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਤਿੰਨ ਤਰ੍ਹਾਂ ਦੇ ਪ੍ਰਾਈਵੇਟ ਮਾਡਲ ਸਕੂਲ ਕੰਮ ਕਰ ਰਹੇ ਹਨ। ਪਹਿਲੀ ਕਿਸਮ ਵਿੱਚ ਉਹ ਨਾਮੀ ਪ੍ਰਾਈਵੇਟ ਸਕੂਲ ਆਉਂਦੇ ਹਨ ਜਿਨ੍ਹਾਂ ਵਿੱਚ ਕੇਵਲ ਉੱਚ ਵਰਗ ਦੇ ਅਮੀਰ ਮਾਪੇ ਹੀ ਆਪਣੇ ਬੱਚਿਆਂ ਨੂੰ ਪੜ੍ਹਾ ਸਕਦੇ ਹਨ। ਇਨ੍ਹਾਂ ਸਕੂਲਾਂ ਵਿੱਚ ਦਾਖ਼ਲੇ ਲਈ ਹਜ਼ਾਰਾਂ ਰੁਪਏ ਦੇ ਪ੍ਰਾਸਪੈਕਟਸ, ਲੱਖਾਂ ਰੁਪਏ ਡੋਨੇਸ਼ਨ ਤੇ ਵਿਕਾਸ ਫੰਡ, ਮੋਟੀਆਂ ਮਹੀਨਾਵਾਰ ਫੀਸਾਂ, ਮਹਿੰਗੀਆਂ ਕਿਤਾਬਾਂ, ਮਹਿੰਗਾ ਬੱਸ ਕਿਰਾਇਆ ਅਤੇ ਹੋਰ ਕਈ ਤਰ੍ਹਾਂ ਦੇ ਅਣਗਿਣਤ ਖ਼ਰਚੇ ਸ਼ਾਮਲ ਹੁੰਦੇ ਹਨ। ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਨੂੰ ਦਾਖ਼ਲਾ ਮਿਲਣਾ ਕੋਈ ਖਾਲਾ ਜੀ ਦਾ ਵਾੜਾ ਨਹੀ ਹੁੰਦਾ। ਦਾਖ਼ਲੇ ਲਈ ਸਖ਼ਤ ਟੈਸਟ, ਮਾਪਿਆਂ ਦੀ ਇੰਟਰਵਿਊ, ਸਾਲ-ਦੋ ਸਾਲ ਪਹਿਲਾਂ ਰਜਿਸਟਰੇਸ਼ਨ ਅਤੇ ਹੋਰ ਕਈ ਜੁਗਾੜ ਲਗਾਉਣੇ ਪੈਂਦੇ ਹਨ। ਮਾਪਿਆਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਇਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਦਾ ਪੱਧਰ ਸਭ ਤੋਂ ਉੱਤਮ ਹੈ। ਦੂਜੀ ਕਿਸਮ ਦੇ ਪ੍ਰਾਈਵੇਟ ਮਾਡਲ ਸਕੂਲਾਂ ਵਿੱਚ ਵੀ ਪੜ੍ਹਾਈ ਕਾਫ਼ੀ ਮਹਿੰਗੀ ਹੁੰਦੀ ਹੈ ਪਰ ਇੱਥੇ ਔਖੇ-ਸੌਖੇ ਦਾਖ਼ਲਾ ਮਿਲ ਜਾਂਦਾ ਹੈ। ਤੀਜੀ ਕਿਸਮ ਵਿੱਚ ਉਹ ਸਕੂਲ ਹਨ, ਜੋ ਗਲੀਆਂ-ਮੁਹੱਲਿਆਂ, ਚੌਕਾਂ, ਬਸਤੀਆਂ ਅਤੇ ਸੜਕਾਂ ਦੇ ਕਿਨਾਰੇ ਦੁਕਾਨਾਂ ਵਾਂਗ ਖੁੱਲ੍ਹੇ ਹੋਏ ਹਨ। ਇਨ੍ਹਾਂ ਸਕੂਲਾਂ ਵਿੱਚ ਉਨ੍ਹਾਂ ਮਾਪਿਆਂ ਦੇ ਬੱਚੇ ਪੜ੍ਹਦੇ ਹਨ, ਜਿਹੜੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਤਾਂ ਨਹੀ ਭੇਜਣਾ ਚਾਹੁੰਦੇ, ਪਰ ਵੱਡੇ ਤੇ ਮਹਿੰਗੇ ਪ੍ਰਾਈਵੇਟ ਸਕੂਲਾਂ ਦਾ ਖ਼ਰਚਾ ਚੁੱਕਣਾ ਵੀ ਉਨ੍ਹਾਂ ਦੀ ਆਰਥਿਕ ਪਹੁੰਚ ਤੋਂ ਬਾਹਰ ਹੁੰਦਾ ਹੈ। ਇਨ੍ਹਾਂ ਕਿਸਮਾਂ ਦੇ ਪ੍ਰਾਈਵੇਟ ਸਕੂਲਾਂ ਨੂੰ ਚਲਾਉਣ ਵਾਲੇ ਪ੍ਰਬੰਧਕਾਂ ਦਾ ਮੁੱਖ ਉਦੇਸ਼ ਸਿੱਖਿਆ ਦੇਣਾ ਘੱਟ ਅਤੇ ਸਕੂਲ ਦੀ ਕਮਾਈ ਵਧਾਉਣ ਲਈ ਵੱਧ ਤੋਂ ਵੱਧ ਬੱਚਿਆਂ ਨੂੰ ਦਾਖ਼ਲ ਕਰਨਾ ਹੁੰਦਾ ਹੈ। ਇਹ ਪ੍ਰਾਈਵੇਟ ਮਾਡਲ ਸਕੂਲ ਬੱਚਿਆਂ ਦਾ ਦਾਖ਼ਲਾ ਵਧਾਉਣ ਲਈ ਨਵੰਬਰ-ਦਸੰਬਰ ਮਹੀਨੇ ਤੋਂ ਹੀ ਵੱਖ-ਵੱਖ ਤਰ੍ਹਾਂ ਦੇ ਹੱਥਕੰਡੇ ਅਪਣਾਉਣੇ ਸ਼ੁਰੂ ਕਰ ਦਿੰਦੇ ਹਨ। ਮਾਪਿਆਂ ਨੂੰ ਪ੍ਰਭਾਵਿਤ ਕਰਨ ਲਈ ਆਪਣੇ ਸਕੂਲਾਂ ਦੀਆਂ ਪ੍ਰਾਪਤੀਆਂ ਦਾ ਗੁਣਗਾਣ ਕਰਨ ਵਾਲੇ ਅਤੇ ਮਾਸੂਮ ਬੱਚਿਆਂ ਦੀਆਂ ਫ਼ੋਟੋਆਂ ਨਾਲ ਲਿਸ਼ਕਦੇ-ਚਮਕਦੇ ਇਸ਼ਤਿਹਾਰ ਅਖ਼ਬਾਰਾਂ ਦੇ ਮਾਧਿਅਮ ਰਾਹੀ ਲੋਕਾਂ ਤੱਕ ਪਹੁੰਚਾਏ ਜਾਂਦੇ ਹਨ। ਅੱਜਕੱਲ੍ਹ ਸੋਸ਼ਲ ਮੀਡੀਆ ਰਾਹੀ ਵੀ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾਂਦਾ ਹੈ। ਸਕੂਲ ਬੱਸਾਂ, ਕੰਧਾਂ, ਗਲੀਆਂ-ਮੁਹੱਲਿਆਂ ਅਤੇ ਚੌਕਾਂ ਵਿੱਚ ਵੱਡੇ-ਵੱਡੇ ਬੈਨਰ ਤੇ ਹੋਰਡਿੰਗ ਟੰਗ ਦਿੱਤੇ ਜਾਂਦੇ ਹਨ। ਇੰਨਾ ਹੀ ਨਹੀ, ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਵੱਲੋਂ ਆਪਣੇ ਅਧਿਆਪਕਾਂ ਨੂੰ ਬੱਚਿਆਂ ਦੇ ਦਾਖ਼ਲੇ ਲਈ 'ਘਰ-ਘਰ' ਭੇਜਿਆ ਜਾਂਦਾ ਹੈ। ਇਹ ਅਧਿਆਪਕ ਮਾਪਿਆਂ ਨੂੰ ਆਪਣੇ ਸਕੂਲ ਦੀਆਂ ਉਪਲੱਬਧੀਆਂ, ਆਧੁਨਿਕ ਸਹੂਲਤਾਂ, ਆਈ ਸੀ ਐੱਸ ਈ ਜਾਂ ਸੀ ਬੀ ਐੱਸ ਈ ਸਿਲੇਬਸ, ਉੱਚ-ਯੋਗਤਾ ਪ੍ਰਾਪਤ ਫੈਕਲਟੀ ਅਤੇ ਸ਼ਾਨਦਾਰ ਪ੍ਰਬੰਧਾਂ ਦਾ ਹਵਾਲਾ ਦੇ ਕੇ ਆਪਣੇ ਸਕੂਲ ਵਿੱਚ ਦਾਖ਼ਲਾ ਕਰਵਾਉਣ ਲਈ ਪ੍ਰੇਰਦੇ (ਜਾਂ ਇੱਕ ਤਰ੍ਹਾਂ ਨਾਲ ਮਜਬੂਰ) ਕਰਦੇ ਹਨ। ਅਜਿਹੇ ਭਰਮਾਊ ਮਾਹੌਲ ਵਿੱਚ ਸਾਧਾਰਨ ਮਾਪਿਆਂ ਲਈ ਇਹ ਫ਼ੈਸਲਾ ਲੈਣਾ ਬੇਹੱਦ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਆਪਣੇ ਬੱਚੇ ਨੂੰ ਕਿਸ ਸਕੂਲ ਵਿੱਚ ਭੇਜਣ। ਦੂਜੇ ਪਾਸੇ ਪ੍ਰਾਈਵੇਟ ਮਾਡਲ ਸਕੂਲਾਂ ਦੇ ਵਧ ਰਹੇ ਪ੍ਰਭਾਵ ਅਤੇ ਸਰਕਾਰੀ ਸਕੂਲਾਂ ਵਿੱਚ ਘਟ ਰਹੀ ਵਿਦਿਆਰਥੀਆਂ ਦੀ ਗਿਣਤੀ ਕਾਰਨ ਹੁਣ ਸਿੱਖਿਆ ਵਿਭਾਗ ਵੀ ਜਾਗਿਆ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਵਧਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਿਹਾ ਹੈ। ਪਰ ਕੌੜੀ ਸੱਚਾਈ ਇਹ ਹੈ ਕਿ ਸਿੱਖਿਆ ਦੇ ਇਸ ਵਪਾਰੀਕਰਨ ਅਤੇ ਸਰਕਾਰਾਂ ਦੀਆਂ ਅਣਗਹਿਲੀ ਭਰੀਆਂ ਨੀਤੀਆਂ ਨੇ ਸਿੱਖਿਆ ਨੂੰ ਮਹਿਜ਼ ਇੱਕ ਮੁਨਾਫ਼ਾਖ਼ੋਰ ਧੰਦਾ ਬਣਾ ਕੇ ਰੱਖ ਦਿੱਤਾ ਹੈ। ਅਜਿਹੇ ਦੌਰ ਵਿੱਚ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਲਈ ਆਪਣੇ ਬੱਚਿਆਂ ਨੂੰ ਉੱਚੀ ਸਿੱਖਿਆ ਦਿਵਾਉਣਾ ਅਤੇ ਉਨ੍ਹਾਂ ਲਈ ਸਹੀ ਸਕੂਲ ਦੀ ਚੋਣ ਕਰਨਾ ਇੱਕ ਵੱਡੀ ਚੁਣੌਤੀ ਬਣ ਚੁੱਕਾ ਹੈ। ਸਕੂਲ ਦਾ ਮੁਖੀ (ਪ੍ਰਿੰਸੀਪਲ) ਇੱਕ ਚੰਗਾ ਪ੍ਰਬੰਧਕ ਅਤੇ ਸਿੱਖਿਆ ਸ਼ਾਸਤਰ ਦਾ ਪੂਰਾ ਗਿਆਨ ਰੱਖਣ ਵਾਲਾ ਸੂਝਵਾਨ ਵਿਅਕਤੀ ਹੋਣਾ ਚਾਹੀਦਾ ਹੈ। ਬੋਰਡ ਭਾਵੇਂ ਕੋਈ ਵੀ ਹੋਵੇ, ਚਾਹੇ ਪੰਜਾਬ ਬੋਰਡ ਹੋਵੇ ਜਾਂ ਸੀ ਬੀ ਐੱਸ ਈ, ਅਸਲ ਮਾਅਨੇ ਅਧਿਆਪਕਾਂ ਦੀ ਮਿਹਨਤ ਅਤੇ ਲਗਨ ਹੀ ਰੱਖਦੀ ਹੈ। ਅੰਤ ਵਿੱਚ, ਦੇਸ਼ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿੱਖਿਆ ਦੇ ਵਧ ਰਹੇ ਵਪਾਰੀਕਰਨ ਨੂੰ ਨੱਥ ਪਾਉਣ। ਸਮਾਜ ਦੇ ਹਰ ਵਰਗ ਦੇ ਬੱਚੇ ਲਈ ਸਸਤੀ, ਮਿਆਰੀ, ਗੁਣਾਤਮਕ ਅਤੇ ਇੱਕੋ ਜਿਹੀ ਸਿੱਖਿਆ ਦਾ ਪ੍ਰਬੰਧ ਕਰਨਾ ਸਮੇਂ ਦੀ ਮੁੱਖ ਮੰਗ ਹੈ ਤਾਂ ਜੋ ਸਿੱਖਿਆ 'ਵਪਾਰ' ਨਾ ਰਹਿ ਕੇ ਸਹੀ ਮਾਅਨਿਆਂ ਵਿੱਚ 'ਲੋਕ-ਕਲਿਆਣ' ਦਾ ਜ਼ਰੀਆ ਬਣ ਸਕੇ।

## ਪੰਜਾਬ ਨੈਸ਼ਨਲ ਬੈਂਕ

pnb

ਅਸੈਟ ਰਿਕਵਰੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ)

ਐਸਸੀਓ 27- ਪਹਿਲੀ ਮੰਜ਼ਿਲ, ਬੀ ਬਲਾਕ ਰਣਜੀਤ ਐਵੇਨਿਊ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ 143001

### ਅਚੱਲ ਜਾਇਦਾਦ/ਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ

**ਈ-ਨਿਲਾਮੀ ਵਿਕਰੀ ਸੂਚਨਾ**

ਸਰਫੇਸੀ ਐਕਟ 2002 ਦੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਦੇ ਨਿਯਮ 6(2) ਅਤੇ 8(6) ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ ਦੇ ਤਹਿਤ ਆਮ ਜਨਤਾ ਨੂੰ ਕਾਨੂੰਨੀ 15/30 ਦਿਨਾਂ ਦੀ ਵਿਕਰੀ ਸੂਚਨਾ

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ। ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦ ਜੋ ਸੁਰੱਖਿਅਤ ਕਰਜ਼ਦਾਤਾ ਨੂੰ ਗਿਰਵੀ ਰੱਖੀ ਗਈ ਹੈ/ਚਾਰਜ ਕੀਤੀ ਗਈ ਹੈ, ਜਿਸਦੀ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਹੈ" ਦੇ ਅਧਾਰ 'ਤੇ ਵੇਚਿਆ ਜਾਵੇਗਾ, ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਲਈ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ। **ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਣੂੰ ਦੇਣਦਾਰੀਆਂ : ਕੋਈ ਨਹੀਂ/ਜਾਣੂੰ ਨਹੀਂ।**

**ਵਿਕਰੀ 07.07.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ**

ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ ਰਾਸ਼ੀ ਹੋਣੀ ਲਾਜ਼ਮੀ ਹੈ।

ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com

ਅਧਿਕਾਰਤ ਅਧਿਕਾਰੀਆਂ ਦੇ ਸੰਪਰਕ ਵੇਰਵੇ ਰਵਿੰਦਰ ਕੁਮਾਰ ਗੇਰਾ (ਮੁੱਖ ਪ੍ਰਬੰਧਕ) (ਮੋ.) 73400-67243, ਈਮੇਲ : cs8186@pnb.bank.in

### ਸੁਰੱਖਿਅਤ ਅਸਾਸਿਆਂ ਦੀ ਸੂਚੀ

| ਸ਼ਾਖਾ ਦਾ ਨਾਮ<br>ਖਾਤੇ ਦਾ ਨਾਮ<br>ਖਾਤਾ/ਕਰਜ਼ਦਾਰ/ਜ਼ਾਮਨਾਂ ਦਾ ਨਾਮ ਅਤੇ ਪਤਾ | ਗਿਰਵੀਅਚੱਲ ਸੰਪਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ<br>ਅ) ਬਕਾਇਆ ਰਕਮ ਦੀ ਮਿਤੀ<br>ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ<br>ਸ) ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ ਉਸਾਰੂ | ਰਾਖਵੀਂ ਕੀਮਤ<br>ਬਿਆਨਾ ਰਕਮ<br>ਬੋਲੀ ਵਾਧਾ ਰਕਮ |
|---|---|---|---|
| 1 ਏ.ਆਰ.ਐਮ.ਬੀ., ਅੰਮ੍ਰਿਤਸਰ<br>PROPERTY ID : PUNBIZC61613284<br>(i) ਮੈਸਰਜ਼ ਹਸਰਤ ਐਗਰੋ ਰਜਿ. ਦਫ਼ਤਰ ਅਨਾਜ ਮੰਡੀ, ਅਲਗੋਂ ਕੋਠੀ, ਤਰਨਤਾਰਨ 143419 (ii) ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਦਰਬਾਰਾ ਸਿੰਘ (ਮਾਲਕ) ਅਲਗੋਂ ਕੋਠੀ, ਤਰਨਤਾਰਨ (iii) ਸ੍ਰੀ ਅਮਰੀਕ ਸਿੰਘ ਪੁੱਤਰ ਮਿਲਖਾ ਸਿੰਘ, ਮਕਾਨ ਨੰ. 26, ਸ਼ੇਰਵੁੱਡ ਅਸਟੇਟ, ਮਹਿਤਾ ਕਲੋਨੀ, ਬਾਈਪਾਸ, ਅੰਮ੍ਰਿਤਸਰ 143105 (ਜ਼ਾਮਨ ਅਤੇ ਗਿਰਵੀਕਾਰ) | 1 ਕਨਾਲ 14 ਮਰਲੇ ਦਾ ਖਾਲੀ ਪਲਾਟ ਜੋ ਕਿ ਖਸਰਾ ਨੰਬਰ 81//25 (6-17), ਅਲਗੋਂ-9, ਹੱਦਬਸਤ ਨੰਬਰ 95, ਭਿੱਖੀਵਿੰਡ, ਤਰਨਤਾਰਨ ਵਿਖੇ ਸਥਿਤ ਹੈ, ਜੋ ਕਿ ਸ੍ਰੀ ਅਮਰੀਕ ਸਿੰਘ ਪੁੱਤਰ ਸ੍ਰੀ ਮਿਲਖਾ ਸਿੰਘ ਦੇ ਨਾਮ 'ਤੇ ਰਜਿਸਟਰਡ ਟਾਈਟਲ ਡੀਡ ਨੰਬਰ 1331, ਬਹੀ ਨੰਬਰ 1, ਵਾਲੀਅਮ ਨੰਬਰ 709, ਪੰਨਾ ਨੰਬਰ 0 ਮਿਤੀ 29-01-2018 ਅਨੁਸਾਰ ਅੰਮ੍ਰਿਤਸਰ ਦੇ ਮਾਲ ਰਿਕਾਰਡ ਵਿੱਚ ਰਜਿਸਟਰਡ ਹੈ ਅਤੇ ਹੱਦਬੰਦੀ ਪੂਰਬ: ਮੁੱਖ ਸੜਕ, ਉੱਤਰ: ਦੂਜਿਆਂ ਦੀ ਜਾਇਦਾਦ, ਪੱਛਮ: ਦੂਜਿਆਂ ਦੀ ਜਾਇਦਾਦ, ਦੱਖਣ: ਦੂਜਿਆਂ ਦੀ ਜਾਇਦਾਦ | 04.06.2025<br>ਰੁ. 98,16,492.78, 31.05.2025 ਨੂੰ + ਵਿਆਜ, ਹੋਰ ਫੀਸਾਂ ਅਤੇ ਮਨਫੀ ਵਸੂਲੀ, ਜੇਕਰ ਕੋਈ ਹੈ, ਹੁਣ ਤੱਕ ਪ੍ਰਭਾਵੀ<br>11.09.2025<br>ਸੰਕੇਤਕ ਕਬਜ਼ਾ | ਰੁ. 72,25,000/-<br>ਰੁ. 7,22,500/-<br>ਰੁ. 50,000/- |
| 2 ਏ.ਆਰ.ਐਮ.ਬੀ., ਅੰਮ੍ਰਿਤਸਰ<br>(i) Property ID: PUNBPUNBABA47898353<br>(ii) Property ID: PUNBPUNBABA37858351<br>(iii) Property ID: PUNBPUNBABA37749666<br>(iv) Property ID: PUNBPUNBABA37749671<br>(v) Property ID: PUNBPUNBABA37749669<br>(vi) Property ID: PUNBPUNBABA37749670<br>(vii) Property ID: PUNBPUNBABA37749667<br>(viii) Property ID: PUNBPUNBABA37749668<br>(i) ਮੈਸਰਜ਼ ਕੇ ਐਂਡ ਆਰ ਪ੍ਰੋਸੈਸਰ, ਸੀ-102, ਸੀ-103, ਨਿਊ ਫੋਕਲ ਪੁਆਇੰਟ, ਮਹਿਤਾ ਰੋਡ, ਅੰਮ੍ਰਿਤਸਰ (ii) ਸ਼੍ਰੀਮਤੀ ਰਾਜਵਿੰਦਰ ਕੌਰ (ਭਾਈਵਾਲ/ਗਿਰਵੀਕਾਰ) ਪਤਨੀ ਸ੍ਰੀ ਗੁਰਦੇਵ ਸਿੰਘ, 6-54, ਜੀ.ਟੀ. ਰੋਡ, ਸੰਧੂ ਕਾਲੋਨੀ, ਅੰਮ੍ਰਿਤਸਰ (iii) ਸ੍ਰੀ ਸੁੱਚਾ ਸਿੰਘ (ਜ਼ਾਮਨ) ਪੁੱਤਰ ਭਗਤ ਸਿੰਘ ਵਾਸੀ 13, ਕਾਲਾ ਘਣੂਪੁਰ, ਜੀ.ਟੀ. ਰੋਡ, ਛੇਹਰਟਾ, ਅੰਮ੍ਰਿਤਸਰ (iii) ਸ੍ਰੀ ਜਸਵਿੰਦਰ ਸਿੰਘ ਗਿੱਲ (ਭਾਈਵਾਲ/ਗਿਰਵੀਕਾਰ) ਸਪੁੱਤਰ ਸ੍ਰੀ ਸੁੱਚਾ ਸਿੰਘ, ਐਫ-100, ਏ-ਬਲਾਕ, ਸੰਧੂ ਕਲੋਨੀ, ਜੀ.ਟੀ. ਰੋਡ, ਛੇਹਰਟਾ, ਅੰਮ੍ਰਿਤਸਰ (iv) ਸ੍ਰੀਮਤੀ ਰੇਣੂ ਰਾਮਪਾਲ (ਜ਼ਾਮਨ) ਪਤਨੀ ਸ੍ਰੀ ਜਤਿੰਦਰ ਕੁਮਾਰ, ਵਾਸੀ 88, ਨਿਊ ਮਾਡਲ ਟਾਊਨ, ਛੇਹਰਟਾ, ਅੰਮ੍ਰਿਤਸਰ (v) ਸ੍ਰੀ ਜਤਿੰਦਰ ਕੁਮਾਰ (ਭਾਈਵਾਲ/ਗਿਰਵੀਕਾਰ) ਸਪੁੱਤਰ ਸ੍ਰੀ ਕ੍ਰਿਸ਼ਨ ਲਾਲ ਵਾਸੀ 88, ਨਿਊ ਮਾਡਲ ਟਾਊਨ, ਛੇਹਰਟਾ, ਅੰਮ੍ਰਿਤਸਰ (vi) ਕਿਰਨ ਬਾਲਾ (ਜ਼ਾਮਨ) ਪਤਨੀ ਸ੍ਰੀ ਪਵਨ ਕੁਮਾਰ, ਵਾਸੀ 70, ਮਾਡਲ ਟਾਊਨ, ਛੇਹਰਟਾ, ਅੰਮ੍ਰਿਤਸਰ | (i) ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ , ਜਿਸ ਦਾ ਮਾਪ 112 ਵਰਗ ਗਜ਼ ਹੈ, ਜੋ ਕਿ ਖਸਰਾ ਨੰਬਰ 719 ਅਤੇ 723 ਮਿੰਨ ਅਤੇ ਜਮ੍ਹਾਂਬੰਦੀ ਖਸਰਾ ਨੰਬਰ 719 ਮਿੰਨ ਦੇ ਅਨੁਸਾਰ, ਮਕਾਨ ਨੰਬਰ 33, ਮੌਜੂਦਾ ਮਕਾਨ ਨੰਬਰ ਐਫ-100 ਵਡਾਲੀ ਗੁਰੂ ਸ਼ਹਿਰੀ, ਨਵੀਂ ਆਬਾਦੀ, ਸੰਧੂ ਕਲੋਨੀ, ਅੰਮ੍ਰਿਤਸਰ-1 ਵਿਖੇ ਸਥਿਤ ਹੈ, ਜੋ ਕਿ ਰਜਿਸਟਰਡ ਡੀਡ ਨੰਬਰ 11362, ਕਿਤਾਬ ਨੰਬਰ 1, ਭਾਗ ਨੰਬਰ 4611, ਪੰਨਾ ਨੰਬਰ 12 ਮਿਤੀ 01-11-2011 ਦੁਆਰਾ ਜਸਵਿੰਦਰ ਸਿੰਘ ਪੁੱਤਰ ਸ੍ਰੀ ਸੁੱਚਾ ਸਿੰਘ ਦੇ ਹੱਕ ਵਿੱਚ ਦਿਰਜ ਹੈ ਅਤੇ ਨਾਲ ਲੱਗਦੀਆਂ ਜਾਇਦਾਦਾਂ ਦੀ ਹੱਦਬੰਦੀ ਪੂਰਬ: ਮਕਾਨ ਨੰਬਰ ਐਫ-99, ਪੱਛਮ: ਮਕਾਨ ਨੰਬਰ ਐਫ-101, ਉੱਤਰ: ਦੂਜਿਆਂ ਦੀ ਜਾਇਦਾਦ, ਦੱਖਣ: ਗਲੀ। | 05.02.2026<br>ਰੁ.1,56,66,828.45, 31.12.2025 ਨੂੰ + ਵਿਆਜ, ਹੋਰ ਫੀਸਾਂ ਅਤੇ ਮਨਫੀ ਵਸੂਲੀ, ਜੇਕਰ ਕੋਈ ਹੈ, ਹੁਣ ਤੱਕ ਪ੍ਰਭਾਵੀ<br>15.05.2026<br>ਸੰਕੇਤਕ ਕਬਜ਼ਾ (1 ਤੋਂ 7), ਭੌਤਿਕ ਕਬਜ਼ਾ (8) | (1)ਰੁ.23,00,000/-<br>ਰੁ.2,30,000/-<br>ਰੁ.20,000/- |
| | (ii) ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਮਾਪ 125 ਵਰਗ ਗਜ਼ ਹੈ, ਜਿਸ ਵਿੱਚ ਖਸਰਾ ਨੰਬਰ 60//17 ਮਿੰਨ ਸ਼ਾਮਲ ਹੈ, ਜੋ ਕਿ ਪਲਾਟ ਵਾਲਾ ਪ੍ਰਾਈਵੇਟ ਨੰਬਰ 13, ਕਾਲਾ ਘਨੂਪੁਰ ਸਬ ਅਰਬਨ, ਅਬਾਦੀ ਮਜੀਠਾ ਐਵੇਨਿਊ, ਸਬ ਡਿਵੀਜ਼ਨ ਨੰਬਰ 2, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ-2 ਵਿਖੇ ਸਥਿਤ ਹੈ, ਜੋ ਕਿ ਰਜਿਸਟਰਡ ਵਿਕਰੀ ਡੀਡ ਨੰਬਰ 17697, ਕਿਤਾਬ ਨੰਬਰ 1, ਵਾਲੀਅਮ ਨੰਬਰ 2847, ਪੰਨਾ 34/35 ਮਿਤੀ 19-03-2007 ਅਨੁਸਾਰ ਸ੍ਰੀ ਸੁੱਚਾ ਸਿੰਘ ਪੁੱਤਰ ਸ੍ਰੀ ਭਗਤ ਸਿੰਘ ਦੇ ਨਾਮ 'ਤੇ ਦਰਜ ਹੈ ਅਤੇ ਨਾਲ ਲੱਗਦੀਆਂ ਜਾਇਦਾਦਾਂ ਹਨ ਪੂਰਬ: ਮੌਜੂਦਾ ਮਕਾਨ, ਪੱਛਮ: ਮੌਜੂਦਾ ਮਕਾਨ, ਉੱਤਰ: ਮੌਜੂਦਾ ਮਕਾਨ, ਦੱਖਣ: ਗਲੀ 20 ਫੁੱਟ। | | (2)ਰੁ.21,20,000/-<br>ਰੁ.2,12,000/-<br>ਰੁ.20,000/- |
| | (iii) ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਮਾਪ 175 ਵਰਗ ਗਜ਼ ਹੈ, ਜਿਸ ਵਿੱਚ ਖਸਰਾ ਨੰਬਰ 718 ਅਤੇ 719 ਮਿੰਨ ਅਤੇ ਜਮ੍ਹਾਂਬੰਦੀ ਖਸਰਾ ਨੰਬਰ 719 ਮਿੰਨ ਸ਼ਾਮਲ ਹੈ, ਜੋ ਕਿ ਪਲਾਟ ਨੰਬਰ 25, ਵਡਾਲੀ ਗੁਰੂ ਅਰਬਨ, ਨਵੀਂ ਆਬਾਦੀ, ਸੰਧੂ ਏ-ਬਲਾਕ ਛੇਹਰਟਾ ਕਲੋਨੀ, ਅੰਮ੍ਰਿਤਸਰ-2 ਵਿਖੇ ਸਥਿਤ ਹੈ, ਜੋ ਕਿ ਰਜਿਸਟਰਡ ਡੀਡ ਨੰ. 8080, ਕਿਤਾਬ ਨੰ. 1, ਭਾਗ ਨੰ. 5696, ਪੰਨਾ ਨੰ. 13/14, ਮਿਤੀ 07-10-2013 ਅਨੁਸਾਰ ਰਾਜਵਿੰਦਰ ਕੌਰ ਪਤਨੀ ਗੁਰਦੇਵ ਸਿੰਘ ਦੇ ਹੱਕ ਵਿੱਚ ਦਰਜ ਹੈ ਅਤੇ ਨਾਲ ਲੱਗਦੀਆਂ ਜਾਇਦਾਦਾਂ ਹਨ ਪੂਰਬ: ਮੌਜੂਦਾ ਮਕਾਨ, ਪੱਛਮ: ਗਲੀ 20 ਫੁੱਟ ਚੌੜੀ, ਉੱਤਰ: ਹੋਰ ਜਾਇਦਾਦ, ਦੱਖਣ: ਰਾਜਵਿੰਦਰ ਕੌਰ ਦੀ ਜਾਇਦਾਦ | | (3)ਰੁ.24,55,000/-<br>ਰੁ.2,45,500/-<br>ਰੁ.20,000/- |
| | (iv) 75 ਵਰਗ ਗਜ਼ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜਿਸ ਵਿੱਚ ਖਸਰਾ ਨੰਬਰ 719 ਮਿੰਨ, ਖਤੌਨੀ ਨੰਬਰ 1449, ਖੇਵਟ ਨੰਬਰ 760, ਨਿੱਜੀ ਪਲਾਟ ਨੰਬਰ 27 ਮਿੰਨ ਅਤੇ ਮੌਜੂਦਾ ਮਕਾਨ ਨੰ. ਐਫ-54 ਸ਼ਾਮਲ ਹੈ ਜੋ ਕਿ ਵਡਾਲੀ ਗੁਰੂ ਅਰਬਨ, ਨਵੀਂ ਆਬਾਦੀ, ਸੰਧੂ ਕਲੋਨੀ, ਏ-ਬਲਾਕ, ਛੇਹਰਟਾ, ਅੰਮ੍ਰਿਤਸਰ-2 ਵਿਖੇ ਸਥਿਤ ਹੈ, ਜੋ ਕਿ ਰਜਿਸਟਰਡ ਡੀਡ ਨੰ. 9181, ਕਿਤਾਬ ਨੰ.1, ਭਾਗ ਨੰ. 3064, ਪੰਨਾ ਨੰ. 24/25 ਮਿਤੀ 15-10-2007 ਅਨੁਸਾਰ ਰਾਜਵਿੰਦਰ ਕੌਰ ਪਤਨੀ ਸ੍ਰੀ ਗੁਰਦੇਵ ਸਿੰਘ ਦੇ ਹੱਕ ਵਿੱਚ ਦਰਜ ਹੈ ਅਤੇ ਨਾਲ ਲੱਗਦੀਆਂ ਜਾਇਦਾਦਾਂ ਹਨ ਪੂਰਬ: ਮੌਜੂਦਾ ਮਕਾਨ, ਪੱਛਮ: 20 ਫੁੱਟ ਚੌੜੀ ਗਲੀ, ਉੱਤਰ: ਰਾਜਵਿੰਦਰ ਕੌਰ ਦਾ ਖੁੱਲ੍ਹਾ ਪਲਾਟ, ਦੱਖਣ: ਮੌਜੂਦਾ ਮਕਾਨ। | | (4)ਰੁ.20,75,000/-<br>ਰੁ.2,07,500/-<br>ਰੁ.20,000/- |
| | (v) ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸਦਾ ਮਾਪ 90.60 ਵਰਗ ਗਜ਼ ਹੈ, ਜੋ ਕਿ ਖਸਰਾ ਨੰਬਰ 1780 ਮਿੰਨ, ਖਾਤਾ/ਖਤੌਨੀ ਨੰਬਰ 517/932 ਸਾਲ 2010-2011 ਲਈ ਜਮ੍ਹਾਂਬੰਦੀ ਅਨੁਸਾਰ ਅੰਮ੍ਰਿਤਸਰ ਸ਼ਹਿਰੀ ਸਰਕਲ ਨੰਬਰ 107, ਆਬਾਦੀ ਨਗਰ ਨਿਗਮ ਕਲੋਨੀ, ਤਹਿਸੀਲ ਅੰਮ੍ਰਿਤਸਰ-2 ਵਿਖੇ ਸ਼੍ਰੀਮਤੀ ਰਾਜਵਿੰਦਰ ਕੌਰ ਪਤਨੀ ਸ੍ਰੀ ਗੁਰੂਦੇਵ ਸਿੰਘ ਦੇ ਨਾਮ 'ਤੇ ਰਜਿਸਟਰਡ ਡੀਡ ਨੰਬਰ 2436, ਕਿਤਾਬ ਨੰਬਰ 1, ਭਾਗ ਨੰਬਰ 14300, ਪੰਨਾ ਨੰਬਰ 78 ਮਿਤੀ 12-06-2015 ਦੁਆਰਾ ਸਥਿਤ ਹੈ ਅਤੇ ਨਾਲ ਲੱਗਦੀਆਂ ਜਾਇਦਾਦਾਂ ਹਨ ਪੂਰਬ: ਦੂਜਿਆਂ ਦੀ ਜਾਇਦਾਦ, ਪੱਛਮ: ਮੁੱਖ ਬਾਜ਼ਾਰ (ਨਗਰ ਨਿਗਮ ਗੁੱਜਰਪੁਰਾ), ਉੱਤਰ: ਗਲੀ, ਦੱਖਣ: ਦੂਜਿਆਂ ਦੀ ਜਾਇਦਾਦ। | | (5)ਰੁ.18,70,000/-<br>ਰੁ.1,87,000/-<br>ਰੁ.20,000/- |
| | (vi) ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸਦਾ ਮਾਪ 132 ਵਰਗ ਗਜ਼ ਹੈ ਜਿਸ ਵਿੱਚ ਵਿਕਰੀ ਡੀਡ ਅਨੁਸਾਰ ਪਲਾਟ ਨੰਬਰ 88, ਖਸਰਾ ਨੰਬਰ 544 ਮਿੰਨ: ਸ਼ਾਮਲ ਹੈ ਅਤੇ 1001/730 ਜਮਾਂਬੰਦੀ ਅਨੁਸਾਰ ਖਾਤਾ ਖਤੌਨੀ ਨੰ. 1024, ਹੱਦਬਸਤ ਨੰ. 381, ਕਾਲਾ ਘਣਪੁਰ ਅੰਮ੍ਰਿਤਸਰ-2 ਵਿਖੇ ਸਥਿਤ ਰੇਣੂ ਰਾਮਪਾਲ ਪਤਨੀ ਸ੍ਰੀ ਜਤਿੰਦਰ ਰਾਮਪਾਲ ਦੇ ਨਾਮ ਤੇ। | | (6)ਰੁ.45,50,000/-<br>ਰੁ.4,55,000/-<br>ਰੁ.20,000/- |
| | (vii) 136 ਵਰਗ ਗਜ਼ ਦੀ ਸੰਪਤੀ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਪਲਾਟ ਨੰ. 70 ਮਿੰਨ, ਖਸਰਾ ਨੰ. 1232/567 ਮਿੰਨ, ਖਤਾ ਖਤੌਨੀ 1005, ਹੱਦਬਸਤ ਨੰ. 381, ਕਾਲਾ ਘਣਪੁਰ, ਅਰਬਨ ਅਬਾਦੀ ਸ਼ੇਰੀ ਨਗਰ, ਸਬ ਡਵੀਜ਼ਨ ਨੰ. 99 ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ-II ਵਿਖੇ ਸਥਿਤ, ਸ਼੍ਰੀਮਤੀ ਕਿਰਨ ਰਾਮਪਾਲ ਪਤਨੀ ਸ੍ਰੀ ਪਵਨ ਕੁਮਾਰ ਦੇ ਨਾਮ 'ਤੇ। | | (7)ਰੁ.31,40,000/-<br>ਰੁ.3,14,000/-<br>ਰੁ.20,000/- |
| | (viii) 125 ਵਰਗ ਗਜ਼ ਦੇ ਪਲਾਟ ਨੰ. 55 ਵਾਲੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰ. 307, 315 ਅਤੇ 319 ਖਾਤਾ ਖਤੌਨੀ ਨੰ. 1081-1083, ਹੱਦਬਸਤ ਨੰ. 381, ਅਬਾਦੀ ਕਾਲਾ ਘਣਪੁਰ, ਅੰਮ੍ਰਿਤਸਰ, ਸ਼੍ਰੀਮਤੀ ਰੇਣੂ ਰਾਮਪਾਲ ਪਤਨੀ ਸ੍ਰੀ ਜਤਿੰਦਰ ਰਾਮਪਾਲ ਦੇ ਨਾਮ 'ਤੇ। | | (8)ਰੁ.12,25,000/-<br>ਰੁ.1,22,500/-<br>ਰੁ.20,000/- |

**ਸਰਫਾਇਸੀ ਐਕਟ 2002 ਦੇ ਨਿਯਮ 8 (6) ਦੇ ਅਧੀਨ 15/30 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ**

1. ਵਿਕਰੀ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ/ਜ਼ਿੰਮੇਵਾਰੀਆਂ ਉੱਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤੂਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ 07.07.2026 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ ਵੈੱਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਦਾ ਹਵਾਲਾ ਲਓ। 8. ਰਾਖਵੀਂ ਕੀਮਤ ਤੋਂ ਇਲਾਵਾ, ਘੱਟੋ-ਘੱਟ ਇੱਕ ਬੋਲੀ ਰਕਮ ਲਾਜ਼ਮੀ ਹੈ।

ਮਿਤੀ : 29.05.2026    ਸਥਾਨ : ਅੰਮ੍ਰਿਤਸਰ    ਸਹੀ/- ਅਧਿਕਾਰਤ ਅਧਿਕਾਰੀ

# ਸ੍ਰੀ ਹਰਿਮੰਦਰ ਸਾਹਿਬ ਦੇ ਨਵੇਂ ਮੈਨੇਜਰ ਮੇਜਰ ਸਿੰਘ ਦਾ ਜਥੇਦਾਰ ਗੜਗੱਜ ਵੱਲੋਂ ਸਨਮਾਨ



ਅੰਮ੍ਰਿਤਸਰ, 29 ਮਈ (ਬਬਲੂ ਮਹਾਜਨ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨਵੇਂ ਨਿਯੁਕਤ ਮੈਨੇਜਰ ਸਰਦਾਰ ਮੇਜਰ ਸਿੰਘ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਰਦਾਰ ਮੇਜਰ ਸਿੰਘ ਨੂੰ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ ਗਈ।ਮੁਲਾਕਾਤ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦੀ ਆਸਥਾ ਦਾ ਸਭ ਤੋਂ ਵੱਡਾ ਕੇਂਦਰ ਹੈ, ਜਿੱਥੇ ਹਰ ਰੋਜ਼ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਲਈ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸੰਗਤ ਦੀ ਗਿਣਤੀ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਇਸ ਸਮੇਂ ਪ੍ਰਬੰਧਕਾਂ ਉੱਤੇ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਜਥੇਦਾਰ ਗੜਗੱਜ ਨੇ ਨਵੇਂ ਮੈਨੇਜਰ ਸਰਦਾਰ ਮੇਜਰ ਸਿੰਘ ਵੱਲੋਂ ਸੰਗਤ ਦੀ ਸਹੂਲਤ ਲਈ ਕੀਤੇ ਜਾ ਰਹੇ ਪੁਖਤਾ ਪ੍ਰਬੰਧਾਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪੀਣ ਵਾਲੇ ਠੰਢੇ ਪਾਣੀ, ਪੱਖਿਆਂ, ਛਾਂ ਅਤੇ ਸਫ਼ਾਈ ਦੇ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ, ਜਿਸ ਨਾਲ ਸੰਗਤ ਨੂੰ ਵੱਡੀ ਰਾਹਤ ਮਿਲੇਗੀ।ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੀ ਹਰ ਸੰਗਤ ਦੀ ਸੇਵਾ ਕਰਨਾ ਸਭ ਤੋਂ ਵੱਡੀ ਸੇਵਾ ਹੈ ਅਤੇ ਇਸ ਸੇਵਾ ਨੂੰ ਨਿਮਰਤਾ ਅਤੇ ਸਮਰਪਣ ਨਾਲ ਨਿਭਾਉਣਾ ਚਾਹੀਦਾ ਹੈ। ਜਥੇਦਾਰ ਨੇ ਆਸ ਪ੍ਰਗਟਾਈ ਕਿ ਸਰਦਾਰ ਮੇਜਰ ਸਿੰਘ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਨਿਭਾਉਣਗੇ।ਇਸ ਮੌਕੇ ਸਰਦਾਰ ਮੇਜਰ ਸਿੰਘ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੰਗਤ ਦੀ ਸੇਵਾ ਅਤੇ ਸੁਵਿਧਾਵਾਂ ਨੂੰ ਪਹਿਲ ਦੇਣਗੇ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਅਨੁਸਾਰ ਆਪਣੀਆਂ ਡਿਊਟੀਆਂ ਨਿਭਾਉਣ ਲਈ ਵਚਨਬੱਧ ਹਨ। ਇਸ ਮੌਕੇ ਉਹਨਾਂ ਦੇ ਨਾਲ ਮੈਨੇਜਰ ਗੁਰਵਿੰਦਰ ਸਿੰਘ ਦੇਵੀਦਾਸਪੁਰਾ ਜਥੇਦਾਰ ਸਾਹਿਬ ਦੇ ਪੀਏ ਸਰਦਾਰ ਬਗੀਚਾ ਸਿੰਘ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੇਅਦਬੀ ਰੋਕੂ ਕਾਨੂੰਨ ਸਬੰਧੀ ਉਠਾਏ ਇਤਰਾਜ਼ ਜਾਇਜ਼ : ਬਾਪੂ ਤਰਸੇਮ ਸਿੰਘ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪਿਆ ਲਿਖਤੀ ਮੰਗ ਪੱਤਰ



ਅੰਮ੍ਰਿਤਸਰ,29 ਮਈ (ਬਬਲੂ ਮਹਾਜਨ): ਅਕਾਲੀ ਦਲ ਵਾਰਿਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਮਿਲ ਕੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਰੋਕੂ ਕਾਨੂੰਨ ਸਬੰਧੀ ਪਾਰਟੀ ਦਾ ਲਿਖਤੀ ਪੱਖ ਸੌਂਪਿਆ । ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ 14 ਅਪ੍ਰੈਲ 2026 ਨੂੰ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਇਸ ਕਾਨੂੰਨ ਦੀ ਪਾਰਟੀ ਪੱਧਰ 'ਤੇ ਸਮੀਖਿਆ ਕਰਵਾਈ ਗਈ ਹੈ। ਸਮੀਖਿਆ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਾਡੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਨੂੰਨ ਸਬੰਧੀ ਉਠਾਏ ਗਏ ਇਤਰਾਜ਼ ਅਤੇ ਖ਼ਦਸ਼ੇ ਪੂਰੀ ਤਰ੍ਹਾਂ ਜਾਇਜ਼ ਹਨ ਅਤੇ ਇਨ੍ਹਾਂ ਨੂੰ ਦੂਰ ਕੀਤੇ ਬਿਨਾਂ ਇਹ ਕਾਨੂੰਨ ਸਿੱਖ ਪੰਥ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫ਼ਲ ਰਹੇਗਾ। ਉਨ੍ਹਾਂ ਕਿਹਾ ਕਿ ਕਾਨੂੰਨ ਦੀਆਂ ਕੁਝ ਧਾਰਾਵਾਂ ਭਵਿੱਖ ਵਿੱਚ ਸਿੱਖਾਂ, ਗ੍ਰੰਥੀ ਸਿੰਘਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਖ਼ਿਲਾਫ਼ ਦੁਰਵਰਤੋਂ ਦਾ ਸਾਧਨ ਬਣ ਸਕਦੀਆਂ ਹਨ। ਕਿਸੇ ਵੀ ਨਿਰਦੋਸ਼ ਸਿੱਖ ਉੱਤੇ ਬੇਅਦਬੀ ਦਾ ਦੋਸ਼ ਲਗਾ ਕੇ ਉਸਨੂੰ ਲੰਬੇ ਸਮੇਂ ਲਈ ਕਾਨੂੰਨੀ ਪੇਚੀਦਗੀਆਂ ਵਿੱਚ ਫਸਾਇਆ ਜਾ ਸਕਦਾ ਹੈ, ਜਿਸ ਕਾਰਨ ਪੰਥ ਅੰਦਰ ਗੰਭੀਰ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ। ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਸੱਦੀ ਗਈ ਇਕੱਤਰਤਾ ਦੌਰਾਨ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਜਿਨ੍ਹਾਂ ਮੁੱਦਿਆਂ ਅਤੇ ਖਾਮੀਆਂ ਵੱਲ ਧਿਆਨ ਦਿਵਾਇਆ ਸੀ, ਸਰਕਾਰ ਨੇ ਕਾਨੂੰਨ ਵਿੱਚ ਲਗਭਗ ਉਸੇ ਤਰ੍ਹਾਂ ਦੀਆਂ ਵਿਵਸਥਾਵਾਂ ਰੱਖ ਕੇ ਪੰਥ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕਾਨੂੰਨ ਦੇ ਕੁਝ ਪ੍ਰਬੰਧਾਂ ਰਾਹੀਂ ਪੀੜਤ ਧਿਰ ਨੂੰ ਹੀ ਸ਼ੱਕ ਦੇ ਘੇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਸਿੱਖ ਭਾਵਨਾਵਾਂ ਦੇ ਉਲਟ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਇਸ ਸੰਵੇਦਨਸ਼ੀਲ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਦਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਸਮੂਹਕਤਾ ਨਾਲ ਵਿਚਾਰ ਕਰਕੇ ਜੋ ਵੀ ਫੈਸਲਾ ਲਿਆ ਜਾਵੇਗਾ, ਪਾਰਟੀ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇਗੀ ਅਤੇ ਹਰ ਪੱਧਰ ਤੇ ਉਸਦਾ ਸਮਰਥਨ ਕਰੇਗੀ। ਇਸ ਮੌਕੇ ਬਾਪੂ ਤਰਸੇਮ ਸਿੰਘ ਜੀ ਦੇ ਨਾਲ ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ ਭਾਈ ਰਛਪਾਲ ਸਿੰਘ ਸੋਸਣ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਬਲਦੇਵ ਸਿੰਘ ਜੱਲੂਪੁਰ, ਭਾਈ ਸੁਖਬੀਰ ਸਿੰਘ ਚੀਮਾ, ਭਾਈ ਕੁਲਵਿੰਦਰ ਸਿੰਘ ਵਡਾਲੀ, ਭਾਈ ਗੁਰਜਿੰਦਰ ਸਿੰਘ ਅਤੇ ਪ੍ਰਗਟ ਸਿੰਘ ਮੌਜੂਦ ਸਨ।

# ਮਿਆਦੀਆਂ ਦੀ ਅਗਵਾਈ 'ਚ 40 ਪਰਿਵਾਰ ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਲ



ਚੋਗਾਵਾਂ, 29 ਮਈ (ਸੁਬੇਗ ਸਿੰਘ ਸੋਨਾ) - ਅਕਾਲੀ ਦਲ ਵਾਰਿਸ ਪੰਜਾਬ ਦੀ ਦਿਨੋ ਦਿਨ ਲੋਕਪ੍ਰਿਅਤਾ ਵੱਧਦੀ ਜਾ ਰਹੀ ਹੈ ਪੰਜਾਬ ਦੇ ਲੋਕ ਅਕਾਲੀ ਦਲ ਵਾਰਿਸ ਪੰਜਾਬ ਦੇ ਹੱਥਾਂ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਹਨ ਤੇ ਲੋਕ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਕਾਲੀ ਦਲ ਵਾਰਿਸ ਪੰਜਾਬ ਵਿੱਚ ਲਗਾਤਾਰ ਸ਼ਾਮਿਲ ਹੋ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਦਲਜੀਤ ਸਿੰਘ ਮਿਆਦੀਆਂ ਨੇ ਕੀਤਾ। ਇਸੇ ਲੜੀ ਦੇ ਤਹਿਤ ਅੱਜ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਓਡਰ ਵਿੱਚੋਂ 40 ਦੇ ਕਰੀਬ ਪਰਿਵਾਰਾਂ ਨੇ ਰਵਾਇਤੀ ਪਾਰਟੀਆਂ ਦਾ ਪੱਲਾ ਛੱਡ ਹਲਕਾ ਰਾਜਾਸਾਂਸੀ ਤੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਇੰਚਾਰਜ ਦਲਜੀਤ ਸਿੰਘ ਮਿਆਦੀਆਂ ਦੀ ਅਗਵਾਈ ਹੇਠ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਸ਼ਾਮਿਲ ਹੋਣ ਵਾਲੇ ਪਰਿਵਾਰਾਂ 'ਚ ਭਾਈ ਪਵਨਦੀਪ ਸਿੰਘ, ਸਰਬਜੀਤ ਸਿੰਘ, ਗੁਰਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਲਾਲ ਸਿੰਘ, ਉਦਮਪ੍ਰੀਤ ਸਿੰਘ, ਹਰਜੀਤ ਸਿੰਘ, ਜਸ਼ਨਦੀਪ ਸਿੰਘ, ਗੁਰਜੰਟ ਸਿੰਘ, ਲਾਭ ਸਿੰਘ, ਰਵਿੰਦਰ ਸਿੰਘ, ਸਤਨਾਮ ਸਿੰਘ, ਗੁਰਸੇਵਕ ਸਿੰਘ, ਜਸਬੀਰ ਸਿੰਘ, ਅਭੀਨੂਰ ਸਿੰਘ, ਨਿਰਮਲ ਸਿੰਘ, ਗੁਰਲਾਲ ਸਿੰਘ, ਸੁਖਬੀਰ ਸਿੰਘ, ਰੋਸਨਬੀਰ ਸਿੰਘ, ਲਖਵਿੰਦਰ ਸਿੰਘ ਟੋਨੀ, ਜਸਪਿੰਦਰ ਸਿੰਘ, ਸਤਨਾਮ ਸਿੰਘ, ਲਵਪ੍ਰੀਤ ਸਿੰਘ, ਸੁਰਜੀਤ ਸਿੰਘ, ਬਲਵਿੰਦਰ ਸਿੰਘ, ਸਰਵਣ ਸਿੰਘ, ਸੁਖਚੈਨ ਸਿੰਘ ਆਦਿ ਪਰਿਵਾਰਾਂ ਨੂੰ ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਿਲ ਹੋਣ ਤੇ ਹਲਕਾ ਇੰਚਾਰਜ ਦਲਜੀਤ ਸਿੰਘ ਮਿਆਦੀਆਂ ਵੱਲੋਂ ਇਹਨਾਂ ਪਰਿਵਾਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ

# ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ: ਇੰਟਰਨੈਸ਼ਨਲ ਸਿੱਖ ਫੈਡਰੇਸ਼ਨ



ਅੰਮ੍ਰਿਤਸਰ, 29 ਮਈ (ਬਬਲੂ ਮਹਾਜਨ): ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਮੇਜਰ ਸਿੰਘ ਖ਼ਾਲਸਾ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਦੇਸ਼ ਦੀਆਂ ਮੌਜੂਦਾ ਰਾਜਨੀਤਿਕ ਅਤੇ ਸਮਾਜਿਕ ਪ੍ਰਸਥਿਤੀਆਂ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਅਤੇ ਪ੍ਰਸ਼ਾਸਨਿਕ ਕਾਰਜਪ੍ਰਣਾਲੀ ਦਾ ਵਿਸ਼ਲੇਸ਼ਣ ਕਰਦਿਆਂ ਦੇਸ਼ ਵਿੱਚ ਜਮਹੂਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਭਾਈ ਖ਼ਾਲਸਾ ਨੇ ਕਿਹਾ ਕਿ ਦੇਸ਼ ਦੀ ਅਨੇਕਤਾ ਵਿੱਚ ਏਕਤਾ ਨੂੰ ਬਣਾਈ ਰੱਖਣ ਲਈ ਘੱਟ ਗਿਣਤੀਆਂ (ਮੁਸਲਮਾਨਾਂ, ਸਿੱਖਾਂ ਅਤੇ ਇਸਾਈਆਂ) ਦੇ ਨਾਲ-ਨਾਲ ਦਲਿਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕਾਂ ਦੀ ਸੁਰੱਖਿਆ ਬੇਹੱਦ ਜ਼ਰੂਰੀ ਹੈ। ਉਨ੍ਹਾਂ ਸਮਾਜ ਵਿੱਚ ਵਧ ਰਹੀ ਕੱਟੜਤਾ ਅਤੇ ਨਫ਼ਰਤੀ ਬਿਆਨਬਾਜ਼ੀ 'ਤੇ ਚਿੰਤਾ ਜ਼ਾਹਰ ਕੀਤੀ।ਬਿਆਨ ਵਿੱਚ ਚੋਣ ਕਮਿਸ਼ਨ ਦੀ ਭੂਮਿਕਾ 'ਤੇ ਚਰਚਾ ਕਰਦਿਆਂ ਕਿਹਾ ਗਿਆ ਕਿ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਨਿਰਪੱਖ ਰੱਖਣਾ ਕਮਿਸ਼ਨ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਚਣ ਜ਼ਾਬਤੇ ਦੀ ਪਾਲਣਾ ਸਾਰੀਆਂ ਸਿਆਸੀ ਪਾਰਟੀਆਂ ਲਈ ਬਰਾਬਰ ਰੂਪ ਵਿੱਚ ਲਾਗੂ ਕਰਨ ਦੀ ਮੰਗ ਕੀਤੀ। ਭਾਈ ਖਾਲਸਾ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਹੋਰ ਜਾਂਚ ਏਜੰਸੀਆਂ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਸੰਸਥਾਵਾਂ ਦੀ ਵਰਤੋਂ ਸਿਆਸੀ ਵਿਰੋਧੀਆਂ, ਕਿਸਾਨ ਆਗੂਆਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ, ਬਲਕਿ ਕਾਨੂੰਨ ਦੇ ਦਾਇਰੇ ਵਿੱਚ ਨਿਰਪੱਖਤਾ ਨਾਲ ਹੋਣੀ ਚਾਹੀਦੀ ਹੈ।

## ਨਗਰ ਕੌਂਸਲ ਪੱਟੀ ਅਤੇ ਨਗਰ ਪੰਚਾਇਤ ਭਿੱਖੀਵਿੰਡ ਦੀਆਂ ਆਮ ਚੋਣਾਂ

# ਪੱਟੀ ਦੇ 19 ਵਾਰਡਾਂ 'ਚੋਂ ਕਾਂਗਰਸ ਦੇ 9, ਆਪ ਦੇ 6 ਅਤੇ 4 ਆਜ਼ਾਦ ਉਮੀਦਵਾਰ ਰਹੇ ਜੇਤੂ

ਚੋਹਲਾ ਸਾਹਿਬ, 29 ਮਈ (ਭਗਤ ਸਿੰਘ ਸੰਧੂ) : ਨਗਰ ਕੌਂਸਲ ਪੱਟੀ ਅਤੇ ਨਗਰ ਪੰਚਾਇਤ ਭਿੱਖੀਵਿੰਡ ਦੀਆਂ ਆਮ ਚੋਣਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਗਿਣਤੀ ਦਾ ਕੰਮ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਿਆ ਅਤੇ ਗਿਣਤੀ ਤੋਂ ਬਾਅਦ ਮੌਕੇ 'ਤੇ ਹੀ ਨਤੀਜੇ ਐਲਾਨ ਦਿੱਤੇ ਗਏ। ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਰਾਹੁਲ ਨੇ ਦੱਸਿਆ ਕਿ ਨਗਰ ਕੌਂਸਲ ਪੱਟੀ ਦੇ 19 ਵਾਰਡਾਂ ਵਿੱਚੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ 9, ਆਮ ਆਦਮੀ ਪਾਰਟੀ ਦੇ 6 ਅਤੇ 4 ਆਜ਼ਾਦ ਉਮੀਦਵਾਰ ਜੇਤੂ ਰਹੇ। ਇਸੇ ਤਰ੍ਹਾਂ ਨਗਰ ਪੰਚਾਇਤ ਭਿੱਖੀਵਿੰਡ ਦੇ 13 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 7, ਸ਼੍ਰੋਮਣੀ ਅਕਾਲੀ ਦਲ ਦੇ 3, ਇੰਡੀਅਨ ਨੈਸ਼ਨਲ ਕਾਂਗਰਸ ਦੇ 2 ਅਤੇ 1 ਆਜ਼ਾਦ ਉਮੀਦਵਾਰ ਜੇਤੂ ਰਿਹਾ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਕੌਂਸਲ ਪੱਟੀ ਦੇ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਕੁਲਵਿੰਦਰ ਕੌਰ, ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਹੰਸ ਰਾਜ, ਵਾਰਡ ਨੰਬਰ 3 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਮਨਦੀਪ ਕੌਰ, ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਸੁਨੀਲ ਕੁਮਾਰ, ਵਾਰਡ ਨੰਬਰ 5 ਤੋਂ ਆਜ਼ਾਦ ਉਮੀਦਵਾਰ ਆਸ਼ਾ ਰਾਣੀ, ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਰਾਜਪ੍ਰੀਤ ਸਿੰਘ, ਵਾਰਡ ਨੰਬਰ 7 ਤੋਂ ਆਜ਼ਾਦ ਉਮੀਦਵਾਰ ਸ਼ੀਨਾ, ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਸੁਖਨਿੰਦਰ ਸਿੰਘ, ਵਾਰਡ ਨੰਬਰ 9 ਤੋਂ ਆਮ ਆਦਮੀ ਪਾਰਟੀ ਦੀ ਰਜਵੰਤ ਕੌਰ, ਵਾਰਡ ਨੰਬਰ 10 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੋਮਲ ਕੁਮਾਰ ਜੈਨ, ਵਾਰਡ ਨੰਬਰ 11 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਸੁਨੀਤਾ ਰਾਣੀ, ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੇ ਸੁਰਜੀਤ ਸਿੰਘ, ਵਾਰਡ ਨੰਬਰ 13 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਬਲਬੀਰ ਕੌਰ, ਵਾਰਡ ਨੰਬਰ 14 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਗੁਰਪ੍ਰੀਤ ਸਿੰਘ, ਵਾਰਡ ਨੰਬਰ 15 ਤੋਂ ਆਮ ਆਦਮੀ ਪਾਰਟੀ ਦੀ ਹਰਮੀਤ ਕੌਰ, ਵਾਰਡ ਨੰਬਰ 16 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਜਗਮੀਤ ਸਿੰਘ ਭੁੱਲਰ, ਵਾਰਡ ਨੰਬਰ 17 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਰਨਬੀਰ ਸਿੰਘ, ਵਾਰਡ ਨੰਬਰ 18 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਨਿਸ਼ਾਨ ਸਿੰਘ ਅਤੇ ਵਾਰਡ ਨੰਬਰ 19 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਮਨਜਿੰਦਰ ਕੌਰ ਜੇਤੂ ਰਹੀ।ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਨਗਰ ਪੰਚਾਇਤ ਭਿੱਖੀਵਿੰਡ ਦੇ ਵਾਰਡ ਨੰਬਰ 1 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮਨਜੀਤ ਸਿੰਘ, ਵਾਰਡ ਨੰਬਰ 3 ਤੋਂ ਆਮ ਆਦਮੀ ਪਾਰਟੀ ਦੀ ਜਸਬੀਰ ਕੌਰ, ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਬਖਸ਼ੀਸ਼ ਸਿੰਘ, ਵਾਰਡ ਨੰਬਰ 5 ਤੋਂ ਆਮ ਆਦਮੀ ਪਾਰਟੀ ਦੀ ਸਵਿੰਦਰ ਕੌਰ, ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਸਰਬਜੀਤ ਸਿੰਘ, ਵਾਰਡ ਨੰਬਰ 7 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਕਰਨਦੀਪ ਕੌਰ, ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਹਰਪਾਲ ਸਿੰਘ, ਵਾਰਡ ਨੰਬਰ 9 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਬਜੀਤ ਕੌਰ, ਵਾਰਡ ਨੰਬਰ 10 ਤੋਂ ਆਮ ਆਦਮੀ ਪਾਰਟੀ ਦੇ ਵਿਨੈ ਮਲਹੋਤਰਾ, ਵਾਰਡ ਨੰਬਰ 11 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਸ਼ਿਖਾ ਕੱਕੜ, ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੀ ਕਮਲਪ੍ਰੀਤ ਕੌਰ ਅਤੇ ਵਾਰਡ ਨੰਬਰ 13 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਿਸ਼ਨ ਪਾਲ ਜੇਤੂ ਰਹੇ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 2 ਤੋਂ ਆਮ ਆਦਮੀ ਪਾਰਟੀ ਦੇ ਸੁਖਦੇਵ ਸਿੰਘ ਪਹਿਲਾਂ ਹੀ ਬਿਨਾਂ ਮੁਕਾਬਲਾ ਜੇਤੂ ਐਲਾਨੇ ਗਏ ਸਨ

# ਨੈਕਸਸ ਅੰਮ੍ਰਿਤਸਰ ਵੱਲੋਂ 'ਸਨੀਕਰ ਐਂਡ ਡੈਨਿਮ ਫੈਸਟ' ਦੀ ਸ਼ੁਰੂਆਤ

## ਡੈਨਿਮ ਰਿਵਾਈਵਲ ਵਰਕਸ਼ਾਪ ਰਾਹੀਂ ਨੌਜਵਾਨਾਂ ਨੂੰ ਮਿਲੇਗਾ ਰਚਨਾਤਮਕ ਮੰਚ




ਅੰਮ੍ਰਿਤਸਰ, 29 ਮਈ (ਗੁਰਦਿਆਲ ਸਿੰਘ) : ਗਰਮੀਆਂ ਦੀਆਂ ਛੁੱਟੀਆਂ ਦੌਰਾਨ ਰਚਨਾਤਮਕਤਾ ਅਤੇ ਫੈਸ਼ਨ ਦਾ ਅਨੋਖਾ ਮੇਲ ਲੈ ਕੇ ਨੈਕਸਸ ਅੰਮ੍ਰਿਤਸਰ ਇੱਕ ਵਾਰ ਫਿਰ 'ਡੈਨਿਮ ਐਂਡ ਸਨੀਕਰ ਫੈਸਟ' ਦਾ ਆਯੋਜਨ ਕਰ ਰਿਹਾ ਹੈ। ਸ਼ਹਿਰ ਦੇ ਪ੍ਰਮੁੱਖ ਲਾਈਫਸਟਾਈਲ ਡੈਸਟੀਨੇਸ਼ਨਾਂ ਵਿੱਚੋਂ ਇੱਕ ਨੈਕਸਸ ਅੰਮ੍ਰਿਤਸਰ ਵੱਲੋਂ ਕਰਵਾਇਆ ਜਾ ਰਿਹਾ ਇਹ ਤਿੰਨ ਦਿਨਾਂ ਦਾ ਫੈਸਟ 29 ਮਈ ਤੋਂ 31 ਮਈ ਤੱਕ ਚੱਲੇਗਾ। ਇਸ ਸਮਾਗਮ ਵਿੱਚ ਫੈਸ਼ਨ, ਸਸਟੇਨੇਬਿਲਿਟੀ ਅਤੇ ਕ੍ਰੀਏਟਿਵਿਟੀ ਦਾ ਖਾਸ ਮੇਲ ਵੇਖਣ ਨੂੰ ਮਿਲੇਗਾ।ਇੰਟਰਨੈਸ਼ਨਲ ਸਕੂਲ ਆਫ ਫੈਸ਼ਨ ਐਂਡ ਡਿਜ਼ਾਈਨ (ਆਈਐਨਆਈਐਫਡੀ), ਅੰਮ੍ਰਿਤਸਰ ਦੇ ਸਹਿਯੋਗ ਨਾਲ ਹੋ ਰਹੇ ਇਸ ਫੈਸਟ ਵਿੱਚ ਪੁਰਾਣੇ ਡੈਨਿਮ ਨੂੰ ਨਵੀਂ ਅਤੇ ਆਕਰਸ਼ਕ ਕਲਾ ਅਤੇ ਫੈਸ਼ਨ ਡਿਜ਼ਾਈਨਾਂ ਵਿੱਚ ਬਦਲਣ ਦੀ ਵਿਲੱਖਣ ਪਹਿਲ ਕੀਤੀ ਜਾਵੇਗੀ। ਆਈਐਨਆਈਐਫਡੀ ਅੰਮ੍ਰਿਤਸਰ ਦੇ ਵਿਦਿਆਰਥੀ ਪੁਰਾਣੇ ਡੈਨਿਮ ਤੋਂ ਨਵੇਂ ਫੈਸ਼ਨ ਪੀਸ ਅਤੇ ਆਰਟ ਇੰਸਟਾਲੇਸ਼ਨ ਤਿਆਰ ਕਰਨਗੇ, ਜੋ ਉਨ੍ਹਾਂ ਦੀ ਰਚਨਾਤਮਕ ਸੋਚ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਨੂੰ ਦਰਸਾਉਣਗੇ। 'ਡੈਨਿਮ ਰਿਵਾਈਵਲ ਫੈਸਟ' ਰਾਹੀਂ ਨੈਕਸਸ ਅੰਮ੍ਰਿਤਸਰ ਨੌਜਵਾਨ ਪ੍ਰਤਿਭਾਵਾਂ ਨੂੰ ਆਪਣੀ ਕਲਾ, ਡਿਜ਼ਾਇਨ ਅਤੇ ਕ੍ਰਾਫਟਮੈਨਸ਼ਿਪ ਦਿਖਾਉਣ ਲਈ ਵਿਸ਼ੇਸ਼ ਮੰਚ ਪ੍ਰਦਾਨ ਕਰ ਰਿਹਾ ਹੈ। ਫੈਸਟ ਵਿੱਚ ਅਪਸਾਈਕਲਡ ਡੈਨਿਮ ਨਾਲ ਤਿਆਰ ਕੀਤੇ ਆਕਰਸ਼ਕ ਡਿਜ਼ਾਇਨ, ਕਲਾਤਮਕ ਪ੍ਰਦਰਸ਼ਨੀਆਂ ਅਤੇ ਨਵੇਂ ਯੁੱਗ ਦੀਆਂ ਫੈਸ਼ਨ ਕ੍ਰੀਏਸ਼ਨਜ਼ ਲੋਕਾਂ ਦਾ ਧਿਆਨ ਖਿੱਚਣਗੀਆਂ।ਇਹ ਸਮਾਗਮ ਫੈਸ਼ਨ ਪ੍ਰੇਮੀਆਂ, ਕਲਾ ਦੇ ਸ਼ੌਕੀਨਾਂ ਅਤੇ ਸਸਟੇਨੇਬਲ ਲਾਈਫਸਟਾਈਲ ਨੂੰ ਅਪਣਾਉਣ ਵਾਲੇ ਲੋਕਾਂ ਲਈ ਖਾਸ ਤਜਰਬਾ ਸਾਬਤ ਹੋਵੇਗਾ। ਛੁੱਟੀਆਂ ਦੇ ਇਸ ਮੌਸਮ ਵਿੱਚ ਸ਼ਾਪਿੰਗ ਅਤੇ ਮਨੋਰੰਜਨ ਦੇ ਨਾਲ ਲੋਕਾਂ ਨੂੰ ਕੁਝ ਨਵਾਂ ਅਤੇ ਪ੍ਰੇਰਨਾਦਾਇਕ ਦੇਖਣ ਦਾ ਮੌਕਾ ਮਿਲੇਗਾ।ਫੈਸਟ ਦੌਰਾਨ ਨੈਕਸਸ ਅੰਮ੍ਰਿਤਸਰ ਦਾ ਮਾਹੌਲ ਰਚਨਾਤਮਕਤਾ, ਊਰਜਾ ਅਤੇ ਇੰਟਰਐਕਟਿਵ ਐਕਟੀਵਿਟੀਆਂ ਨਾਲ ਭਰਪੂਰ ਰਹੇਗਾ, ਜਿੱਥੇ ਹਰ ਕੋਨਾ ਸੈਲਫ-ਐਕਸਪ੍ਰੈਸ਼ਨ, ਸਸਟੇਨੇਬਲ ਫੈਸ਼ਨ ਅਤੇ ਕਲਾਤਮਕ ਨਵੀਨਤਾ ਦੀ ਝਲਕ ਪੇਸ਼ ਕਰੇਗਾ।

# ਤੀਰਥ ਯਾਤਰਾ ਯੋਜਨਾ ਤਹਿਤ ਲਖਵਿੰਦਰ ਸਿੰਘ ਵੱਲੋਂ ਬੱਸ ਰਵਾਨਾ




ਚੋਗਾਵਾਂ, 29 ਮਈ (ਸੁਬੇਗ ਸਿੰਘ ਸੋਨਾ) : ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਤੀਰਥ ਯਾਤਰਾ ਯੋਜਨਾ ਦੇ ਉਪਰਾਲੇ ਤਹਿਤ ਸ਼ਰਧਾਲੂਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਇਸ ਤਹਿਤ ਅੱਜ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭਿੰਡੀ ਸੈਦਾ ਤੋਂ ਸ਼ਰਧਾਲੂਆਂ ਦੇ ਜਥੇ ਦੀ 17ਵੀਂ ਬੱਸ ਹਲਕਾ ਇੰਚਾਰਜ ਸੋਨੀਆ ਮਾਨ ਦੀ ਅਗਵਾਈ ਹੇਠ ਚੇਅਰਮੈਨ ਲਖਵਿੰਦਰ ਸਿੰਘ ਲੱਖਾ ਭਿੰਡੀ ਸੈਦਾਂ ਅਤੇ ਉਹਨਾਂ ਦੀ ਮਾਤਾ ਭਜਨ ਕੌਰ ਨੇ ਹਰੀ ਝੰਡੀ ਦੇ ਕੇ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ । ਇਸ ਮੌਕੇ ਉਹਨਾਂ ਦੇ ਨਾਲ਼ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰੇਸ਼ਮ ਵੜੈਚ, ਵਿਰਾਸਤ ਸੇਵਾ ਸੰਗਠਨ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ ਸਹੂਰਾ, ਪੰਚਾਇਤ ਅਫਸਰ ਸਾਹਬ ਸਿੰਘ, ਨਾਲ ਮੌਜੂਦ ਸਨ। ਇਸ ਮੌਕੇ ਚੇਅਰਮੈਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਸ਼ਰਧਾਲੂਆਂ ਦਾ ਜਥਾ ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਨੈਣਾਂ ਦੇਵੀ ਅਤੇ ਹੋਰ ਕਈ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਰਵਾਨਾ ਕੀਤਾ ਹੈ। ਸ਼ਰਧਾਲੂਆਂ ਦੇ ਵੱਲੋਂ ਖ਼ੁਸ਼ੀ ਦਾ ਇਜ਼ਹਾਰ ਭੰਗੜੇ ਪਾ ਕੇ ਕੀਤਾ ਗਿਆ। ਅਖੀਰ ਦੇ ਵਿੱਚ ਚੇਅਰਮੈਨ ਲਖਵਿੰਦਰ ਸਿੰਘ ਨੇ ਸੋਨੀਆ ਮਾਨ ਦਾ ਅਤੇ ਸਮੁੱਚੀ ਆਮ ਪਾਰਟੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ 'ਤੇ ਐਸ ਐਚ ਓ ਗੁਰਪ੍ਰੀਤ ਸਿੰਘ ਥਾਣਾ ਭਿੰਡੀ ਸੈਦਾਂ, ਸਰਪੰਚ ਮਹਿੰਦਰ ਸਿੰਘ ਛੰਨ ਘੌਗਾ, ਬਿੱਲਾ ਸਿੰਘ, ਬਗੀਚਾ ਸਿੰਘ, ਨਿਸ਼ਾਨ ਸਿੰਘ, ਸੁਰਿੰਦਰ ਸਿੰਘ ਫੌਜੀ, ਗੋਪੀ, ਆਦਿ ਹਾਜ਼ਰ ਸਨ।

# ਮੇਰਾ ਯੁਵਾ ਭਾਰਤ ਵਲੰਟੀਅਰਾਂ ਨੇ ਬਿਰਧ ਘਰ ਵਿਖੇ ਬਜ਼ੁਰਗਾਂ ਨਾਲ ਬਿਤਾਇਆ ਸਮਾਂ

ਚੋਹਲਾ ਸਾਹਿਬ, 29 ਮਈ (ਭਗਤ ਸਿੰਘ ਸੰਧੂ) : ਮੇਰਾ ਯੁਵਾ ਭਾਰਤ, ਤਰਨ ਤਾਰਨ ਦੇ ਵਲੰਟੀਅਰਾਂ ਨੇ ਡਿਪਟੀ ਡਾਇਰੈਕਟਰ ਜਸਲੀਨ ਕੌਰ ਦੀ ਦੇਖ-ਰੇਖ ਹੇਠ ਬਿਰਧ ਘਰ, ਤਰਨ ਤਾਰਨ ਵਿਖੇ ਆਯੋਜਿਤ ਅਨੁਭਵ ਸਿੱਖਿਆ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਭਾਗ ਲਿਆ। ਇਸ ਪ੍ਰੋਗਰਾਮ ਦਾ ਮਕਸਦ ਨੌਜਵਾਨਾਂ ਵਿੱਚ ਸੰਵੇਦਨਸ਼ੀਲਤਾ, ਦਇਆ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।ਦੌਰੇ ਦੌਰਾਨ ਵਲੰਟੀਅਰਾਂ ਨੇ ਬਜ਼ੁਰਗਾਂ ਨਾਲ ਸਮਾਂ ਬਿਤਾਇਆ, ਉਨ੍ਹਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਜੀਵਨ ਕਹਾਣੀਆਂ ਸੁਣੀਆਂ ਅਤੇ ਆਪਣੇ ਅਨੁਭਵ ਸਾਂਝੇ ਕੀਤੇ। ਇਸ ਨਾਲ ਇਕ ਪਿਆਰ ਭਰਿਆ ਅਤੇ ਸਹਿਯੋਗੀ ਮਾਹੌਲ ਤਿਆਰ ਹੋਇਆ।ਵਲੰਟੀਅਰਾਂ ਨੇ ਬਜ਼ੁਰਗਾਂ ਨੂੰ ਭੋਜਨ ਪਰੋਸਣ ਵਿੱਚ ਵੀ ਸਹਾਇਤਾ ਕੀਤੀ ਅਤੇ ਉਨ੍ਹਾਂ ਦੀ ਦੇਖਭਾਲ ਅਤੇ ਸੁਵਿਧਾ ਦਾ ਖਿਆਲ ਰੱਖਿਆ । ਇਸ ਅਨੁਭਵ ਨੇ ਉਨ੍ਹਾਂ ਨੂੰ ਬਜ਼ੁਰਗਾਂ ਪ੍ਰਤੀ ਆਦਰ, ਸੇਵਾ ਅਤੇ ਸੰਵੇਦਨਸ਼ੀਲਤਾ ਦਾ ਮਹੱਤਵ ਸਮਝਾਇਆ।

# ਲੋਕਾਂ ਦੇ ਪਿਆਰ ਤੇ ਵਿਸ਼ਵਾਸ ਨੇ ਹਰ ਸਿਆਸੀ ਗੱਠਜੋੜ ਨੂੰ ਹਰਾਇਆ : ਰਾਣਾ ਇੰਦਰ ਪ੍ਰਤਾਪ ਸਿੰਘ



ਸੁਲਤਾਨਪੁਰ ਲੋਧੀ, 29 ਮਈ (ਚ.ਨ.ਸ.): ਸੁਲਤਾਨਪੁਰ ਲੋਧੀ ਤੋਂ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਅੱਜ ਇੱਕ ਬਿਆਨ ਜਾਰੀ ਕਰਦਿਆਂ ਸੁਲਤਾਨਪੁਰ ਲੋਧੀ ਹਲਕੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਸ਼ਹਿਰ ਅਤੇ ਪਿੰਡਾਂ ਦੇ ਲੋਕਾਂ ਨੇ ਹਮੇਸ਼ਾਂ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰ ਵਾਂਗ ਪਿਆਰ, ਸਤਿਕਾਰ ਅਤੇ ਮਜ਼ਬੂਤ ਸਹਿਯੋਗ ਦਿੱਤਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਅਥਾਹ ਪਿਆਰ ਅਤੇ ਭਰੋਸੇ ਸਦਕਾ ਹੀ ਪਹਿਲਾਂ ਉਨ੍ਹਾਂ ਨੂੰ ਵਿਧਾਇਕ ਬਣਨ ਦਾ ਮਾਣ ਮਿਲਿਆ, ਫਿਰ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਵੀ ਭਰਵੀਂ ਜਿੱਤ ਪ੍ਰਾਪਤ ਹੋਈ ਅਤੇ ਹੁਣ ਮਿਊਂਸਪਲ ਕਮੇਟੀ ਦੀਆਂ 13 ਵਾਰਡਾਂ ਵਿੱਚੋਂ 7 ਵਾਰਡਾਂ ਵਿੱਚ ਉਨ੍ਹਾਂ ਦੇ ਸਮਰਥਿਤ ਉਮੀਦਵਾਰਾਂ ਨੂੰ ਜਿਤਾ ਕੇ ਲੋਕਾਂ ਨੇ ਬਹੁਮਤ ਦਿੱਤਾ ਹੈ।ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਕੋਈ ਆਮ ਚੋਣ ਨਹੀਂ ਸੀ, ਸਗੋਂ ਕਈ ਵਾਰਡਾਂ ਵਿੱਚ ਚਾਰ ਵੱਡੇ ਸਿਆਸੀ ਧੜੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ,ਆਮ ਆਦਮੀ ਪਾਰਟੀ ਅਤੇ ਬੀਜੇਪੀ ਪਾਰਟੀਆਂ ਇਕੱਠੇ ਹੋ ਕੇ ਉਨ੍ਹਾਂ ਦੇ ਵਿਰੁੱਧ ਮੈਦਾਨ ਵਿੱਚ ਉਤਰੇ ਹੋਏ ਸਨ। ਪਰ ਸੁਲਤਾਨਪੁਰ ਲੋਧੀ ਦੀ ਸੂਝਵਾਨ ਸੈਂਟਰਾਂ ਨੇ ਇਹ ਸਾਬਤ ਕਰ ਦਿੱਤਾ ਕਿ ਸੱਚੀ ਨੀਅਤ, ਲੋਕ ਸੇਵਾ ਅਤੇ ਪਿਆਰ ਅੱਗੇ ਹਰ ਸਿਆਸੀ ਗਠਜੋੜ ਫੇਲ੍ਹ ਹੋ ਜਾਂਦਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਗਿਆ ਇਹ ਪਿਆਰ ਅਤੇ ਵਿਸ਼ਵਾਸ ਉਨ੍ਹਾਂ ਲਈ ਸਭ ਤੋਂ ਵੱਡੀ ਤਾਕਤ ਹੈ ਅਤੇ ਉਹ ਹਮੇਸ਼ਾਂ ਇਸ ਦੇ ਰਿਣੀ ਰਹਿਣਗੇ। ਉਨ੍ਹਾਂ ਹਲਕੇ ਦੇ ਹਰ ਨਿਵਾਸੀ ਨਾਲ ਵਾਅਦਾ ਕਰਦਿਆਂ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਜਿੰਨੇ ਵੀ ਵਿਕਾਸ ਕਾਰਜ ਅਧੂਰੇ ਪਏ ਹਨ, ਉਨ੍ਹਾਂ ਨੂੰ ਦਿਨ-ਰਾਤ ਇੱਕ ਕਰਕੇ ਜਲਦ ਤੋਂ ਜਲਦ ਪੂਰਾ ਕਰਵਾਇਆ ਜਾਵੇਗਾ।ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਉਹ ਪਹਿਲਾਂ ਵਾਂਗ ਹੀ ਲੋਕਾਂ ਦੀ ਸੇਵਾ ਲਈ ਹਮੇਸ਼ਾਂ ਹਾਜ਼ਰ ਹਨ ਅਤੇ ਭਵਿੱਖ ਵਿੱਚ ਵੀ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਹਲਕੇ ਦੀ ਤਰੱਕੀ ਅਤੇ ਲੋਕ ਭਲਾਈ ਲਈ ਕੰਮ ਕਰਦੇ ਰਹਿਣਗੇ

ਸ.ਫ਼ਾ 3 ਦੀ ਬਾਕੀ

## ਪੰਜਾਬ ਨੇ ਨ.ਫ਼ਰਤ ਦੀ ਸਿਆਸਤ ਨੂੰ ਨਕਾਰਿਆ: ਮਾਨ

ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ, ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਨਤੀਜਿਆਂ ਨੇ ਭਾਜਪਾ (ਜਿਸ ਨੂੰ "ਈ.ਡੀ. ਪਾਰਟੀ" ਕਿਹਾ ਜਾਂਦਾ ਹੈ) ਨੂੰ ਪੰਜਵੇਂ ਸਥਾਨ 'ਤੇ ਧੱਕ ਦਿੱਤਾ ਹੈ ਅਤੇ ਇੱਕ ਸਪੱਸਟ ਸੰਦੇਸ਼ ਦਿੱਤਾ ਹੈ ਕਿ ਪੰਜਾਬ ਪੂਰੀ ਤਰ੍ਹਾਂ ਕਾਰਗੁਜਾਰੀ ਦੀ ਰਾਜਨੀਤੀ ਦੇ ਨਾਲ ਖੜ੍ਹਾ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਇਹ ਫਤਵਾ ਇਸ ਗੱਲ ਦਾ ਵੀ ਸੰਕੇਤ ਹੈ ਕਿ 'ਆਪ' 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ 2022 ਦੀ ਆਪਣੀ ਇਤਿਹਾਸਕ ਜਿੱਤ ਦੇ ਰਿਕਾਰਡ ਨੂੰ ਵੀ ਪਾਰ ਕਰਨ ਦੇ ਰਾਹ 'ਤੇ ਹੈ। ਇਸ ਦੇ ਨਾਲ ਹੀ ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਦੇ ਹਰ ਸਹਿਰ, ਕਸਬੇ ਅਤੇ ਪਿੰਡ ਵਿੱਚ ਬਿਨਾਂ ਕਿਸੇ ਪੱਖਪਾਤ ਦੇ ਬਰਾਬਰ ਵਿਕਾਸ ਕੀਤਾ ਜਾਵੇਗਾ।

ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇ ਲੋਕਾਂ ਨੇ ਫਿਰਕੂ ਤਾਕਤਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ ਅਤੇ ਧਰਮ ਨਿਰਪੱਖਤਾ ਤੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਜੋਰਦਾਰ ਫੈਸਲਾ ਸੁਣਾਇਆ ਹੈ। ਅੱਤ ਦੀ ਗਰਮੀ ਦੇ ਬਾਵਜੂਦ ਲੋਕ ਜਮਹੂਰੀਅਤ ਦੀ ਰਾਖੀ ਲਈ ਵੋਟ ਪਾਉਣ ਬਾਹਰ ਨਿਕਲੇ, ਜੋ ਬਹੁਤ ਹੀ ਉਤਸ਼ਾਹਜਨਕ ਸੰਕੇਤ ਹੈ।"

ਪਿਛਲੇ ਚਾਰ ਸਾਲਾਂ ਦੌਰਾਨ ਪਾਰਟੀ ਦੇ ਚੋਣ ਪ੍ਰਦਰਸ਼ਨ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮਾਜ ਦੇ ਹਰ ਵਰਗ ਦੇ ਲੋਕ ਲਗਾਤਾਰ 'ਆਪ' ਅਤੇ ਇਸ ਦੀਆਂ ਨੀਤੀਆਂ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ, "ਆਪ ਨੇ ਲੱਗਭੱਗ 13,000 ਪੰਚਾਇਤਾਂ ਵਿੱਚੋਂ 11,000 ਤੋਂ ਵੱਧ ਪੰਚਾਇਤੀ ਸੀਟਾਂ ਜਿੱਤੀਆਂ ਸਨ। ਜਲੰਧਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ, ਚਾਰ ਵਿਧਾਨ ਸਭਾ ਸੀਟਾਂ, ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸਮਿਤੀਆਂ ਅਤੇ ਹੁਣ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਨੇ ਸਾਬਤ ਕਰ ਦਿੱਤਾ ਹੈ ਕਿ 'ਆਪ' ਲਈ ਜਨਤਾ ਦਾ ਸਮਰਥਨ ਲਗਾਤਾਰ ਵੱਧ ਰਿਹਾ ਹੈ।"

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੀ ਸਾਂਝੀ ਤਾਕਤ ਵੀ 'ਆਪ' ਨੂੰ ਮਿਲੇ ਸਮਰਥਨ ਦਾ ਮੁਕਾਬਲਾ ਕਰਨ ਵਿੱਚ ਨਾਕਾਮ ਰਹੀ। ਉਨ੍ਹਾਂ ਕਿਹਾ, "ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ, ਜਿਸ ਨੂੰ ਮੈਂ ਈ.ਡੀ. ਪਾਰਟੀ ਕਹਿੰਦਾ ਹਾਂ, ਸਾਰੇ ਮਿਲ ਕੇ ਵੀ 'ਆਪ' ਵੱਲੋਂ ਜਿੱਤੀਆਂ ਗਈਆਂ ਸੀਟਾਂ ਦੀ ਗਿਣਤੀ ਤੱਕ ਨਹੀਂ ਪਹੁੰਚ ਸਕੇ। ਲੋਕਾਂ ਨੇ ਉਨ੍ਹਾਂ ਦੇ ਨਕਾਰਾਤਮਕ ਅਤੇ ਵੰਡ-ਪਾਊ ਏਜੰਡੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਇੱਥੋਂ ਤੱਕ ਕਿ ਸਹਿਰੀ ਖੇਤਰਾਂ ਵਿੱਚ ਵੀ, ਜਿਨ੍ਹਾਂ ਨੂੰ ਭਾਜਪਾ ਆਪਣਾ ਰਵਾਇਤੀ ਵੋਟ ਬੈਂਕ ਮੰਨਦੀ ਹੈ, ਵੋਟਰਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ।"

ਭਾਜਪਾ ਦੀ ਕਾਰਗੁਜਾਰੀ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਭਾਜਪਾ 1,000 ਤੋਂ ਵੱਧ ਸੀਟਾਂ 'ਤੇ ਆਪਣੀ ਜਮਾਨਤ ਤੱਕ ਨਹੀਂ ਬਚਾ ਸਕੀ। ਇੰਨਾ ਜ਼ਿਆਦਾ ਪ੍ਰਚਾਰ ਕਰਨ ਦੇ ਬਾਵਜੂਦ ਉਹ ਇਨ੍ਹਾਂ ਚੋਣਾਂ ਵਿੱਚ ਪੰਜਵੇਂ ਸਥਾਨ 'ਤੇ ਰਹੀ ਹੈ। ਕਈ ਥਾਵਾਂ 'ਤੇ ਤਾਂ ਆਜਾਦ ਉਮੀਦਵਾਰਾਂ ਨੇ ਵੀ ਭਾਜਪਾ ਨਾਲੋਂ ਵੱਧ ਸੀਟਾਂ ਜਿੱਤੀਆਂ ਹਨ। ਅਜਿਹਾ ਲੱਗਦਾ ਸੀ, ਜਿਵੇਂ ਭਾਜਪਾ ਸਿਰਫ 'ਨੋਟਾ' ਨਾਲ ਮੁਕਾਬਲਾ ਕਰ ਰਹੀ ਹੋਵੇ।"

ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਨੇ ਚੋਣਾਂ ਵਿੱਚ ਵਿਆਪਕ ਫਤਵਾ ਹਾਸਲ ਕੀਤਾ ਹੈ ਅਤੇ ਉਨ੍ਹਾਂ ਪਾਰਟੀ ਕਾਰਕੁਨਾਂ ਦੀ ਅਣਥੱਕ ਮਿਹਨਤ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਇਨ੍ਹਾਂ ਨਤੀਜਿਆਂ ਨੇ ਸਾਫ ਕਰ ਦਿੱਤਾ ਹੈ ਕਿ 2027 ਵਿੱਚ 'ਆਪ' ਦਾ ਰਾਹ ਹੋਰ ਮਜਬੂਤ ਹੁੰਦਾ ਜਾ ਰਿਹਾ ਹੈ। ਲੋਕਾਂ ਨੇ ਉਨ੍ਹਾਂ ਨੂੰ ਵੀ ਸਬਕ ਸਿਖਾਇਆ ਹੈ, ਜਿਨ੍ਹਾਂ ਨੇ 'ਆਪ' ਆਗੂਆਂ ਅਤੇ ਵਰਕਰਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਈ.ਡੀ.ਅਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਦੀ ਕੋਸ਼ਿਸ ਕੀਤੀ ਸੀ।"

ਪਾਰਟੀ ਛੱਡ ਕੇ ਜਾਣ ਵਾਲੇ 'ਆਪ' ਦੇ ਸਾਬਕਾ ਰਾਜ ਸਭਾ ਮੈਂਬਰਾਂ 'ਤੇ ਟਿੱਪਣੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਜਿਨ੍ਹਾਂ ਨੇ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰਨ ਦਾ ਰਾਹ ਚੁਣਿਆ, ਉਨ੍ਹਾਂ ਨੂੰ ਲੋਕਾਂ ਨੇ ਜਵਾਬ ਦੇ ਦਿੱਤਾ ਹੈ। ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਅਤੇ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕੀ ਹਾਸਲ ਕੀਤਾ ਹੈ, ਕਿਉਂਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਹੈ।"

ਹਲਕਾਵਾਰ ਨਤੀਜਿਆਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਫੈਸਲਾ ਪੂਰੇ ਪੰਜਾਬ ਵਿੱਚ 'ਆਪ' ਲਈ ਮਜਬੂਤ ਸਮਰਥਨ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, "ਪੰਜਾਬ ਕਾਂਗਰਸ ਪ੍ਰਧਾਨ ਦੇ ਜੱਦੀ ਹਲਕੇ ਗਿੱਦੜਬਾਹਾ ਵਿੱਚ 'ਆਪ' ਨੇ 19 ਵਿੱਚੋਂ 17 ਸੀਟਾਂ ਜਿੱਤੀਆਂ। ਬਰਨਾਲਾ, ਜੋ ਨਵ-ਨਿਯੁਕਤ ਪੰਜਾਬ ਭਾਜਪਾ ਪ੍ਰਧਾਨ ਨਾਲ ਸਬੰਧਤ ਹੈ, ਉੱਥੇ ਭਾਜਪਾ ਕਿਤੇ ਮੁਕਾਬਲੇ ਵਿੱਚ ਹੀ ਨਹੀਂ ਸੀ, ਜਦੋਂਕਿ 'ਆਪ' ਨੇ 50 ਵਿੱਚੋਂ 37 ਸੀਟਾਂ 'ਤੇ ਜਿੱਤ ਦਰਜ ਕੀਤੀ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਨੂੰ ਮਿਲ ਰਿਹਾ ਸਮਰਥਨ ਸੂਬੇ ਦੇ ਸਾਰੇ ਖੇਤਰਾਂ ਵਿੱਚ ਸਾਫ ਦਿਖਾਈ ਦੇ ਰਿਹਾ ਹੈ। "ਮੇਰੇ ਆਪਣੇ ਧੂਰੀ ਵਿਧਾਨ ਸਭਾ ਹਲਕੇ ਤੋਂ 'ਆਪ' ਨੇ 21 ਵਿੱਚੋਂ 19 ਸੀਟਾਂ ਜਿੱਤੀਆਂ ਹਨ। ਵਿਰੋਧੀ ਪਾਰਟੀਆਂ ਨੇ ਸਾਇਦ ਕੁਝ ਇੱਕਾ-ਦੁੱਕਾ ਥਾਂਵਾਂ 'ਤੇ ਜਿੱਤ ਹਾਸਲ ਕੀਤੀ ਹੋਵੇ, ਪਰ 'ਆਪ' ਨੇ ਦੁਆਬਾ, ਮਾਝਾ ਅਤੇ ਮਾਲਵਾ ਸਾਰੇ ਪਾਸੇ ਜਿੱਤ ਦਰਜ ਕੀਤੀ ਹੈ। ਲੋਕਾਂ ਨੇ ਮੁਫਤ ਬਿਜਲੀ, ਆਮ ਆਦਮੀ ਕਲੀਨਿਕ, ਕਿਸਾਨਾਂ ਲਈ ਦਿਨ ਵੇਲੇ ਬਿਜਲੀ ਦੀ ਸਪਲਾਈ, ਮਿਆਰੀ ਸਕੂਲੀ ਸਿੱਖਿਆ ਅਤੇ ਹੋਰ ਲੋਕ ਭਲਾਈ ਸਕੀਮਾਂ ਦੇ ਹੱਕ ਵਿੱਚ ਵੋਟ ਪਾਈ ਹੈ।"

ਮੁੱਖ ਮੰਤਰੀ ਨੇ ਕਿਹਾ ਕਿ ਇਸ ਵੱਡੀ ਜਿੱਤ ਦਾ ਪੈਮਾਨਾ ਸਮਾਜ ਦੇ ਹਰ ਵਰਗ ਦੇ ਵਿਆਪਕ ਸਮਰਥਨ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, "ਹਰ ਕਿਸੇ ਨੇ 'ਆਪ' ਨੂੰ ਵੋਟ ਦਿੱਤੀ ਹੈ, ਜਿਸ ਕਾਰਨ ਪਾਰਟੀ ਨੇ 90 ਫੀਸਦੀ ਤੋਂ ਵੱਧ ਸੀਟਾਂ ਜਿੱਤੀਆਂ ਹਨ। ਕਾਂਗਰਸ ਅਤੇ ਅਕਾਲੀ ਦਲ ਹਾਰ ਤੋਂ ਬਾਅਦ ਸ਼ਿਕਾਇਤਾਂ ਕਰਨ ਦੀ ਆਪਣੀ ਪੁਰਾਣੀ ਆਦਤ ਨੂੰ ਜਾਰੀ ਰੱਖ ਸਕਦੇ ਹਨ, ਪਰ ਉਨ੍ਹਾਂ ਨੂੰ ਲੋਕਾਂ ਦੇ ਫੈਸਲੇ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ। ਕਈ ਥਾਵਾਂ 'ਤੇ ਤਾਂ ਉਨ੍ਹਾਂ ਨੂੰ ਚੋਣ ਲੜਨ ਲਈ ਉਮੀਦਵਾਰ ਵੀ ਨਹੀਂ ਮਿਲ ਸਕੇ।"

ਇਨ੍ਹਾਂ ਚੋਣਾਂ ਨੂੰ ਇੱਕ ਵੱਡੇ ਸਿਆਸੀ ਸਫਰ ਦੀ ਸ਼ੁਰੂਆਤ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਨਤੀਜੇ ਸਿਰਫ ਇੱਕ ਸੂਰੂਆਤ ਹਨ। 'ਆਪ' ਵਿਧਾਨ ਸਭਾ ਚੋਣਾਂ ਵਿੱਚ ਆਪਣੀ ਸਥਿਤੀ ਨੂੰ ਹੋਰ ਮਜਬੂਤ ਕਰਨਾ ਅਤੇ ਹੋਰ ਸੀਟਾਂ ਜਿੱਤਣਾ ਜਾਰੀ ਰੱਖੇਗੀ। ਰੱਬ ਦੀ ਮਿਹਰ ਨਾਲ ਸੁਨੀਲ ਜਾਖੜ ਨੇ ਸਹੀ ਸਮੇਂ 'ਤੇ ਆਪਣਾ ਅਹੁਦਾ ਛੱਡ ਦਿੱਤਾ। ਦੂਜੇ ਪਾਸੇ ਰਾਜਾ ਵੜਿੰਗ ਨੂੰ ਦਿੱਲੀ ਵਿੱਚ ਆਪਣੀ ਪਾਰਟੀ ਲੀਡਰਸ਼ਿਪ ਦੀ ਮੀਟਿੰਗ ਦੌਰਾਨ ਔਖੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ।"

ਵੋਟਿੰਗ ਦੌਰਾਨ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਵਿਹਾਰ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ, "ਵੋਟਿੰਗ ਵਾਲੇ ਦਿਨ ਜੋ ਡਰਾਮੇਬਾਜੀ ਦੇਖਣ ਨੂੰ ਮਿਲੀ, ਉਹ ਬੇਲੋੜੀ ਅਤੇ ਮੰਦਭਾਗੀ ਸੀ। ਅਜਿਹਾ ਰਵੱਈਆ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਸੋਭਾ ਨਹੀਂ ਦਿੰਦਾ।"

ਵੋਟਿੰਗ ਪ੍ਰਣਾਲੀ 'ਤੇ ਉਠਾਏ ਗਏ ਖਦਸ਼ਿਆਂ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕੁਝ ਪਾਰਟੀਆਂ ਜਦੋਂ ਵੀ ਹਾਰਦੀਆਂ ਹਨ ਤਾਂ ਉਹ ਬੈਲਟ ਪੇਪਰਾਂ ਅਤੇ ਈ.ਵੀ.ਐਮ. ਦੋਵਾਂ 'ਤੇ ਇਤਰਾਜ ਜਤਾਉਂਦੀਆਂ ਹਨ। ਭਾਰਤੀ ਚੋਣ ਕਮਿਸਨ ਨੂੰ ਈ.ਵੀ.ਐਮਜ. ਬਾਰੇ ਫੈਲੀਆਂ ਗਲਤਫਹਿਮੀਆਂ ਨੂੰ ਦੂਰ ਕਰਕੇ ਸਥਿਤੀ ਸਪੱਸਟ ਕਰਨੀ ਚਾਹੀਦੀ ਹੈ।"

ਇਸ ਵੱਡੇ ਫਤਵੇ ਲਈ ਲੋਕਾਂ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਜਿੱਤ ਸਰਕਾਰ ਨੂੰ ਹੋਰ ਵੀ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ, "ਇਸ ਜਿੱਤ ਨੇ ਸਾਨੂੰ ਨਿਮਰਤਾ ਨਾਲ ਭਰ ਦਿੱਤਾ ਹੈ।ਅਸੀਂ ਪੂਰੀ ਮਿਸਨਰੀ ਭਾਵਨਾ ਅਤੇ ਵਚਨਬੱਧਤਾ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਦੇ ਰਹਾਂਗੇ।"

## ਰਿਵਾਇਤੀ ਦਲਾਂ ਨੂੰ

## ਟੱਕਰ ਦੇ ਕੇ ਤੀਜੇ

ਕਾਂਗਰਸ ਨੇ 117 ਵਿੱਚੋਂ ਸਿਰਫ਼ 18 ਸੀਟਾਂ ਜਿੱਤੀਆਂ ਅਤੇ 'ਆਪ' ਨੇ 92 ਸੀਟਾਂ ਜਿੱਤ ਕੇ ਪਹਿਲੀ ਵਾਰ ਸੱਤਾ ਵਿੱਚ ਆਈ। 2021 ਵਿੱਚ ਭਾਜਪਾ ਨੇ ਇਨ੍ਹਾਂ ਹੀ ਨਗਰ ਨਿਗਮਾਂ ਵਿਚ 38 ਦੇ ਮੁਕਾਬਲੇ 133 ਵਾਰਡ ਜਿੱਤ ਲਏ ਪਰ ਅਜੇ ਪੰਜਾਬ ਦੀ ਸੱਤਾ ਦੇ ਮੁਕਾਬਲੇ ਵਿਚ ਨਜ਼ਰ ਨਹੀਂ ਆ ਰਹੀ। ਨਗਰ ਨਿਗਮ ਚੋਣਾਂ ਦੇ ਨਤੀਜਿਆਂ ਵਿੱਚ 'ਆਪ' ਵਿਰੁੱਧ ਕੋਈ ਸੱਤਾ ਵਿਰੋਧੀ ਲਹਿਰ ਨਹੀਂ ਦਿਸੀ। ਕਾਂਗਰਸ 2027 ਵਿੱਚ ਨੰਬਰ ਦੋ ਦੀ ਪੋਜ਼ੀਸ਼ਨ ਵਿਚ ਹੈ। ਅਕਾਲੀ ਦਲ ਕਮਬੈਕ ਕਰਦਾ ਨਜ਼ਰ ਆਇਆ ਜਾਂ ਫਿਰ ਭਾਜਪਾ ਬੰਗਾਲ ਦੇ ਬਾਅਦ ਵਾਕਈ ਪੰਜਾਬ ਵਿਚ ਸਰਕਾਰ ਬਣਾ ਸਕਦੀ ਹੈ। ਸੱਤਾਧਿਰ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਦੇ ਗੜ੍ਹ ਗਿੱਦੜਬਾਹਾ ਅਤੇ ਪ੍ਰਤਾਪ ਸਿੰਘ ਬਾਜਵਾ ਦੇ ਖੇਤਰ ਧਾਰੀਵਾਲ ਵਿੱਚ ਇੱਕਪਾਸੜ ਜਿੱਤ ਹਾਸਲ ਕੀਤੀ ਹੈ। ਇਹ ਜਿੱਤ ਇਹ ਦਰਸਾਉਂਦੀ ਹੈ ਕਿ 'ਆਪ' ਨੇ ਜ਼ਮੀਨੀ ਪੱਧਰ 'ਤੇ ਆਪਣਾ ਕੈਡਰ ਤਿਆਰ ਕਰ ਲਿਆ ਹੈ, ਜੋ ਆਉਣ ਵਾਲੀਆਂ ਚੋਣਾਂ ਲਈ ਇੱਕ ਬੂਸਟਰ ਡੋਜ਼ ਸਾਬਤ ਹੋ ਸਕਦਾ ਹੈ। ਮਾਹਿਰਾਂ ਅਨੁਸਾਰ ਸਥਾਨਕ ਚੋਣਾਂ ਸਫ਼ਾਈ ਅਤੇ ਸਟਰੀਟ ਲਾਈਟਾਂ ਵਰਗੇ ਮੁੱਦਿਆਂ 'ਤੇ ਲੜੀਆਂ ਜਾਂਦੀਆਂ ਹਨ, ਪਰ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਰੁਜ਼ਗਾਰ, ਕਾਨੂੰਨ ਵਿਵਸਥਾ, ਨਸ਼ਾ ਅਤੇ ਬੇਅਦਬੀ ਵਰਗੇ ਵੱਡੇ ਮੁੱਦੇ ਹਾਵੀ ਰਹਿਣਗੇ।

## 'ਜੇਕਰ ਪੀ.ਐਮ. ਨੂੰ ਖੁਦ ਪ੍ਰੀਖਿਆ ਦੀ

ਇਹ ਸਮੱਸਿਆ ਹੱਲ ਨਹੀਂ ਹੋਵੇਗੀ। ਸੁਣਵਾਈ ਦੌਰਾਨ ਸਾਲੀਸਿਟਰ ਜਨਰਲ (SG) ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਨੀਟ ਰੀ-ਐਗਜ਼ਾਮ ਦੀਆਂ ਤਿਆਰੀਆਂ ਦੀ ਨਿਗਰਾਨੀ ਖੁਦ ਪ੍ਰਧਾਨ ਮੰਤਰੀ ਕਰ ਰਹੇ ਹਨ।
ਇਸ 'ਤੇ ਟਿੱਪਣੀ ਕਰਦਿਆਂ ਜਸਟਿਸ ਨਰਸਿਮਹਾ ਨੇ ਕਿਹਾ, ਜੇਕਰ ਪ੍ਰਧਾਨ ਮੰਤਰੀ ਨੂੰ ਖੁਦ ਪ੍ਰੀਖਿਆ ਦੀ ਨਿਗਰਾਨੀ ਕਰਨੀ ਪੈ ਰਹੀ ਹੈ, ਤਾਂ ਇਹ ਬਹੁਤ ਹੀ ਦੁਖਦ ਹੈ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਮਾਮਲਾ ਸਿਰਫ਼ ਵਿਦਿਆਰਥੀਆਂ ਦਾ ਹੀ ਨਹੀਂ, ਸਗੋਂ ਉਨ੍ਹਾਂ ਦੇ ਪਰਿਵਾਰਾਂ, ਭਾਵਨਾਵਾਂ, ਪਿਆਰ ਅਤੇ ਸਾਲਾਂ ਦੀ ਕੀਤੀ ਗਈ ਪੜ੍ਹਾਈ ਨਾਲ ਜੁੜਿਆ ਹੋਇਆ ਹੈ। ਅਦਾਲਤ ਨੇ ਈਸਰੋ ਦੇ ਸਾਬਕਾ ਮੁਖੀ ਡਾ.ਰਾਧਾਕ੍ਰਿਸ਼ਨਨ ਦੀ ਅਗਵਾਈ ਵਾਲੀ ਕਮੇਟੀ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਚੁੱਕੇ।
ਅਦਾਲਤ ਨੇ ਪੁੱਛਿਆ ਕਿ ਜੇਕਰ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਹੋ ਚੁੱਕੀਆਂ ਸਨ, ਤਾਂ ਫਿਰ ਤੋਂ ਪੇਪਰ ਲੀਕ ਕਿਵੇਂ ਹੋ ਗਿਆ ? ਇਸ ਦੇ ਜਵਾਬ ਵਿੱਚ ਕਮੇਟੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦਿੱਤੇ ਗਏ 60 ਸੁਝਾਵਾਂ ਵਿੱਚੋਂ ਜ਼ਿਆਦਾਤਰ ਲਾਗੂ ਕਰ ਦਿੱਤੇ ਗਏ ਹਨ ਅਤੇ ਸਾਲ 2025 ਦੀ ਨੀਟ "7 ਪ੍ਰੀਖਿਆ ਕਾਫ਼ੀ ਹੱਦ ਤੱਕ ਸਫਲ ਰਹੀ ਸੀ।

## ਪੰਜਾਬ 'ਚ ਮੀਂਹ-ਗੜ੍ਹੇਮਾਰੀ ਸਬੰਧੀ

ਦਰਜ ਕੀਤਾ ਗਿਆ।ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਫਿਰੋਜ਼ਪੁਰ, ਮੋਗਾ, ਲੁਧਿਆਣਾ, ਸੰਗਰੂਰ, ਫਤਿਹਗੜ੍ਹ ਸਾਹਿਬ ਤੇ ਪਟਿਆਲਾ ਵਿਚ ਤੇਜ਼ ਤੂਫਾਨ, ਬਿਜਲੀ ਡਿਗਣ ਦੇ ਨਾਲ ਗੜ੍ਹੇਮਾਰੀ ਦੀ ਵੀ ਸੰਭਾਵਨਾ ਹੈ। ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਡਾਇਰੈਕਟਰ ਸੁਰੇਂਦਰ ਪਾਲ ਮੁਤਾਬਕ ਅੱਜ ਤੇ ਭਲਕੇ ਸੂਬੇ ਵਿਚ ਕਈ ਥਾਵਾਂ 'ਤੇ ਹਲਕਾ ਤੋਂ ਮੱਧਮ ਮੀਂਹ ਪੈ ਸਕਦਾ ਹੈ ਜਦੋਂ ਕਿ 31 ਤਰੀਕ ਨੂੰ ਕੁਝ ਹੀ ਥਾਵਾਂ 'ਤੇ ਮੀਂਹ ਪੈ ਸਕਦਾ ਹੈ। ਆਉਣ ਵਾਲੇ ਦਿਨਾਂ ਵਿਚ ਅਧਿਕਤਮ ਤਾਪਮਾਨ 6 ਤੋਂ 8 ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਦੇਖਣ ਨੂੰ ਮਿਲੇਗੀ। ਹਾਲਾਂਕਿ ਇਸ ਦੇ ਬਾਅਦ ਤਾਪਮਾਨ ਫਿਰ ਤੋਂ ਵਧਣ ਲੱਗੇਗਾ।
ਪਠਾਨਕੋਟ, ਰੂਪਨਗਰ, ਮੋਹਾਲੀ ਵਿਚ ਹਲਕੇ ਮੀਂਹ ਦੇ ਨਾਲ 50-60 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਪਟਿਆਲਾ ਤੇ ਬਠਿੰਡਾ ਵਿਚ ਤੇਜ਼ ਹਵਾਵਾਂ ਚੱਲ ਸਕਦੀਆਂ ਹਨ। ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਰਨਾਲਾ, ਮਾਨਸਾ ਤੇ ਸੰਗਰੂਰ ਵਿਚ ਕੁਝ ਥਾਵਾਂ 'ਤੇ ਹਲਕਾ ਮੀਂਹ ਪੈ ਸਕਦਾ ਹੈ।

## ਪੰਜਾਬ ਨਿਗਮ ਚੋਣਾਂ ਦੇ ਨਤੀਜਿਆਂ 'ਤੇ ਸੂਬਾ

ਗੰਭੀਰ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਜਿਹੜੇ ਆਗੂ ਪੂਰਾ ਪੰਜਾਬ ਜਿੱਤਣ ਦੇ ਦਾਅਵੇ ਕਰਦੇ ਸਨ, ਉਹ ਆਪਣੇ ਗ੍ਰਹਿ ਖੇਤਰ ਵਿੱਚ ਵੀ ਬੁਰੀ ਤਰ੍ਹਾਂ ਹਾਰ ਗਏ ਹਨ। ਇਹ ਇਸ਼ਾਰਾ ਸਿੱਧੇ ਤੌਰ 'ਤੇ ਵੜਿੰਗ ਦੀ ਲੀਡਰਸ਼ਿਪ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ।
ਕਾਂਗਰਸ ਲੀਡਰਸ਼ਿਪ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਇੰਚਾਰਜ ਭੂਪੇਸ਼ ਬਘੇਲ ਕੋਲੋਂ ਨਗਰ ਕੌਂਸਲ ਚੋਣਾਂ ਵਿੱਚ ਹੋਈ ਹਾਰ ਦੇ ਕਾਰਨਾਂ 'ਤੇ ਇੱਕ ਵਿਸਤ੍ਰਿਤ ਰਿਪੋਰਟ ਮੰਗੀ ਹੈ। ਇਸ ਬੈਠਕ ਤੋਂ ਬਾਅਦ ਪੰਜਾਬ ਕਾਂਗਰਸ ਵਿੱਚ ਵੱਡੇ ਫੇਰਬਦਲ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ।



ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ



# ਗਰਮੀਆਂ ’ਚ ਅੱਖਾਂ ਦੀ ਜਲਣ ਤੇ ਲਾਲੀ ਨੂੰ ਨਾ ਕਰੋ ਨਜ਼ਰਅੰਦਾਜ਼

ਵਧਦੀ ਗਰਮੀ ਦੇ ਪ੍ਰਭਾਵ ਨੂੰ ਅਸੀਂ ਅਕਸਰ ਸਿਰਫ਼ ਲੂ, ਡੀਹਾਈਡ੍ਰੇਸ਼ਨ ਜਾਂ ਸਨਬਰਨ ਨਾਲ ਜੋੜ ਕੇ ਦੇਖਦੇ ਹਾਂ, ਪਰ ਇਸਦਾ ਗੰਭੀਰ ਅਸਰ ਤੁਹਾਡੀਆਂ ਅੱਖਾਂ ’ਤੇ ਵੀ ਪੈ ਸਕਦਾ ਹੈ। ਗਰਮੀ ਦੇ ਦਿਨਾਂ ਵਿੱਚ ਅੱਖਾਂ ਦਾ ਖੁਸ਼ਕ ਹੋਣਾ, ਲਾਲੀ, ਜਲਣ, ਐਲਰਜੀ



ਅਤੇ ਧੁੰਦਲਾ ਦਿਖਾਈ ਦੇਣ ਵਰਗੀਆਂ ਸਮੱਸਿਆਵਾਂ ਕਾਫ਼ੀ ਵਧ ਜਾਂਦੀਆਂ ਹਨ।ਜਦੋਂ ਤਾਪਮਾਨ 45੦3 ਨੂੰ ਪਾਰ ਕਰ ਜਾਂਦਾ ਹੈ, ਤਾਂ ਲੰਬੇ ਸਮੇਂ ਤੱਕ ਧੁੱਪ ਵਿੱਚ ਰਹਿਣ ਨਾਲ ਅੱਖਾਂ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ।

**ਡਿਜੀਟਲ ਆਈ ਸਟ੍ਰੇਨ:** ਗਰਮੀਆਂ ਦੀਆਂ ਛੁੱਟੀਆਂ ਵਿੱਚ ਬੱਚੇ ਮੋਬਾਈਲ ਅਤੇ ਲੈਪਟਾਪ ’ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ। ਸਕ੍ਰੀਨ ਦੇਖਦੇ ਸਮੇਂ ਪਲਕਾਂ ਘੱਟ ਝਪਕਣ ਕਾਰਨ ਅੱਖਾਂ ਵਿੱਚ ਖੁਜਲੀ ਅਤੇ ਲਾਲੀ ਦੀ ਸਮੱਸਿਆ ਵਧਦੀ ਹੈ।

**ਕਿਰਨਾਂ ਦਾ ਖ਼ਤਰਾ:** ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ UV ਕਿਰਨਾਂ ਦਾ ਪੱਧਰ ਸਭ ਤੋਂ ਵੱਧ ਹੁੰਦਾ ਹੈ। ਇਸ ਨਾਲ ਮੋਤੀਆਬਿੰਦ, ਰੈਟੀਨਾ ਨੂੰ ਨੁਕਸਾਨ ਅਤੇ ਅੱਖਾਂ ਦੇ ਸਨਬਰਨ ਵਰਗੀਆਂ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ।

**ਨਮੀ ਦਾ ਸੁੱਕਣਾ :** ਸਾਡੀਆਂ ਅੱਖਾਂ ਦੀ ਸਤ੍ਹਾ ’ਤੇ ਇੱਕ ਬਾਰੀਕ ਪਰਤ ਹੁੰਦੀ ਹੈ ਜੋ ਧੂੜ ਅਤੇ ਇਨਫੈਕਸ਼ਨ ਤੋਂ ਬਚਾਉਂਦੀ ਹੈ। ਗਰਮ ਹਵਾਵਾਂ ਅਤੇ ਤੇਜ਼ ਧੁੱਪ ਇਸ ਨਮੀ ਨੂੰ ਸੁਕਾ ਦਿੰਦੀ ਹੈ, ਜਿਸ ਨਾਲ ਅੱਖਾਂ ਵਿੱਚ ਖੁਸ਼ਕੀ ਅਤੇ ਜਲਣ ਵਧ ਜਾਂਦੀ ਹੈ।

**AC ਅਤੇ ਬਾਹਰੀ ਤਾਪਮਾਨ ਦਾ ਅੰਤਰ:** ਤੇਜ਼ 13 ਤੋਂ ਨਿਕਲ ਕੇ ਅਚਾਨਕ ਤੇਜ਼ ਧੁੱਪ ਵਿੱਚ ਜਾਣਾ ਅੱਖਾਂ ਦੀ ਸਿਹਤ ਲਈ ਹਾਨੀਕਾਰਕ ਹੈ। 13 ਦੀ ਖੁਸ਼ਕ ਹਵਾ ਅੱਖਾਂ ਦੀ ਕੁਦਰਤੀ ਨਮੀ ਨੂੰ ਹੋਰ ਘਟਾ ਦਿੰਦੀ ਹੈ।

**ਸਾਫ਼ ਪਾਣੀ ਨਾਲ ਅੱਖਾਂ ਧੋਵੋ:** ਬਾਹਰੋਂ ਆਉਣ ਤੋਂ ਬਾਅਦ ਅੱਖਾਂ ’ਤੇ ਠੰਢੇ ਅਤੇ ਸਾਫ਼ ਪਾਣੀ ਦੇ ਛਿੱਟੇ ਮਾਰੋ। ਅੱਖਾਂ ਨੂੰ ਰਗੜਨ ਤੋਂ ਪੂਰੀ ਤਰ੍ਹਾਂ ਬਚੋ।

**20-20-20 ਦਾ ਨਿਯਮ:** ਸਕ੍ਰੀਨ ਦੀ ਵਰਤੋਂ ਕਰਦੇ ਸਮੇਂ ਹਰ 20 ਮਿੰਟ ਬਾਅਦ, 20 ਫੁੱਟ ਦੂਰ ਕਿਸੇ ਚੀਜ਼ ਨੂੰ ਘੱਟੋ-ਘੱਟ 20 ਸੈਕਿੰਡ ਲਈ ਦੇਖੋ।

**UV-ਪ੍ਰੋਟੈਕਟਿਵ ਸਨਗਲਾਸਿਜ਼:** ਬਾਹਰ ਨਿਕਲਣ ਵੇਲੇ ਹਮੇਸ਼ਾ ਚੰਗੀ ਕੁਆਲਿਟੀ ਦੀਆਂ ਐਨਕਾਂ ਪਹਿਨੋ ਜੋ 100% UV ਕਿਰਨਾਂ ਨੂੰ ਰੋਕਦੀਆਂ ਹੋਣ।

# ਭਾਰਤ ਅਤੇ ਸ਼੍ਰੀਲੰਕਾ ਵਿਚਾਲੇ ਸਾਂਝੇਦਾਰੀ ਖੇਤਰੀ ਵਿਕਾਸ ਲਈ ਬੇਹੱਦ ਅਹਿਮ: ਉਪ-ਰਾਜਪਾਲ ਸੰਧੂ

ਨਵੀਂ ਦਿੱਲੀ, 29 ਮਈ (ਅੰਮ੍ਰਿਤਪਾਲ ਸਿੰਘ) : ਭਾਰਤ ਅਤੇ ਸ਼੍ਰੀਲੰਕਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਹਿਯੋਗ ਨੂੰ ਨਵੀਆਂ ਉਚਾਈਆਂ ’ਤੇ ਲਿਜਾਣ ਦੇ ਮਕਸਦ ਨਾਲ ਇੰਡੀਆ ਇੰਟਰਨੈਸ਼ਨਲ ਸੈਂਟਰ,ਦਿੱਲੀ ਵਿਖੇ ਇੰਡੋ-ਸ਼੍ਰੀਲੰਕਾ ਆਰਥਿਕ ਸੰਮੇਲਨ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਮਹੱਤਵਪੂਰਨ ਸੰਮੇਲਨ ਦੌਰਾਨ ਦਿੱਲੀ ਦੇ ਉਪ-ਰਾਜਪਾਲ ਨੇ ਮੁੱਖ ਭਾਸ਼ਣ ਦਿੱਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਇਤਿਹਾਸ, ਸੱਭਿਆਚਾਰ ਅਤੇ ਵਪਾਰ ਨਾਲ ਜੁੜੇ ਡੂੰਘੇ ਸਬੰਧਾਂ ਨੂੰ ਰੇਖਾਂਕਿਤ ਕੀਤਾ, ਜੋ ਅੱਜ ਦੇ ਸਮੇਂ ਵਿੱਚ ਇੱਕ ਮਜ਼ਬੂਤ ਰਣਨੀਤਕ ਸਾਂਝੇਦਾਰੀ ਦਾ ਰੂਪ ਧਾਰਨ ਕਰ ਚੁੱਕੇ ਹਨ। ਇਸ ਉੱਚ-ਪੱਧਰੀ ਸਮਾਗਮ ਵਿੱਚ ਸ਼੍ਰੀਲੰਕਾ ਦੀ ਹਾਈ ਕਮਿਸ਼ਨਰ ਮਹਿਸ਼ਿਨੀ ਕੋਲੋਨੇ, ਈਗਰੋ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਸੰਸਥਾਪਕ ਨਿਰਦੇਸ਼ਕ ਡਾ. ਅਰਵਿੰਦ ਵਿਰਮਾਨੀ, ਸੀ.ਈ.ਓ. ਚਰਨ ਸਿੰਘ ਅਤੇ ਭਾਰਤ ਦੇ ਵਿਦੇਸ਼ ਮੰਤਰਾਲੇ ਦੀ ਸੰਯੁਕਤ ਸਕੱਤਰ ਅਪਰਨਾ ਰਾਏ ਸਮੇਤ ਕਈ ਦੇਸ਼ਾਂ ਦੇ ਨਾਮਵਰ ਰਾਜਦੂਤਾਂ, ਬੁਲਾਰਿਆਂ ਅਤੇ ਡੈਲੀਗੇਟਾਂ ਨੇ ਸ਼ਿਰਕਤ ਕੀਤੀ। ਸੰਮੇਲਨ ਦੌਰਾਨ ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਅਤੇ ਸ਼੍ਰੀਲੰਕਾ ਦੇ ਸਬੰਧ ਕੇਵਲ ਭੂਗੋਲਿਕ ਨੇੜਤਾ ਤੱਕ ਸੀਮਤ ਨਹੀਂ ਹਨ, ਬਲਕਿ ਇਹ ਸਦੀਆਂ ਪੁਰਾਣੇ ਸਾਂਝੇ ਇਤਿਹਾਸ ਅਤੇ ਆਪਸੀ ਲੋਕਾਂ




ਦੇ ਡੂੰਘੇ ਸਬੰਧਾਂ ’ਤੇ ਟਿਕੇ ਹੋਏ ਹਨ। ਹਿੰਦ ਮਹਾਂਸਾਗਰ ਖੇਤਰ ਵਿੱਚ ਸ਼੍ਰੀਲੰਕਾ ਭਾਰਤ ਲਈ ਇੱਕ ਅਟੁੱਟ ਅਤੇ ਬੇਹੱਦ ਮਹੱਤਵਪੂਰਨ ਭਾਈਵਾਲ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨੇਬਰਹੁੱਡ ਫਸਟ (ਗੁਆਂਢੀ ਪਹਿਲਾਂ) ਦੇ ਵਿਜ਼ਨ ਤਹਿਤ ਭਾਰਤ ਅਤੇ ਸ਼੍ਰੀਲੰਕਾ ਮਿਲ ਕੇ ਨਵਿਆਉਣਯੋਗ ਊਰਜਾ, ਡਿਜੀਟਲ ਆਰਥਿਕਤਾ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ (ਇਨਫਰਾਸਟਰਕਚਰ) ਵਰਗੇ ਖੇਤਰਾਂ ਵਿੱਚ ਅਥਾਹ ਸੰਭਾਵਨਾਵਾਂ ਦੇ ਦੁਆਰ ਖੋਲ੍ਹ ਰਹੇ ਹਨ। ਇਸ ਦਿਸ਼ਾ ਵਿੱਚ ਦਿੱਲੀ ਵਰਗੇ ਪ੍ਰਮੁੱਖ ਸ਼ਹਿਰ ਨਵੀਆਂ ਕਾਢਾਂ (ਇਨੋਵੇਸ਼ਨ) ਅਤੇ ਨੀਤੀਗਤ ਅਗਵਾਈ (ਪਾਲਿਸੀ ਲੀਡਰਸ਼ਿਪ) ਰਾਹੀਂ ਇਨ੍ਹਾਂ ਪਰਿਵਰਤਨਸ਼ੀਲ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਸਮੇਂ ਦੇ ਨਾਲ-ਨਾਲ ਦੋਵਾਂ ਦੇਸ਼ਾਂ ਦੇ ਸਬੰਧ ਰਵਾਇਤੀ ਵਪਾਰਕ ਸਾਂਝ ਤੋਂ ਅੱਗੇ ਵਧ ਕੇ ਇੱਕ ਵਿਆਪਕ ਆਰਥਿਕ ਭਾਈਵਾਲੀ ਵਿੱਚ ਬਦਲ ਚੁੱਕੇ ਹਨ, ਜਿਸ ਵਿੱਚ ਹੁਣ ਤਕਨਾਲੋਜੀ, ਸੈਰ-ਸਪਾਟਾ, ਸਿੱਖਿਆ ਅਤੇ ਸਮਰੱਥਾ ਨਿਰਮਾਣ ਵਰਗੇ ਮਹੱਤਵਪੂਰਨ ਖੇਤਰ ਸ਼ਾਮਲ ਹਨ।

ਬੀਤੇ ਸਾਲਾਂ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਹਿਯੋਗ ਕਾਫ਼ੀ ਡੂੰਘਾ ਹੋਇਆ ਹੈ ਅਤੇ ਭਾਰਤ ਅੱਜ ਵੀ ਸ਼੍ਰੀਲੰਕਾ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ ਅਤੇ ਪ੍ਰਮੁੱਖ ਨਿਵੇਸ਼ਕਾਂ ਵਿੱਚੋਂ ਇੱਕ ਬਣਿਆ ਹੋਇਆ ਹੈ। ਭਾਰਤ-ਸ਼੍ਰੀਲੰਕਾ ਮੁਕਤ ਵਪਾਰ ਸਮਝੌਤਾ (6“1), ਜੋ ਕਿ ਭਾਰਤ ਦੇ ਸ਼ੁਰੂਆਤੀ ਦੁਵੱਲੇ ਸਮਝੌਤਿਆਂ ਵਿੱਚੋਂ ਇੱਕ ਸੀ, ਨੇ ਇਹ ਸਾਬਤ ਕੀਤਾ ਹੈ ਕਿ ਕਿਵੇਂ ਖੇਤਰੀ ਏਕੀਕਰਨ ਆਪਸੀ ਮੌਕੇ ਪੈਦਾ ਕਰ ਸਕਦਾ ਹੈ ਅਤੇ ਸਪਲਾਈ ਚੇਨ ਨੂੰ ਮਜ਼ਬੂਤ ਬਣਾ ਸਕਦਾ ਹੈ। ਹੁਣ ਇਹ ਸਾਂਝੇਦਾਰੀ ਇੱਕ ਨਵੇਂ ਪੜਾਅ ਵਿੱਚ ਪ੍ਰਵੇਸ਼ ਕਰ ਰਹੀ ਹੈ, ਜੋ ਕਿ ਪੂਰੀ ਤਰ੍ਹਾਂ ਭਵਿੱਖ-ਮੁਖੀ, ਨਵੀਨਤਾ ਅਤੇ ਟਿਕਾਊ ਵਿਕਾਸ @ਤੇ ਅਧਾਰਿਤ ਹੈ। ਸ਼੍ਰੀਲੰਕਾ ਦੇ ਆਰਥਿਕ ਵਿਕਾਸ ਪ੍ਰਤੀ ਭਾਰਤ ਦੀ ਪਹੁੰਚ ਹਮੇਸ਼ਾ ਆਪਸੀ ਸਨਮਾਨ ਅਤੇ ਸਾਂਝੇਦਾਰੀ ਦੇ ਸਿਧਾਂਤਾਂ @ਤੇ ਅਧਾਰਿਤ ਰਹੀ ਹੈ। ਬੁਨਿਆਦੀ ਢਾਂਚਾ, ਊਰਜਾ, ਡਿਜੀਟਲ ਪਬਲਿਕ ਇਨਫਰਾਸਟਰਕਚਰ, ਹਾਊਸਿੰਗ, ਰੇਲਵੇ ਦਾ ਆਧੁਨਿਕੀਕਰਨ ਅਤੇ ਨਵਿਆਉਣਯੋਗ ਊਰਜਾ ਵਰਗੇ ਖੇਤਰਾਂ ਵਿੱਚ ਭਾਰਤ ਹਮੇਸ਼ਾ ਇੱਕ ਸੱਚੇ ਦੋਸਤ ਵਜੋਂ ਸ਼੍ਰੀਲੰਕਾ ਦੇ ਨਾਲ ਖੜ੍ਹਾ ਰਿਹਾ ਹੈ ਅਤੇ ਕਿਸੇ ਵੀ ਸੰਕਟ ਵੇਲੇ ਸਭ ਤੋਂ ਪਹਿਲਾਂ ਮਦਦ ਪਹੁੰਚਾਉਣ ਵਾਲਾ ਦੇਸ਼ ਬਣਿਆ ਹੈ।

ਇਸ ਦੇ ਨਾਲ ਹੀ ਭਾਰਤ ਇਹ ਚੰਗੀ ਤਰ੍ਹਾਂ ਸਮਝਦਾ ਹੈ ਕਿ ਹਿੰਦ ਮਹਾਂਸਾਗਰ ਖੇਤਰ ਵਿੱਚ ਸ਼੍ਰੀਲੰਕਾ ਦੀ ਭੂਗੋਲਿਕ ਸਥਿਤੀ ਬਹੁਤ ਰਣਨੀਤਕ ਅਤੇ ਆਰਥਿਕ ਮਹੱਤਵ ਵਾਲੀ ਹੈ। ਦੋਵਾਂ ਦੇਸ਼ਾਂ ਵਿਚਾਲੇ ਬਿਹਤਰ ਸੰਪਰਕ (ਕਨੈਕਟੀਵਿਟੀ) ਅਤੇ ਬੰਦਰਗਾਹਾਂ ਅਧਾਰਿਤ ਵਿਕਾਸ ਇਸ ਸਾਂਝੇ ਖੇਤਰ ਨੂੰ ਇੱਕ ਜੀਵੰਤ ਆਰਥਿਕ ਲਾਂਘੇ ਵਿੱਚ ਬਦਲ ਸਕਦਾ ਹੈ, ਜੋ ਦੱਖਣੀ ਏਸ਼ੀਆ ਨੂੰ ਦੱਖਣ-ਪੂਰਬੀ ਏਸ਼ੀਆ ਨਾਲ ਜੋੜੇਗਾ। ਭਵਿੱਖ ਦੀਆਂ ਯੋਜਨਾਵਾਂ @ਤੇ ਚਰਚਾ ਕਰਦਿਆਂ ਦੱਸਿਆ ਗਿਆ ਕਿ ਦੋਵਾਂ ਦੇਸ਼ਾਂ ਕੋਲ ਅਜੇ ਵੀ ਅਥਾਹ ਸੰਭਾਵਨਾਵਾਂ ਮੌਜੂਦ ਹਨ, ਜਿਨ੍ਹਾਂ ਦਾ ਫਾਇਦਾ ਉਠਾਉਣ ਲਈ ਫਾਰਮਾਸਿਊਟੀਕਲ, ਸਿਹਤ ਸੰਭਾਲ, ਸਮੁੰਦਰੀ ਵਪਾਰ, ਹੁਨਰ ਵਿਕਾਸ ਅਤੇ ਸਟਾਰਟ-ਅੱਪ ਈਕੋਸਿਸਟਮ ਵਰਗੇ ਖੇਤਰਾਂ ਵਿੱਚ ਵੀ ਮਿਲ ਕੇ ਕੰਮ ਕਰਨ ਦੀ ਲੋੜ ਹੈ। ਡੂੰਘੇ ਵਪਾਰ, ਬਿਹਤਰ ਸੰਪਰਕ ਅਤੇ ਆਪਸੀ ਵਿਸ਼ਵਾਸ ਪ੍ਰਤੀ ਦੋਵਾਂ ਦੇਸ਼ਾਂ ਦੀ ਸਾਂਝੀ ਵਚਨਬੱਧਤਾ ਹੀ ਇਸ ਰਿਸ਼ਤੇ ਦੀ ਅਸਲ ਤਾਕਤ ਹੈ।

ਅਜੋਕੇ ਸਮੇਂ ਵਿੱਚ ਜਦੋਂ ਵਿਸ਼ਵਵਿਆਪੀ ਆਰਥਿਕ ਮਾਹੌਲ ਅਨਿਸ਼ਚਿਤਤਾ ਨਾਲ ਭਰਿਆ ਹੋਇਆ ਹੈ, ਅਜਿਹੇ ਵਿੱਚ ਖੇਤਰੀ ਸਹਿਯੋਗ ਹੁਣ ਕੇਵਲ ਇੱਕ ਵਿਕਲਪ ਨਹੀਂ ਬਲਕਿ ਇੱਕ ਬਹੁਤ ਵੱਡੀ ਲੋੜ ਬਣ ਗਿਆ ਹੈ। ਆਰਥਿਕ ਸਬੰਧ ਉਦੋਂ ਹੀ ਸਭ ਤੋਂ ਮਜ਼ਬੂਤ ਹੁੰਦੇ ਹਨ ਜਦੋਂ ਉਨ੍ਹਾਂ ਦਾ ਸਿੱਧਾ ਫਾਇਦਾ ਆਮ ਨਾਗਰਿਕਾਂ ਨੂੰ ਮਿਲੇ, ਇਸ ਲਈ ਦੋਵਾਂ ਦੇਸ਼ਾਂ ਦਾ ਮੁੱਖ ਉਦੇਸ਼ ਸਮਾਵੇਸ਼ੀ ਵਿਕਾਸ ਹੋਣਾ ਚਾਹੀਦਾ ਹੈ, ਜਿਸ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਆਵੇ।

# ਚੰਨਦੀਪ ਸਿੰਘ ਨੇ ਏਸ਼ੀਆਈ ਪੈਰਾ ਤਾਈਕਵਾਂਡੋ ਚੈਂਪੀਅਨਸ਼ਿਪ ’ਚ ਇਤਿਹਾਸ ਰਚਦਿਆਂ ਜਿੱਤਿਆ ਸੋਨ ਤਮਗਾ

ਜੰਮੂ, 29 ਮਈ (ਚ.ਨ.ਸ.) : ਜੰਮੂ-ਕਸ਼ਮੀਰ ਅਤੇ ਦੇਸ਼ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਭਾਰਤੀ ਪੈਰਾ ਤਾਈਕਵਾਂਡੋ ਐਥਲੀਟ ਚੰਨਦੀਪ ਸਿੰਘ ਨੇ



ਮੰਗੋਲੀਆ ਵਿੱਚ ਆਯੋਜਿਤ 11ਵੀਂ ਏਸ਼ੀਅਨ ਪੈਰਾ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ 80 ਕਿਲੋਗ੍ਰਾਮ ਤੋਂ ਵੱਧ ਵਰਗ ਵਿੱਚ ਸੋਨ ਤਗਮਾ ਜਿੱਤਿਆ। ਚੰਨਦੀਪ ਸਿੰਘ ਨੇ ਦੋਵੇਂ ਬਾਹਾਂ ਕੱਟੀਆਂ ਹੋਣ ਦੇ ਬਾਵਜੂਦ ਇਹ ਇਤਿਹਾਸਕ ਉਪਲੱਬਧੀ ਹਾਸਲ ਕੀਤੀ ਹੈ।ਇਹ ਇਤਿਹਾਸਕ ਪ੍ਰਾਪਤੀ ਜੰਮੂ-ਕਸ਼ਮੀਰ ਲਈ ਏਸ਼ੀਅਨ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ ਪਹਿਲਾ ਸੋਨ ਤਗਮਾ ਹੈ, ਜੋ ਕਿ ਅੰਤਰਰਾਸ਼ਟਰੀ ਖੇਡਾਂ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਲਈ ਇੱਕ ਇਤਿਹਾਸਕ ਪਲ ਹੈ। ਏਸ਼ੀਆ ਭਰ ਦੇ ਚੋਟੀ ਦੇ ਪੈਰਾ ਐਥਲੀਟਾਂ ਦੇ ਖਿਲਾਫ ਮੁਕਾਬਲਾ ਕਰਦੇ ਹੋਏ, ਚੰਨਦੀਪ ਸਿੰਘ ਨੇ ਹੈਵੀਵੇਟ ਸ਼੍ਰੇਣੀ ਵਿੱਚ ਸਿਖਰਲਾ ਸਨਮਾਨ ਹਾਸਲ ਕਰਨ ਲਈ ਇੱਕ ਸ਼ਕਤੀਸ਼ਾਲੀ ਅਤੇ ਅਨੁਸ਼ਾਸਿਤ ਪ੍ਰਦਰਸ਼ਨ ਕੀਤਾ।ਇਹ ਜਿੱਤ ਸਾਲਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਲਗਨ ਨੂੰ ਦਰਸਾਉਂਦੀ ਹੈ, ਨਾਲ ਹੀ ਵਿਸ਼ਵ ਪੱਧਰ ’ਤੇ ਭਾਰਤੀ ਪੈਰਾ ਖੇਡਾਂ ਦੇ ਵਧਦੇ ਕੱਦ ਨੂੰ ਵੀ ਉਜਾਗਰ ਕਰਦੀ ਹੈ। ਆਪਣੀ ਜਿੱਤ ਤੋਂ ਬਾਅਦ, ਚੰਨਦੀਪ ਸਿੰਘ ਨੇ ਆਪਣੇ ਕੋਚਾਂ, ਪਰਿਵਾਰ ਅਤੇ ਸਮਰਥਕਾਂ ਦਾ ਉਨ੍ਹਾਂ ਦੇ ਸਫ਼ਰ ਵਿੱਚ ਨਿਰੰਤਰ ਉਤਸ਼ਾਹ ਅਤੇ ਵਿਸ਼ਵਾਸ ਲਈ ਧੰਨਵਾਦ ਪ੍ਰਗਟ ਕੀਤਾ।ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਪਲੇਟਫਾਰਮ X ’ਤੇ ਪ੍ਰਾਪਤੀ ਦੀ ਵੀ ਸ਼ਲਾਘਾ ਕੀਤੀ, ਐਥਲੀਟ ਨੂੰ ਵਧਾਈ ਦਿੱਤੀ ਅਤੇ ਇਸਨੂੰ ਇੱਕ ਇਤਿਹਾਸਕ ਪ੍ਰਾਪਤੀ ਕਿਹਾ ਜਿਸਨੇ ਦੇਸ਼ ਅਤੇ ਜੰਮੂ-ਕਸ਼ਮੀਰ ਲਈ ਮਾਣ ਵਧਾਇਆ ਹੈ। ਉਨ੍ਹਾਂ ਅੱਗੇ ਉਮੀਦ ਪ੍ਰਗਟਾਈ ਕਿ ਇਹ ਸਫਲਤਾ ਨੌਜਵਾਨ ਖਿਡਾਰੀਆਂ ਨੂੰ ਉੱਤਮਤਾ ਪ੍ਰਾਪਤ ਕਰਨ ਅਤੇ ਦੇਸ਼ ਲਈ ਵੱਡਾ ਮਾਣ ਪ੍ਰਾਪਤ ਕਰਨ ਲਈ ਪ੍ਰੇਰਿਤ ਕਰੇਗੀ।

# ਭਾਰਤੀ ਮੂਲ ’ਚ ਸ਼੍ਰੇਅ ਪਾਰਿਖ ਨੇ ਰਚਿਆ ਇਤਿਹਾਸ, ਬਣਿਆ ਸਪੈਲਿੰਗ ਬੀ ਚੈਂਪੀਅਨ

ਵਾਸ਼ਿੰਗਟਨ (ਅਮਰੀਕਾ), 29 ਮਈ (ਚ.ਨ.ਸ.) : ਅਮਰੀਕਾ ਵਿੱਚ ਇੱਕ ਵਾਰ ਫਿਰ ਭਾਰਤੀ ਮੂਲ ਦੇ ਵਿਦਿਆਰਥੀਆਂ ਨੇ ਆਪਣੀ ਬੌਧਿਕ ਸਮਰੱਥਾ ਦਾ ਲੋਹਾ ਮਨਵਾਇਆ ਹੈ। ਕੈਲੀਫੋਰਨੀਆ ਦੇ 14 ਸਾਲਾ ਭਾਰਤੀ ਮੂਲ ਦੇ




ਵਿਦਿਆਰਥੀ ਸ਼੍ਰੇਅ ਪਾਰਿਖ ਨੇ ਵੱਕਾਰੀ ਸਕ੍ਰਿਪਸ ਨੈਸ਼ਨਲ ਸਪੈਲਿੰਗ ਬੀ 2026 ਦਾ ਖ਼ਿਤਾਬ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਫਾਈਨਲ ਮੁਕਾਬਲੇ ਵਿੱਚ ਸ਼੍ਰੇਅ ਨੇ ਨਿਊ ਜਰਸੀ ਦੇ ਈਸ਼ਾਨ ਗੁਪਤਾ ਨੂੰ ਹਰਾ ਕੇ ਇਹ ਪ੍ਰਾਪਤੀ ਹਾਸਲ ਕੀਤੀ।ਮੁਕਾਬਲਾ ਬਹੁਤ ਹੀ ਸਖ਼ਤ ਸੀ। ਨਿਰਣਾਇਕ ਸਪੈੱਲ-ਆਫ ਰਾਊਂਡ ਵਿੱਚ ਸ਼੍ਰੇਅ ਅਤੇ ਈਸ਼ਾਨ ਨੂੰ 90 ਸੰਕਿਟਾਂ ਦੇ ਅੰਦਰ ਵੱਧ ਤੋਂ ਵੱਧ ਸ਼ਬਦਾਂ ਦੇ ਸਹੀ ਸਪੈਲਿੰਗ ਦੱਸਣ ਦਾ ਮੌਕਾ ਮਿਲਿਆ। ਸ਼੍ਰੇਅ ਨੇ ਆਪਣੀ ਤੇਜ਼ ਰਫ਼ਤਾਰ ਅਤੇ ਯਾਦਾਸ਼ਤ ਦਾ ਪ੍ਰਦਰਸ਼ਨ ਕਰਦਿਆਂ 90 ਸੰਕਿਟਾਂ ਵਿੱਚ 32 ਸ਼ਬਦਾਂ ਦੇ ਬਿਲਕੁਲ ਸਹੀ ਸਪੈਲਿੰਗ ਦੱਸੇ, ਜਦਕਿ ਈਸ਼ਾਨ 25 ਸ਼ਬਦ ਹੀ ਸਹੀ ਦੱਸ ਸਕੇ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਦਮ ’ਤੇ ਸ਼੍ਰੇਅ ਨੂੰ ਜੇਤੂ ਐਲਾਨਿਆ ਗਿਆ।ਸ਼੍ਰੇਅ ਨੂੰ ਇਹ ਜਿੱਤ ਰਾਤੋ-ਰਾਤ ਨਹੀਂ ਮਿਲੀ। ਉਹ ਪਿਛਲੇ ਕਈ ਸਾਲਾਂ ਤੋਂ ਇਸ ਮੁਕਾਬਲੇ ਦੀ ਤਿਆਰੀ ਕਰ ਰਿਹਾ ਸੀ। ਸਾਲ 2022 ਵਿੱਚ ਉਹ 89ਵੇਂ ਸਥਾਨ ’ਤੇ ਰਿਹਾ ਸੀ ਅਤੇ ਸਾਲ 2024 ਵਿੱਚ ਉਸ ਨੇ ਤੀਜਾ ਸਥਾਨ ਹਾਸਲ ਕੀਤਾ ਸੀ। ਆਪਣੀ ਲਗਾਤਾਰ ਮਿਹਨਤ ਸਦਕਾ ਉਹ 2026 ਵਿੱਚ ਚੈਂਪੀਅਨ ਬਣ ਕੇ ਉੱਭਰਿਆ।

# ਅਫਰੀਕੀ-ਅਮਰੀਕੀ ਗਾਇਕਾ ਮੈਰੀ ਮਿਲਬੇਨ ਨੇ ਪ੍ਰਗਟਾਈ ਚਿੰਤਾ ਟਰੰਪ ਦੇ ਗਲਤ ਸਲਾਹਕਾਰਾਂ ਨੇ ਵਿਗਾੜੇ ਭਾਰਤ-ਅਮਰੀਕਾ ਸਬੰਧ

ਵਾਸ਼ਿੰਗਟਨ, 29 ਮਈ (ਚ.ਨ.ਸ.) : ਮਸ਼ਹੂਰ ਅਫਰੀਕੀ-ਅਮਰੀਕੀ ਗਾਇਕਾ ਮੈਰੀ ਮਿਲਬੇਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ’ਚ ਭਾਰਤ ਤੇ ਅਮਰੀਕਾ ਵਿਚਾਲੇ ਕਮਜ਼ੋਰ ਹੁੰਦੇ ਰਿਸ਼ਤਿਆਂ ’ਤੇ ਬਾਹਰੀ ਚਿੰਤਾ ਤੇ ਨਿਰਾਸ਼ਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ’ਤੇ ਕਿਹਾ ਕਿ ਇਸ ਵਾਰੀ ਟਰੰਪ ਨੂੰ ਭਾਰਤ ਦੇ ਮਾਮਲਿਆਂ ’ਤੇ ਪ੍ਰਸ਼ਾਸਨ ਦੇ ਅੰਦਰ ਤੋਂ ਗਲਤ ਲੋਕਾਂ ਵਲੋਂ ਸਲਾਹ ਦਿੱਤੀ ਗਈ, ਜਿਸ ਨਾਲ ਦੋਵਾਂ ਦੇਸ਼ਾਂ ’ਚ ਤਣਾਅ ਵਧਿਆ ਹੈ।ਇਕ ਖਾਸ ਇੰਟਰਵਿਊ ’ਚ ਮਿਲਬੇਨ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਹਾਲੀਆ ਭਾਰਤ ਯਾਤਰਾਤੇ ਗੱਲ ਕੀਤੀ। ਹਾਲਾਂਕਿ ਉਨ੍ਹਾਂ ਨੇ ਭਾਰਤੀ ਲੀਡਰਸ਼ਿਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਹਿਮਾਨਨਿਵਾਜ਼ੀ ਦੀ ਪ੍ਰਸ਼ੰਸਾ ਕੀਤੀ, ਪਰ ਉਨ੍ਹਾਂ ਸਾਫ਼ ਕਿਹਾ ਕਿ ਇਸ ਯਾਤਰਾ ਨਾਲ ਦੁਵੱਲੇ ਸਬੰਧਾਂ ’ਚ ਕੋਈ ਵੱਡਾ ਸੁਧਾਰ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਪੱਸ਼ਟ ਕਹਾਂ ਤਾਂ ਟਰੰਪ ਪ੍ਰਸ਼ਾਸਨ ਨੇ ਭਾਰਤ ਦੇ ਨਾਲ ਰਿਸ਼ਤੇ ਸੁਧਾਰਨ ਲਈ ਕੋਈ ਅਸਲੀ ਕਦਮ ਨਹੀਂ ਚੁੱਕੇ। ਇਹ ਸਿਆਸੀ ਨੁਕਸਾਨ ਏਨਾ ਡੂੰਘਾ ਹੈ ਕਿ ਇਸਨੂੰ ਇਕ ਕੂਟਨੀਤਕ ਦੌਰੇ ਨਾਲ ਠੀਕ ਨਹੀਂ ਕਿਹਾ ਜਾ ਸਕਦਾ।ਇਸ ਲਈ ਅਗਲੇ ਚੋਣ ਚੱਕਰ ਦਾ ਇੰਤਜ਼ਾਰ ਕਰਨਾ ਪਵੇਗਾ। ਪ੍ਰਧਾਨ ਮੰਤਰੀ ਮੋਦੀ ਸਮੇਤ ਦੁਨੀਆ ਭਰ ਦੇ ਆਗੂ ਨਵੰਬਰ ’ਚ ਹੋਣ ਵਾਲੇ ਅਮਰੀਕੀ ਰਾਸ਼ਟਰਪਤੀ ’ਤੇ ਕਰੀਬ ਤੋਂ ਨਜ਼ਰ ਰੱਖ ਰਹੇ ਹਨ। ਮਿਲਬੇਨ ਨੇ ਟਰੰਪ ਦੇ ਪਹਿਲੇ ਕਾਰਜਕਾਲ (ਜਦੋਂ ਹਾਊਡੀ ਮੋਦੀ ਵਰਗਾ ਇਤਿਹਾਸਕ ਆਯੋਜਨ ਹੋਇਆ ਸੀ) ਤੇ ਮੌਜੂਦਾ ਕਾਰਜਕਾਲ ’ਚ ਇਕ ਵੱਡਾ ਫਰਕ ਰੇਖਾਂਕਿਤ ਕੀਤਾ। ਉਨ੍ਹਾਂ ਦੇ ਮੁਤਾਬਕ, ਪਹਿਲੇ ਕਾਰਜਕਾਲ ਦੇ ਸਲਾਹਕਾਰਾਂ ਦੇ ਮਨ ’ਚ ਭਾਰਤ ਤੇ ਭਾਰਤੀ-ਅਮਰੀਕੀ ਫਿਰਕੇ ਦੇ ਪ੍ਰਤੀ ਡੂੰਘਾ ਸਨਮਾਨ ਸੀ। ਟਰੰਪ 2.0 ’ਚ ਭਾਰਤ ਨਾਲ ਜੁੜੀ ਟੈਰਿਫ ਨੀਤੀ ’ਤੇ ਰਾਸ਼ਟਰਪਤੀ ਨੂੰ ਗਲਤ ਸਲਾਹ ਦਿੱਤੀ ਗਈ।



# ਹਾਕੀ ਜਗਤ ਨੂੰ ਵੱਡਾ ਝਟਕਾ: ਕਲੌਡ ਲੇਮਿਊ ਦਾ 60 ਸਾਲ ਦੀ ਉਮਰ ’ਚ ਦੇਹਾਂਤ

ਵੈਨਕੂਵਰ, 29 ਮਈ (ਚ.ਨ.ਸ.) : ਕੈਨੇਡਾ ਅਤੇ ਅੰਤਰਰਾਸ਼ਟਰੀ ਹਾਕੀ ਜਗਤ ਲਈ ਦੁਖਦਾਈ ਸੂਚਨਾ ਹੈ। ਮੌਂਟਰੀਅਲ ਕੈਨੇਡੀਅਨਜ਼ ਦੇ ਸਾਬਕਾ



ਦਿਗਗਜ ਖਿਡਾਰੀ ਅਤੇ ਚਾਰ ਵਾਰ ਸਟੈਨਲੀ ਕੱਪ ਜੇਤੂ ਕਲੌਡ ਲੇਮਿਊ ਦਾ 60 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਨਾਲ ਹਾਕੀ ਪ੍ਰੇਮੀਆਂ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।ਕਲੌਡ ਲੇਮਿਊ ਨੇ ਆਪਣੇ ਲੰਬੇ ਕੈਰੀਅਰ ਦੌਰਾਨ ਆਪਣੀ ਜ਼ੋਰਦਾਰ ਖੇਡ, ਜਜ਼ਬੇ ਅਤੇ ਮਹੱਤਵਪੂਰਨ ਮੈਚਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਵੱਖਰੀ ਪਹਿਚਾਣ ਬਣਾਈ। ਉਹ ਐਨਐਚਐਲ ਦੇ ਸਭ ਤੋਂ ਚਰਚਿਤ ਅਤੇ ਕਾਮਯਾਬ ਖਿਡਾਰੀਆਂ ਵਿੱਚੋਂ ਇੱਕ ਮੰਨੇ ਜਾਂਦੇ ਸਨਉਨ੍ਹਾਂ ਨੇ ਆਪਣੇ ਕੈਰੀਅਰ ਦੌਰਾਨ ਚਾਰ ਵਾਰ ਸਟੈਨਲੀ ਕੱਪ ਜਿੱਤ ਕੇ ਹਾਕੀ ਇਤਿਹਾਸ ਵਿੱਚ ਖਾਸ ਥਾਂ ਬਣਾਈ। ਮੌਂਟਰੀਅਲ ਕੈਨੇਡੀਅਨਜ਼ ਨਾਲ ਜੁੜੇ ਉਨ੍ਹਾਂ ਦੇ ਯੋਗਦਾਨ ਨੂੰ ਅੱਜ ਵੀ ਹਾਕੀ ਪ੍ਰੇਮੀ ਯਾਦ ਕਰਦੇ ਹਨ।ਕਲੌਡ ਲੇਮਿਊ ਦੇ ਦਿਹਾਂਤ ਮਗਰੋਂ ਸਾਬਕਾ ਖਿਡਾਰੀਆਂ, ਟੀਮਾਂ ਅਤੇ ਪ੍ਰਸ਼ੰਸਕਾਂ ਵੱਲੋਂ ਸੋਸ਼ਲ ਮੀਡੀਆ ਰਾਹੀਂ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ। ਹਾਕੀ ਜਗਤ ਨੇ ਇੱਕ ਐਸਾ ਸਿਤਾਰਾ ਗੁਆ ਦਿੱਤਾ ਹੈ ਜਿਸ ਨੇ ਖੇਡ ਨੂੰ ਕਈ ਯਾਦਗਾਰ ਪਲ ਦਿੱਤੇ।

# ਜਪਾਨ ਵੱਲੋਂ ਫਿਲਪੀਨਜ਼ ਦੇ ਰਾਸ਼ਟਰਪਤੀ ਦਾ ਨਿੱਘਾ ਸਵਾਗਤ

## ਦੋਵਾਂ ਮੁਲਕਾਂ ਨੇ ਰੱਖਿਆ ਤੇ ਹਥਿਆਰਾਂ ਲਈ ਸਹਿਯੋਗ ਮਜ਼ਬੂਤ ਕਰਨ ’ਤੇ ਸਹਿਮਤੀ ਜਤਾਈ

ਟੋਕੀਓ, 29 ਮਈ (ਚ.ਨ.ਸ.) : ਫਿਲਪੀਨਜ਼ ਦੇ ਰਾਸ਼ਟਰਪਤੀ ਫਰਡੀਨੈਂਡ ਮਾਰਕੋਸ ਜੂਨੀਅਰ ਜਪਾਨ ਦੇ ਚਾਰ ਦਿਨਾ ਸਰਕਾਰੀ ਦੌਰੇ ’ਤੇ ਹਨ, ਜਿੱਥੇ ਉਨ੍ਹਾਂ ਦਾ ਨਿੱਘਾ



ਸਵਾਗਤ ਕੀਤਾ ਗਿਆ, ਜਿਸ ਵਿੱਚ ਸ਼ਾਹੀ ਮਹਿਲ ਦਾ ਰਾਤਰੀ ਭੋਜ ਵੀ ਸ਼ਾਮਲ ਹੈ। ਇਸ ਦੌਰੇ ਤੋਂ ਸਪੱਸ਼ਟ ਸੰਦੇਸ਼ ਮਿਲਦਾ ਹੈ ਕਿ ਟੋਕੀਓ ਉਸ ਦੇਸ਼ ਨਾਲ ਆਪਣੇ ਸਬੰਧ ਹੋਰ ਮਜ਼ਬੂਤ ਕਰਨ ਲਈ ਕਾਹਲਾ ਹੈ, ਜਿਸ ਨੂੰ ਉਹ ਏਸ਼ੀਆ ਵਿੱਚ ਚੀਨ ਦੀਆਂ ਫ਼ੌਜੀ ਗਤੀਵਿਧੀਆਂ ਦੇ ਡਰ ਦਰਮਿਆਨ ਅਹਿਮ ਰੱਖਿਆ ਭਾਈਵਾਲ ਅਤੇ ਹਥਿਆਰਾਂ ਦੇ ਵੱਡੇ ਗਾਹਕ ਵਜੋਂ ਦੇਖਦਾ ਹੈ। ਮਾਰਕੋਸ ਦਾ ਇਹ ਦੌਰਾ ਭਲਕੇ ਉਨ੍ਹਾਂ ਦੀ ਵਾਪਸੀ ਨਾਲ ਖ਼ਤਮ ਹੋਵੇਗਾ।ਇਸ ਦੌਰੇ ਦੌਰਾਨ ਬੀਤੇ ਦਿਨ ਉਨ੍ਹਾਂ ਸਮਰਾਟ ਨਾਰੂਹੀਤੋ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਉਨ੍ਹਾਂ ਨੂੰ ਜਪਾਨ ਦੇ ਸਰਵਉੱਚ ਸਨਮਾਨਾਂ ਵਿੱਚੋਂ ਇੱਕ ‘ਗਰੈਂਡ ਕਾਰਡਨ ਆਫ ਦਿ ਸੁਪਰੀਮ ਆਰਡਰ ਆਫ ਦਿ ਕ੍ਰਿਸੈਂਥਮਮ’ ਨਾਲ ਨਿਵਾਜਿਆ। ਅੱਜ ਮਾਰਕੋਸ ਨੇ ਜਪਾਨ ਦੀ ਪ੍ਰਧਾਨ ਮੰਤਰੀ ਸਾਨੇ ਤਾਕਾਇਚੀ ਨਾਲ ਗੱਲਬਾਤ ਕੀਤੀ, ਜਿਸ ਦੌਰਾਨ ਉਹ ਰੱਖਿਆ, ਹਥਿਆਰਾਂ ਅਤੇ ਹੋਰ ਖੇਤਰਾਂ ਵਿੱਚ ਸਹਿਯੋਗ ਹੋਰ ਮਜ਼ਬੂਤ ਕਰਨ ’ਤੇ ਸਹਿਮਤ ਹੋਏ। ਦੋਵੇਂ ਦੇਸ਼ ਆਪਣੇ ਫ਼ੌਜੀ ਸਬੰਧਾਂ ਨੂੰ ਮਜ਼ਬੂਤ ਕਰਦੇ ਹੋਏ ਚੀਨ ਨੂੰ ਚੰਗੀ ਤਰ੍ਹਾਂ ਧਿਆਨ ਵਿੱਚ ਰੱਖ ਰਹੇ ਹਨ। ਜਪਾਨੀ ਸੰਸਦ ਦੇ ਉਪਰਲੇ ਸਦਨ ਨੂੰ ਸੰਬੋਧਨ ਕਰਦੇ ਹੋਏ ਮਾਰਕੋਸ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਅਤੇ ਜਪਾਨ ਨੇ ਜਪਾਨ ਦੇ ਯੁੱਧ ਕਾਲ ਦੇ ਹਮਲਿਆਂ ਦੇ ਜ਼ਖ਼ਮਾਂ ਨੂੰ ਭੁਲਾ ਕੇ ਸਹਿਯੋਗ ਨੂੰ ਚੁਣਿਆ ਹੈ। ਮਾਰਕੋਸ ਨੇ ਕਿਹਾ ਕਿ ਰੱਖਿਆ, ਆਰਥਿਕ ਸੁਰੱਖਿਆ ਅਤੇ ਹੋਰ ਆਲਮੀ ਚੁਣੌਤੀਆਂ ਵਿੱਚ ‘ਡੂੰਘੇ ਸਹਿਯੋਗ ਦੀਆਂ ਵੱਡੀਆਂ ਸੰਭਾਵਨਾਵਾਂ’ ਹਨ।

# ਅਮਰੀਕਾ ਅਤੇ ਈਰਾਨ 60 ਦਿਨਾਂ ਦੀ ਜੰਗਬੰਦੀ ’ਤੇ ਹੋਏ ਸਹਿਮਤ

ਤਹਿਰਾਨ, 29 ਮਈ (ਚ.ਨ.ਸ.) : ਅਮਰੀਕੀ ਮਿਲਟਰੀ ਸਟ੍ਰਾਈਕ ਤੋਂ ਬਾਅਦ ਈਰਾਨ ਨੇ ਅਮਰੀਕੀ ਟਿਕਾਣਿਆਂ ’ਤੇ ਜਵਾਬੀ ਹਮਲੇ ਕੀਤੇ ਹਨ। ਈਰਾਨ ਨੇ ਦੱਸਿਆ ਕਿ ਰੈਵੋਲਿਊਸ਼ਨਰੀ ਗਾਰਡ ਨੇ ਅਮਰੀਕੀ ਏਅਰਬੇਸ ਨੂੰ ਨਿਸ਼ਾਨਾ ਬਣਾਇਆ ਹੈ। ਈਰਾਨੀ ਫ਼ੌਜ ਨੇ ਕਿਹਾ ਕਿ ਇਹ ਹਮਲਾ ਪੋਰਟ ਸਿਟੀ (ਬੰਦਰਗਾਹ ਸ਼ਹਿਰ) ਬੰਦਰ ਅੱਬਾਸ ਨੇੜੇ ਵੀਰਵਾਰ ਤੜਕੇ ਹੋਏ ਹਵਾਈ ਹਮਲੇ ਦੇ ਜਵਾਬ ਵਿਚ ਕੀਤਾ ਗਿਆ ਹੈ।ਕੁਵੈਤ ਦੀ ਫ਼ੌਜ ਨੇ ਐਲਾਨ ਕੀਤਾ ਕਿ ਉਸ ਦਾ ਏਅਰ ਡਿਫੈਂਸ ਸਿਸਟਮ ਦੇਸ਼ ਦੇ ਹਵਾਈ ਖੇਤਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਦੁਸ਼ਮਣ ਦੇ ਮਿਜ਼ਾਈਲ ਅਤੇ ਡਰੋਨ ਹਮਲਿਆਂ ਨੂੰ ਨਾਕਾਮ ਕਰਨ ਵਿਚ ਜੁਟਿਆ ਹੋਇਆ ਹੈ। ਹਾਲਾਂਕਿ ਫ਼ੌਜ ਨੇ ਇਹ ਦੱਸਣ ਤੋਂ ਗੁਰੇਜ਼ ਕੀਤਾ ਕਿ ਇਹ ਹਮਲੇ ਕਿਥੋਂ ਕੀਤੇ ਜਾ ਰਹੇ ਹਨ।ਦੂਜੇ ਪਾਸੇ ਅਮਰੀਕਾ ਨੇ ਈਰਾਨ ਦੇ 5 ਡਰੋਨਾਂ ਨੂੰ ਤਬਾਹ ਕਰ ਦਿੱਤਾ ਹੈ। ਇਸੇ ਦੌਰਾਨ ਅਮਰੀਕਾ ਅਤੇ



ਈਰਾਨ 60 ਦਿਨਾਂ ਦੇ ਜੰਗਬੰਦੀ ਸਮਝੌਤੇ ’ਤੇ ਸਹਿਮਤ ਹੋ ਗਏ ਹਨ। ਹੁਣ ਸਿਰਫ਼ ਟਰੰਪ ਦੀ ਅੰਤਿਮ ਮਨਜ਼ੂਰੀ ਬਾਕੀ ਹੈ। ਦੋਵਾਂ ਦੇਸ਼ਾਂ ਵਿਚਾਲੇ ਮੈਮੋਰੈਂਡਮ ਆਫ਼ ਅੰਡਰਸਟੈਂਡਿੰਗ (ਐੱਮ. ਓ. ਯੂ.) ’ਤੇ ਸਹਿਮਤੀ ਬਣ ਗਈ ਹੈ। ਇਸ ਦੇ ਨਾਲ ਹੀ ਈਰਾਨ ਨੂੰ 30 ਦਿਨਾਂ ਦੇ ਅੰਦਰ ਸਮੁੰਦਰੀ ਮਾਈਨਾਂ ਹਟਾਉਣੀਆਂ ਪੈਣਗੀਆਂ ਅਤੇ ਜਹਾਜ਼ਾਂ ਤੋਂ ਕੋਈ ਟੋਲ ਨਹੀਂ ਲਿਆ ਜਾਵੇਗਾ।

# ਕਲੀਓਪੈਟਰਾ ਸਕੂਲ ਆਫ ਕਾਸਮੈਟਾਲੌਜੀ ਵੱਲੋਂ ਸਮਰ ਗਰੂਮਿੰਗ ਜਾਗਰੂਕਤਾ ਸਮਾਗਮ

ਮੁਹਾਲੀ, 29 ਮਈ (ਹਰਦੀਪ ਕੌਰ) : ਕਲੀਓਪੈਟਰਾ ਸਕੂਲ ਆਫ ਕਾਸਮੈਟੋਲੋਜੀ ਵਿਖੇ ਇੱਕ ਭਵਿਆ ਬਿਊਟੀ ਐਂਡ ਵੈੱਲਨੈੱਸ ਵਰਕਸ਼ਾਪ ਅਤੇ ਸਮਰ ਗਰੂਮਿੰਗ ਜਾਗਰੂਕਤਾ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਚੰਡੀਗੜ੍ਹ, ਮੋਹਾਲੀ, ਜ਼ੀਰਕਪੁਰ, ਪਟਿਆਲਾ ਅਤੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਵਿਦਿਆਰਥੀਆਂ, ਬਿਊਟੀ ਪ੍ਰੋਫੈਸ਼ਨਲਜ਼, ਮੇਕਅੱਪ ਆਰਟਿਸਟਾਂ ਅਤੇ ਨੌਜਵਾਨ ਭਾਗੀਦਾਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਹ ਸਮਾਗਮ ਸੁੰਦਰਤਾ, ਸਿਹਤ ਸੰਭਾਲ, ਗਰੂਮਿੰਗ ਅਤੇ ਗਰਮੀ ਦੇ ਮੌਸਮ ਦੌਰਾਨ ਸਫਾਈ ਸਬੰਧੀ ਜਾਗਰੂਕਤਾ ਨੂੰ ਸਮਰਪਿਤ ਰਿਹਾ, ਜਿੱਥੇ ਭਾਗੀਦਾਰਾਂ ਨੇ ਲਾਈਵ ਸੈਸ਼ਨਾਂ, ਇੰਟਰਐਕਟਿਵ ਵਿਚਾਰ-ਵਟਾਂਦਰੇ ਅਤੇ ਪ੍ਰੋਫੈਸ਼ਨਲ ਬਿਊਟੀ ਰੀਤੀਆਂ ਦਾ ਤਜਰਬਾ ਹਾਸਲ ਕੀਤਾ। ਇਸ ਮੌਕੇ ਕਲੀਓਪੈਟਰਾ ਸਕੂਲ ਆਫ ਕਾਸਮੈਟੋਲੋਜੀ ਦੀ ਪਟਿਆਲਾ ਸ਼ਾਖਾ ਦੀ ਅਧਿਕਾਰਿਕ ਸ਼ੁਰੂਆਤ ਵੀ ਕੀਤੀ ਗਈ। ਸਮਾਗਮ ਦੀ ਅਗਵਾਈ ਪ੍ਰਸਿੱਧ ਅੰਤਰਰਾਸ਼ਟਰੀ ਬਿਊਟੀ ਅਤੇ ਵੈੱਲਨੈੱਸ ਮਾਹਿਰ ਅਤੇ ਬਿਊਟੀ ਐਂਡ ਵੈੱਲਨੈੱਸ ਸੈਕਟਰ ਸਕਿਲ ਕੌਂਸਲ ਆਫ ਇੰਡੀਆ ਦੀ ਜਿਊਰੀ ਮੈਂਬਰ ਰਿਚਾ ਅਗਰਵਾਲ ਵੱਲੋਂ ਕੀਤੀ ਗਈ। ਦਿੱਲੀ




ਤੋਂ ਪਹੁੰਚੀ ਅੰਤਰਰਾਸ਼ਟਰੀ ਬਿਊਟੀ ਐਜੂਕੇਟਰ ਅਤੇ ਸਲਾਹਕਾਰ ਅਰਪਿਤਾ ਦਾਸ ਨੇ ਵਿਸ਼ੇਸ਼ ਤੌਰ ‘ਤੇ ਸਮਾਗਮ ਵਿੱਚ ਸ਼ਮੂਲੀਅਤ ਕਰਦੇ ਹੋਏ ਪ੍ਰੋਫੈਸ਼ਨਲ ਗਰੂਮਿੰਗ, ਬਿਊਟੀ ਸਿੱਖਿਆ ਅਤੇ ਇੰਡਸਟਰੀ ਦੇ ਨਵੇਂ ਰੁਝਾਨਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸੇ ਤਰ੍ਹਾਂ ਇੰਫੋਰਮੇਸ਼ਨ ਟੈਕਨੋਲੋਜੀ ਅਤੇ ਸਿਸਟਮਜ਼ ਵਿੱਚ ਐਮਬੀਏ ਅਤੇ ਪ੍ਰਬੰਧਕੀ ਮਾਹਿਰ ਰੋਬਿਨ ਗੁਪਤਾ ਨੇ ਡਿਜੀਟਲ ਜਾਗਰੂਕਤਾ, ਪ੍ਰੋਫੈਸ਼ਨਲ ਮੈਨੇਜਮੈਂਟ ਅਤੇ ਆਧੁਨਿਕ ਹੁਨਰਾਂ ਦੀ ਮਹੱਤਤਾ ‘ਤੇ ਚਰਚਾ ਕੀਤੀ। ਸਮਾਗਮ ਦੌਰਾਨ ਕਲੀਓਪੈਟਰਾ ਸਕੂਲ ਆਫ ਕਾਸਮੈਟੋਲੋਜੀ ਵੱਲੋਂ ਬਿਊਟੀ ਐਂਡ ਵੈੱਲਨੈੱਸ ਗਰੂਮਿੰਗ ਮੁਹਿੰਮ ਦੀ ਸ਼ੁਰੂਆਤ ਵੀ ਕੀਤੀ ਗਈ। ਇਸ ਮੁਹਿੰਮ ਤਹਿਤ ਚੰਡੀਗੜ੍ਹ, ਮੋਹਾਲੀ, ਜ਼ੀਰਕਪੁਰ, ਪਟਿਆਲਾ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਗਰਮੀ ਦੇ ਮੌਸਮ ਦੌਰਾਨ ਚਮੜੀ ਅਤੇ ਵਾਲਾਂ ਦੀ ਸੰਭਾਲ, ਸਵੈ-ਗਰੂਮਿੰਗ ਅਤੇ ਸਿਹਤ ਜਾਗਰੂਕਤਾ ਨਾਲ ਜੁੜੇ ਵਿਸ਼ੇਸ਼ ਸੈਸ਼ਨ ਅਤੇ ਗਤੀਵਿਧੀਆਂ ਆਯੋਜਿਤ ਕੀਤੀਆਂ ਜਾਣਗੀਆਂ। ਵਰਕਸ਼ਾਪ ਦੌਰਾਨ ਗਰਮੀ ਦੇ ਮੌਸਮ ਵਿੱਚ ਚਮੜੀ ਦੀ ਦੇਖਭਾਲ, ਵਾਲਾਂ ਦੀ ਸਫਾਈ, ਪ੍ਰੋਫੈਸ਼ਨਲ ਮੇਕਅੱਪ ਰੁਝਾਨ, ਸੈਲੂਨ ਪ੍ਰਬੰਧਨ, ਨਿੱਜੀ ਗਰੂਮਿੰਗ ਅਤੇ ਬਿਊਟੀ ਇੰਡਸਟਰੀ ਦੇ ਨਵੇਂ ਰੁਝਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਭਾਗੀਦਾਰਾਂ ਨੇ ਲਾਈਵ ਡੈਮੋਨਸਟ੍ਰੇਸ਼ਨ, ਮਾਹਿਰਾਂ ਨਾਲ ਗੱਲਬਾਤ ਅਤੇ ਪ੍ਰੋਫੈਸ਼ਨਲ ਸੁਝਾਵਾਂ ਰਾਹੀਂ ਆਧੁਨਿਕ ਤਕਨੀਕਾਂ ਅਤੇ ਨਵੇਂ ਰੁਝਾਨਾਂ ਨੂੰ ਨੇੜੇ ਤੋਂ ਸਮਝਿਆ। ਰਿਚਾ ਅਗਰਵਾਲ ਨੇ ਕਿਹਾ, ਬਿਊਟੀ ਅਤੇ ਵੈੱਲਨੈੱਸ ਅੱਜ ਸਿਰਫ ਇੱਕ ਇੰਡਸਟਰੀ ਨਹੀਂ ਰਹੀ, ਸਗੋਂ ਇਹ ਜੀਵਨ ਸ਼ੈਲੀ ਅਤੇ ਆਤਮ-ਵਿਸ਼ਵਾਸ ਦਾ ਮਹੱਤਵਪੂਰਨ ਹਿੱਸਾ ਬਣ ਚੁੱਕੀ ਹੈ। ਸਾਡਾ ਮਕਸਦ ਨੌਜਵਾਨਾਂ ਨੂੰ ਸਹੀ ਗਰੂਮਿੰਗ, ਸਫਾਈ ਅਤੇ ਪ੍ਰੋਫੈਸ਼ਨਲ ਹੁਨਰਾਂ ਪ੍ਰਤੀ ਜਾਗਰੂਕ ਕਰਨਾ ਹੈ। ਅਰਪਿਤਾ ਦਾਸ ਨੇ ਕਿਹਾ, ਅੱਜ ਦੀ ਨੌਜਵਾਨ ਪੀੜ੍ਹੀ ਬਿਊਟੀ ਅਤੇ ਵੈੱਲਨੈੱਸ ਪ੍ਰਤੀ ਕਾਫੀ ਜਾਗਰੂਕ ਹੈ। ਸਹੀ ਜਾਣਕਾਰੀ, ਪ੍ਰੋਫੈਸ਼ਨਲ ਟ੍ਰੇਨਿੰਗ ਅਤੇ ਸਵੈ-ਸੰਭਾਲ ਹਰ ਵਿਅਕਤੀ ਦੀ ਸ਼ਖਸੀਅਤ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਰੋਬਿਨ ਗੁਪਤਾ ਨੇ ਕਿਹਾ, ਮੌਜੂਦਾ ਸਮੇਂ ਵਿੱਚ ਪ੍ਰੋਫੈਸ਼ਨਲ ਹੁਨਰਾਂ ਦੇ ਨਾਲ ਡਿਜ਼ੀਟਲ ਜਾਗਰੂਕਤਾ ਅਤੇ ਸੰਚਾਰ ਕੌਸ਼ਲ ਵੀ ਬਹੁਤ ਜ਼ਰੂਰੀ ਹੋ ਗਏ ਹਨ। ਇਸ ਤਰ੍ਹਾਂ ਦੇ ਸਮਾਗਮ ਨੌਜਵਾਨਾਂ ਨੂੰ ਨਵੀਂ ਸੋਚ ਅਤੇ ਆਧੁਨਿਕ ਇੰਡਸਟਰੀ ਐਕਸਪੋਜ਼ਰ ਪ੍ਰਦਾਨ ਕਰਦੇ ਹਨ।

ਸਮਾਗਮ ਦੌਰਾਨ ਭਾਗੀਦਾਰਾਂ ਨੂੰ ਮਾਹਿਰਾਂ ਨਾਲ ਸਿੱਧੀ ਗੱਲਬਾਤ ਕਰਨ, ਨਵੇਂ ਬਿਊਟੀ ਰੁਝਾਨਾਂ ਨੂੰ ਸਮਝਣ ਅਤੇ ਬਿਊਟੀ ਐਂਡ ਵੈੱਲਨੈੱਸ ਇੰਡਸਟਰੀ ਦੇ ਆਧੁਨਿਕ ਪ੍ਰੋਫੈਸ਼ਨਲ ਮਾਪਦੰਡਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ।

# ਅਮਰੀਕਾ ਦੇ ਸਾਬਕਾ ਅਧਿਕਾਰੀ ਦੇ ਘਰੋਂ 303 ਸੋਨੇ ਦੀਆਂ ਇੱਟਾਂ ਬਰਾਮਦ, ਕੀਮਤ 340 ਕਰੋੜ ਰੁਪਏ ਤੋਂ ਵੱਧ

ਨਿਊਯਾਰਕ, 29 ਮਈ (ਚ.ਨ.ਸ.) : ਅਮਰੀਕੀ ਐਫਬੀਆਈ



ਨੇ ਸੀਆਈਏ ਦੇ ਸਾਬਕਾ ਸੀਨੀਅਰ ਅਧਿਕਾਰੀ ਡੇਵਿਡ ਰਸ਼ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸਦੇ ਵਰਜੀਨੀਆ ਸਥਿਤ ਘਰ ਤੋਂ 40 ਮਿਲੀਅਨ ਡਾਲਰ (ਲਗਪਗ 340 ਕਰੋੜ ਰੁਪਏ) ਤੋਂ ਵੱਧ ਮੁੱਲ ਦੀਆਂ 303 ਸੋਨੇ ਦੀਆਂ ਇੱਟਾਂ ਬਰਾਮਦ ਕੀਤੀਆਂ ਗਈਆਂ ਹਨ। ਲਗਪਗ 2 ਮਿਲੀਅਨ ਡਾਲਰ ਦੀ ਨਕਦੀ ਅਤੇ 35 ਲਗਜ਼ਰੀ ਘੜੀਆਂ, ਜਿਨ੍ਹਾਂ ਵਿੱਚ ਕਈ ਰੋਲੈਕਸ ਵੀ ਸ਼ਾਮਲ ਹਨ, ਵੀ ਜ਼ਬਤ ਕੀਤੀਆਂ ਗਈਆਂ ਹਨ।ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਰਸ਼ ਨੂੰ ਪਿਛਲੇ ਸਾਲ ਕਾਰਜਸ਼ੀਲ ਖਰਚਿਆਂ ਦੀ ਆੜ ਵਿੱਚ ਅਮਰੀਕੀ ਸਰਕਾਰ ਤੋਂ ਵੱਡੀ ਮਾਤਰਾ ਵਿੱਚ ਵਿਦੇਸ਼ੀ ਮੁਦਰਾ ਅਤੇ ਸੋਨੇ ਦੀਆਂ ਬਾਰਾਂ ਪ੍ਰਾਪਤ ਹੋਈਆਂ ਸਨ। ਹਾਲਾਂਕਿ, ਬਾਅਦ ਵਿੱਚ ਹੋਈ ਅੰਦਰੂਨੀ ਸੀਆਈਏ ਜਾਂਚ ਵਿੱਚ ਇਹਨਾਂ ਸੋਨੇ ਦੀਆਂ ਬਾਰਾਂ ਅਤੇ ਵਿਦੇਸ਼ੀ ਮੁਦਰਾ ਦਾ ਕੋਈ ਰਿਕਾਰਡ ਨਹੀਂ ਮਿਲਿਆ।ਨਿਊਯਾਰਕ ਟਾਈਮਜ਼ ਨੇ ਰਿਪੋਰਟ ਦਿੱਤੀ ਹੈ ਕਿ ਡੇਵਿਡ ਰਸ਼ ਹਾਲ ਹੀ ਤੱਕ ਸੀਆਈਏ ਵਿੱਚ ਇੱਕ ਸੀਨੀਅਰ ਅਹੁਦੇ ’ਤੇ ਸਨ। ਐਫਬੀਆਈ ਨੇ ਕਿਹਾ ਕਿ ਸੀਆਈਏ ਦੇ ਡਾਇਰੈਕਟਰ ਜੌਨ ਰੈਟਕਲਿਫ ਨੇ ਇੱਕ ਅੰਦਰੂਨੀ ਜਾਂਚ ਵਿੱਚ ਕਾਨੂੰਨ ਦੀਆਂ ਸੰਭਾਵੀ ਉਲੰਘਣਾਵਾਂ ਦਾ ਖੁਲਾਸਾ ਹੋਣ ਤੋਂ ਬਾਅਦ ਮਾਮਲਾ ਏਜੰਸੀ ਨੂੰ ਭੇਜਿਆ ਸੀ।ਜਾਂਚ ਵਿੱਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਰਸ਼ ਨੇ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਆਪਣੀ ਸਿੱਖਿਆ ਅਤੇ ਫੌਜੀ ਸੇਵਾ ਬਾਰੇ ਗਲਤ ਜਾਣਕਾਰੀ ਦਿੱਤੀ। ਉਸ ’ਤੇ ਫੌਜੀ ਛੁੱਟੀ ਲੈ ਕੇ ਧੋਖਾਧੜੀ ਨਾਲ ਹਜ਼ਾਰਾਂ ਡਾਲਰ ਤਨਖਾਹ ਪ੍ਰਾਪਤ ਕਰਨ ਦਾ ਵੀ ਦੋਸ਼ ਹੈ।ਐਫਬੀਆਈ ਨੇ 18 ਮਈ ਨੂੰ ਵਰਜੀਨੀਆ ਵਿੱਚ ਉਸਦੇ ਘਰ ’ਤੇ ਛਾਪਾ ਮਾਰਿਆ ਅਤੇ 303 ਸੋਨੇ ਦੀਆਂ ਇੱਟਾਂ ਬਰਾਮਦ ਕੀਤੀਆਂ, ਹਰੇਕ ਦਾ ਭਾਰ ਲਗਪਗ ਇੱਕ ਕਿਲੋਗ੍ਰਾਮ ਸੀ। ਏਜੰਸੀ ਦਾ ਕਹਿਣਾ ਹੈ ਕਿ ਮੌਜੂਦਾ ਬਾਜ਼ਾਰ ਕੀਮਤਾਂ ’ਤੇ ਇਨ੍ਹਾਂ ਦੀ ਕੀਮਤ 40 ਮਿਲੀਅਨ ਤੋਂ ਵੱਧ ਹੈ।

## ਜਨਮ ਦਿਨ ਮੁਬਾਰਕ



ਮਨਾਇਬ ਕੌਰ

# ਫੈਕਟਰੀਆਂ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਨ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਸਖ਼ਤ

ਸਾਹਨੇਵਾਲ, ਕੁਹਾੜਾ, 29 ਮਈ (ਕੁਲਦੀਪ ਸਿੰਘ ਕੁਹਾੜਾ): ਸਾਹਨੇਵਾਲ ਦੇ ਨਾਲ ਲੱਗਦੇ ਪਿੰਡਾਂ ਵਿੱਚ ਉਦਯੋਗਿਕ ਇਲਾਕਿਆਂ ਵਿੱਚ ਚੱਲ ਰਹੀਆਂ ਫੈਕਟਰੀਆਂ ਵੱਲੋਂ ਕੈਮੀਕਲ ਯੁਕਤ ਗੰਦੇ ਪਾਣੀ ਪਲਾਟਾਂ ਵਿੱਚ ਸੁੱਟ ਕੇ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਦੇ ਮਾਮਲੇ ਨੂੰ ਪੰਜਾਬ ਰਾਜ ਅਤੇ ਚੰਡੀਗੜ੍ਹ ਯੂ.ਟੀ. ਮਨੁੱਖੀ ਅਧਿਕਾਰ ਕਮਿਸ਼ਨ ਨੇ ਗੰਭੀਰਤਾ ਨਾਲ ਲਿਆ ਹੈ।ਮਨੁੱਖੀ ਅਧਿਕਾਰ ਕਮਿਸ਼ਨ ਨੇ ਸ਼ਿਕਾਇਤ ਨੰਬਰ 8389/10/2026 ਦੀ ਸੁਣਵਾਈ ਕਰਦਿਆਂ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਵਾਤਾਵਰਨ ਇੰਜੀਨੀਅਰ, ਲੁਧਿਆਣਾ ਨੂੰ ਇੱਕ ਹਫ਼ਤੇ ਅੰਦਰ ਵਿਸਥਾਰਪੂਰਵਕ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।ਕਮਿਸ਼ਨ ਦੇ ਆਰਡਰ ਵਿੱਚ ਦਰਜ ਹੈ ਕਿ ਕਈ ਯੂਨਿਟ ਗੈਰਕਾਨੂੰਨੀ ਢੰਗ ਨਾਲ ਜ਼ਹਿਰੀਲਾ ਗੰਦਾ ਪਾਣੀ ਜ਼ਮੀਨਾਂ ਵਿੱਚ ਸੁੱਟ ਰਹੇ ਹਨ, ਜਿਸ ਕਾਰਨ ਭੂਗਰਭ ਪਾਣੀ ਅਤੇ ਹਵਾ ਪ੍ਰਦੂਸ਼ਿਤ ਹੋ ਰਹੀ ਹੈ। ਇਲਾਕਾ ਵਾਸੀਆਂ ਵੱਲੋਂ ਇਸ ਪ੍ਰਦੂਸ਼ਨ ਕਾਰਨ ਗੰਭੀਰ ਬਿਮਾਰੀਆਂ ਫੈਲਣ ਦਾ ਵੀ ਖ਼ਦਸ਼ਾ ਜ਼ਾਹਰ ਕੀਤਾ ਗਿਆ ਹੈ।ਕਮਿਸ਼ਨ ਨੇ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਨੂੰ ਨਿਰਦੇਸ਼ ਦਿੱਤੇ ਹਨ ਕਿ ਮਾਮਲੇ ਦੀ ਤੁਰੰਤ ਜਾਂਚ ਕਰਕੇ ਪਾਣੀ ਅਤੇ ਹਵਾ ਦੀ ਗੁਣਵੱਤਾ ਬਾਰੇ ਵਿਗਿਆਨਕ ਅਧਿਐਨ ਕਰਵਾਇਆ ਜਾਵੇ ਅਤੇ ਦੋਸ਼ੀ ਉਦਯੋਗਿਕ ਇਕਾਈਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।ਸੂਤਰਾਂ ਅਨੁਸਾਰ ਕਮਿਸ਼ਨ ਦੇ ਇਸ ਸਖ਼ਤ ਰੁਖ ਤੋਂ ਬਾਅਦ ਪ੍ਰਦੂਸ਼ਨ ਫੈਲਾਉਣ ਵਾਲੀਆਂ ਇਕਾਈਆਂ ਵਿੱਚ ਹੜਕੰਪ ਮਚ ਗਿਆ ਹੈ। ਇਲਾਕਾ ਵਾਸੀਆਂ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਸਮੇਂ ਸਿਰ ਕਾਰਵਾਈ ਨਾ ਕੀਤੀ ਤਾਂ ਮਾਮਲਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਹਾਈ ਕੋਰਟ ਤੱਕ ਵੀ ਲਿਜਾਇਆ ਜਾਵੇਗਾ।ਸਮਾਜਿਕ ਸੰਸਥਾਵਾਂ ਅਤੇ ਵਾਤਾਵਰਣ ਪ੍ਰੇਮੀਆਂ ਨੇ ਕਮਿਸ਼ਨ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਉਦਯੋਗਿਕ ਪ੍ਰਦੂਸ਼ਨ 'ਤੇ ਨਕੇਲ ਕੱਸਣ ਲਈ ਇਹ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਸਕਦਾ ਹੈ।

# ਮੁਨੀਸ਼ ਤਿਵਾੜੀ ਦੇ ਆਸਟ੍ਰੇਲੀਆ ਦੌਰੇ ਨਾਲ ਦੋਵਾਂ ਦੇਸ਼ਾ ਦੇ ਸੰਬੰਧ ਹੋਰ ਮਜਬੂਤ ਹੋਣਗੇ : ਅਸ਼ਵਨੀ ਬਾਵਾ



ਲੁਧਿਆਣਾ, 29 ਮਈ (ਰਵਿੰਦਰ ਸਿੰਘ ਨਿੱਝਰ): ਕਾਂਗਰਸ ਦੇ ਮੁੱਖ ਬੁਲਾਰੇ, ਚੰਡੀਗੜ੍ਹ ਦੇ ਮੈਂਬਰ ਪਾਰਲੀਮੈਂਟ ਤੇ ਸਾਬਕਾ ਮੰਤਰੀ ਤੇ ਆਸਟ੍ਰੇਲੀਆ ਇੰਡੀਆ ਪਾਰਲੀਮੈਂਟਰੀ ਬੋਰਡ ਦੇ ਚੇਅਰਮੈਨ ਮੁਨੀਸ਼ ਤਿਵਾੜੀ ਦੇ ਆਸਟ੍ਰੇਲੀਆ ਆਉਣ ਨਾਲ ਭਾਰਤੀਆਂ ਨੂੰ ਇੱਕ ਵੱਡਾ ਬੱਲ ਮਿਲਿਆ ਹੈ। ਹੁਣ ਉਹ ਪ੍ਰਵਾਸੀ ਭਾਰਤੀਆਂ ਦੇ ਮਸਲੇ ਵੱਡੇ ਪੱਧਰ 'ਤੇ ਪਾਰਲੀਮੈਂਟ ਵਿਚ ਚੱਕ ਸਕਦੇ ਹਨ।ਇਹ ਵਿਚਾਰ ਅਸ਼ਵਨੀ ਬਾਵਾ ਜਨਰਲ ਸਕੱਤਰ ਇੰਡੀਅਨ ਓਵਰਸੀਜ਼ ਕਾਂਗਰਸ ਆਸਟ੍ਰੇਲੀਆ ਨੇ ਮੀਡਿਆ ਨੂੰ ਜਾਣਕਾਰੀ ਦਿੰਦੇ ਹੋਏ ਕਹੇ। ਉਹਨਾਂ ਆਖਿਆ ਕਿ ਸ੍ਰੀ ਤਿਵਾੜੀ ਨਾਲ ਆਸਟ੍ਰੇਲੀਆ ਆਏ ਪੰਜਾਬ ਲਾਰਜ਼ ਇੰਡਸਟਰੀਅਲ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਵੀ ਇਕ ਸਾਦਾ ਅਤੇ ਲੋਕਾਂ ਵਿਚ ਵਿਚਰਣ ਵਾਲੇ ਨੇਤਾ ਹਨ । ਅਸੀਂ ਹੁਣੀ ਬਾਬਾ ਨੇ ਆਖਿਆ ਕਿ ਆਸਟਰੇਲੀਆ ਰਹਿੰਦੇ ਓਵਰਸੀਜ਼ ਕਾਂਗਰਸ ਦੇ ਅਹੁਦੇਦਾਰਾਂ ਦੀ ਮੰਗ ਹੈ ਕਿ ਪਾਰਟੀ ਲਈ ਕਈ ਦਹਾਕਿਆਂ ਤੋਂ ਕੰਮ ਕਰਨ ਵਾਲੇ ਪਵਨ ਦੀਵਾਨ ਨੂੰ ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿੱਚ ਟਿਕਟ ਦੇ ਕੇ ਨਿਵਾਜਿਆ ਜਾਵੇ।ਕਿਉਂਕਿ ਉਹਨਾਂ ਦਾ ਲੋਕਾਂ ਵਿੱਚ ਕਾਫੀ ਆਧਾਰ ਹੈ ਅਤੇ ਉਹ ਆਪਣੀ ਸੀਟ ਆਸਾਨੀ ਨਾਲ ਜਿੱਤ ਕੇ ਪਾਰਟੀ ਦੀ ਝੋਲੀ ਵਿੱਚ ਪਾ ਸਕਦੇ ਹਨ। ਇਸ ਸਮੇਂ ਸ਼੍ਰੀ ਬਾਵਾ ਨਾਲ ਸੁਨੀਲ ਦੱਤ, ਸਨੀ ਦੱਤ, ਵਰੁਣ ਸ਼ਰਮਾ, ਗੁਰਦੀਪ ਸਿੰਘ ਵਾਲੀਆ ਅਤੇ ਰਵਿੰਦਰ ਰਵੀ ਆਸਟ੍ਰੇਲੀਆ ਆਦਿ ਵੀ ਮੌਜੂਦ ਸਨ।

# ਮਾਂ ਬਗਲਾਮੁਖੀ ਦੀ ਕਿਰਪਾ ਨਾਲ ਸਿੱਧ ਹੁੰਦੇ ਹਨ ਭਗਤਾਂ ਦੇ ਸਾਰੇ ਕਾਰਜ : ਮਹੰਤ ਪ੍ਰਵੀਨ



ਲੁਧਿਆਣਾ, 29 ਮਈ (ਕਰਨੈਲ ਸਿੰਘ ਐੱਮ.ਏ.): ਸਿੰਗਲਾ ਇਨਕਲੇਵ ਪੱਖੋਵਾਲ ਰੋਡ ਸਥਿਤ ਸਿੱਧਪੀਠ ਮਾਂ ਬਗਲਾਮੁਖੀ ਧਾਮ ਵਿਖੇ ਸਰਬ ਕਾਰਜ ਸਿੱਧ ਯੱਗ ਦਾ ਆਯੋਜਨ ਮਹੰਤ ਪ੍ਰਵੀਨ ਜੀ ਵੱਲੋਂ ਕੀਤਾ ਗਿਆ। ਯੱਗ ਵਿੱਚ ਹਜ਼ਾਰਾਂ ਦੀ ਸੰਖਿਆ ਵਿੱਚ ਸ਼ਰਧਾਲੂਆਂ ਨੇ ਮੰਤਰ ਉਚਾਰਨ ਕਰਦੇ ਹੋਏ ਆਹੂਤੀਆਂ ਪਾਈਆਂ ਅਤੇ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਪ੍ਰਾਰਥਨਾ ਕੀਤੀ । ਯੱਗ ਦੌਰਾਨ ਐਸ.ਸੀ ਕਮਿਸ਼ਨ ਪੰਜਾਬ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਪ੍ਰਸਿੱਧ ਸਮਾਜ ਸੇਵੀ ਅਨਮੋਲ ਕਵਾਤਰਾ ਨੇ ਨਤਮਸਤਕ ਹੋ ਕੇ ਮਾਂ ਬਗਲਾਮੁਖੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ । ਮਹੰਤ ਪ੍ਰਵੀਨ ਜੀ ਨੇ ਆਏ ਭਗਤਾਂ ਨੂੰ ਵਿਧੀ ਵਿਧਾਨ ਨਾਲ ਕੀਤੇ ਯੱਗ ਅਤੇ ਮੰਤਰਾਂ ਦਾ ਵਿਸ਼ੇਸ਼ ਮਹੱਤਵ ਦੱਸਿਆ । ਉਹਨਾਂ ਨੇ ਕਿਹਾ ਕਿ ਮਾਂ ਬਗਲਾਮੁਖੀ ਦੀ ਕਿਰਪਾ ਨਾਲ ਭਗਤਾਂ ਦੇ ਸਾਰੇ ਕਾਰਜ ਸਿੱਧ ਹੁੰਦੇ ਹਨ ਤੇ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦੂਰ ਹੁੰਦੀਆਂ ਹਨ । ਉਹਨਾਂ ਨੇ ਦੱਸਿਆ ਕਿ ਸ਼ਰਧਾ ਤੇ ਵਿਸ਼ਵਾਸ ਨਾਲ ਯੱਗ ਵਿੱਚ ਅਹੂਤੀ ਪਾਉਣ ਨਾਲ ਵਪਾਰ ਵਿੱਚ ਰੁਕਿਆ ਹੋਇਆ ਧੰਨ ਪ੍ਰਾਪਤ ਹੁੰਦਾ ਹੈ, ਆਰਥਿਕ ਪ੍ਰੇਸ਼ਾਨੀਆਂ ਦੂਰ ਹੁੰਦੀਆਂ ਹਨ, ਘਰ ਪਰਿਵਾਰ ਵਿੱਚ ਸੁੱਖ-ਸ਼ਾਂਤੀ ਤੇ ਸਮ੍ਰਿਧੀ ਆਉਂਦੀ ਹੈ । ਧਾਮ ਦੇ ਸੇਵਕਾਂ ਨੇ ਮਾਂ ਬਗਲਾਮੁਖੀ ਨੂੰ ਭੋਗ ਲਵਾ ਕੇ ਪ੍ਰਸ਼ਾਦ ਵੰਡਿਆ । ਇਸ ਮੌਕੇ ਤੇ ਮਨਪ੍ਰੀਤ ਸਿੰਘ ਛਤਵਾਲ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਸੁਧੀਰ ਮਹਾਜਨ, ਗੌਰਵ ਕਾਲੀਆ, ਸੁਨੀਲ ਹਾਂਡਾ, ਜਤਿਨ ਸੂਦ, ਸੰਦੀਪ ਸੂਦ, ਤਰੁਣ ਚੌਧਰੀ, ਪਰਮਵੀਰ ਚੌਧਰੀ, ਨਰਿੰਦਰ ਸਿੰਗਲਾ, ਇਕਬਾਲ ਸਿੰਘ, ਬਲਜੀਤ ਤ੍ਰਿਖਾ, ਗੌਤਮ ਸਚਦੇਵਾ, ਨਰਿੰਦਰ ਮਹਾਜਨ, ਅੰਕੁਸ਼ ਸਿੰਗਲਾ, ਚੇਤਨ ਟੰਡਨ, ਸਾਹਿਲ ਸਿੰਗਲਾ, ਰਾਜ ਸੋਲੰਕੀ, ਪੰਕਜ ਗੁਪਤਾ, ਦੀਪਕ ਗਰਗ, ਦਿਨੇਸ਼ ਰੱਲੀ, ਵਰੁਣ ਜੈਨ, ਮਨੀਸ਼ ਗੁਪਤਾ, ਵਿਜੇ ਗੁਪਤਾ, ਪ੍ਰਵੇਸ਼ ਚੱਡਾ, ਰਮਨ ਸ਼ਰਮਾ, ਅਦਿਤਿਆ ਗੁਪਤਾ, ਵਰੁਣ ਚੋਪੜਾ, ਤੁਸ਼ਾਰ ਬਾਂਸਲ, ਧੀਰਜ ਗੁਪਤਾ, ਜਨਕ ਰਾਜ ਸਿੰਗਲਾ, ਬੋਬੀ ਮੱਕੜ, ਨਿਤੇਸ਼ ਸੂਦ, ਰਾਕੇਸ਼ ਪਾਸੀ, ਗੁਨੀਤ ਖਹਿਰਾ, ਅਜੇ ਜੈਨ, ਰਵਿੰਦਰ ਸਿੰਘ ਵਾਲੀਆ, ਤੇਜਿੰਦਰ ਮਿਗਲਾਨੀ, ਵਰੁਣ ਦੱਤ, ਭੂਪਿੰਦਰ ਸਿੰਘ, ਵੇਦ ਲੂਥਰਾ, ਵਰੁਣ ਸ਼ਰਮਾ, ਪਵਨ ਪਾਰਿਕ, ਅਨੁਜ ਵਧਵਾ, ਆਸੂਤੋਸ਼ ਗੁਪਤਾ, ਪ੍ਰਦੀਪ ਟਾਟਾ, ਆਰੀਅਨ ਚੱਡਾ ਸਹਿਤ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਸਨ

# ਸਰਕਾਰੀ ਬਹੁਤਕਨੀਕੀ ਕਾਲਜ 'ਚ ਦਾਖਲੇ ਲਈ ਹੈਲਪ ਡੈਸਕ ਸਥਾਪਿਤ

ਲੁਧਿਆਣਾ, 29 ਮਈ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਰਿਸ਼ੀ ਨਗਰ, ਨੇੜੇ ਛੋਟੀ ਹੈਬੋਵਾਲ ਸਥਿਤ ਸਤਿਗੁਰੂ ਰਾਮ ਸਿੰਘ (ਐਸ.ਆਰ.ਐਸ.) ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ, ਚੰਡੀਗੜ੍ਹ ਰਾਹੀਂ ਕੀਤੇ ਜਾ ਰਹੇ ਦਾਖਲੇ ਲਈ ਸੰਸਥਾ ਵਿਖੇ ਹੈਲਪ ਡੈਸਕ ਸਥਾਪਿਤ ਕੀਤਾ ਗਿਆ ਹੈ। ਇਸ ਹੈਲਪ ਡੈਸਕ 'ਤੇ ਤਕਨੀਕੀ ਸਿੱਖਿਆ ਹਾਸਲ ਕਰਨ ਦੇ ਚਾਹਵਾਨ ਵਿਦਿਆਰਥੀ ਬਿਨ੍ਹਾਂ ਕਿਸੇ ਵਾਧੂ ਫੀਸ ਦੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਡੀ.ਸੀ ਨੇ ਦੱਸਿਆ ਕਿ ਦਸਵੀਂ ਪਾਸ ਕਰ ਚੁੱਕੇ ਵਿਦਿਆਰਥੀ ਇੰਜਨੀਅਰਿੰਗ ਡਿਪਲੋਮੇ ਦੇ ਪਹਿਲੇ ਸਾਲ ਵਿੱਚ ਦਾਖਲਾ ਲੈ ਸਕਦੇ ਹਨ, ਜਦਕਿ ਆਈ.ਟੀ.ਆਈ.(ਦੋ ਸਾਲ), ਬਾਰ੍ਹਵੀਂ (ਵੋਕੇਸ਼ਨਲ), ਬਾਰ੍ਹਵੀਂ (ਸਾਇੰਸ) ਪਾਸ ਕਰ ਚੁੱਕੇ ਵਿਦਿਆਰਥੀ ਸਿੱਧਾ ਹੀ ਦੂਜੇ ਸਾਲ ਵਿੱਚ ਦਾਖਲੇ ਲੈ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰੀ ਬਹੁਤਕਨੀਕੀ ਕਾਲਜ ਲੁਧਿਆਣਾ ਜੋ ਕਿ ਛੋਟੀ ਹੈਬੋਵਾਲ (ਰਿਸ਼ੀ ਨਗਰ) ਵਿੱਚ ਸਥਿਤ ਹੈ, ਵਿੱਚ 07 ਡਿਪਲੋਮਾ ਕੋਰਸਾ (ਕੰਪਿਊਟਰ ਸਾਇੰਸ ਐਂਡ ਇੰਜਨੀਅਰਿੰਗ, ਇੰਨਫਰਮੇਸ਼ਨ ਟੈਕਨੌਲਜੀ, ਇਲੈਕਟ੍ਰੀਕਲ ਇੰਜਨੀਅਰਿੰਗ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ, ਫੈਸ਼ਨ ਡਿਜ਼ਾਇਨਿੰਗ, ਗਾਰਮੈਂਟ ਮੈਨੂਫੈਕਚਰਿੰਗ ਅਤੇ ਮਾਡਰਨ ਆਫਿਸ ਪ੍ਰੈਕਟਿਸ) ਚੱਲ ਰਹੇ ਹਨ। ਉਹਨਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਕਾਲਜ ਵਿੱਚ ਪੰਜਾਬ/ਭਾਰਤ ਸਰਕਾਰ ਦੁਆਰਾ ਚਲਾਈ ਡਾ.ਅੰਬੇਦਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਅਨੁਸੂਚਿਤ ਜਾਤੀ ਨਾਲ ਸਬੰਧਿਤ ਵਿਦਿਆਰਥੀਆਂ ਲਈ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ, ਫੀਸ ਕੇਵਲ 1133/- ਰੁਪਏ ਹੈ ਅਤੇ ਬਾਕੀ ਵਰਗ ਦੇ ਵਿਦਿਆਰਥੀਆਂ ਦੀ ਫੀਸ ਮੁੱਖ ਮੰਤਰੀ ਵਜ਼ੀਫਾ ਸਕੀਮ ਅਧੀਨ ਮੁਢੱਲੀ ਯੋਗਤਾ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ 'ਤੇ ਫੀਸ ਵਿੱਚ ਲਾਭ ਦਿੱਤਾ ਜਾਂਦਾ ਹੈ। ਕਾਲਜ ਪ੍ਰਿੰਸੀਪਲ ਵੱਲੋਂ ਜ਼ਿਲ੍ਹਾ ਲੁਧਿਆਣਾ ਅਤੇ ਆਲੇ - ਦੁਆਲੇ ਦੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਲਜ ਵਿਖੇ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾਉਣ ਦੇ ਨਾਲ ਕੋਰਸ ਅਤੇ ਹੋਰ ਵਡਮੁੱਲੀ ਜਾਣਕਾਰੀ ਪ੍ਰਾਪਤ ਕਰਨ ਤਾਂ ਜੋ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾ ਸਕੇ।

## ਪਦਮ ਸ਼੍ਰੀ ਬਲਦੇਵ ਸਿੰਘ ਦਾ ਲੁਧਿਆਣਾ ਵਿਖੇ ਹੋਇਆ ਵਿਸ਼ੇਸ਼ ਸਨਮਾਨ

# ਜ਼ਿੰਦਗੀ ਦਾ ਰਹਿੰਦਾ ਵਕਤ ਵੀ ਹਾਕੀ ਨੂੰ ਸਮਰਪਿਤ ਹੋਵੇਗਾ: ਬਲਦੇਵ ਸਿੰਘ



ਲੁਧਿਆਣਾ, 29 ਮਈ (ਕਰਨੈਲ ਸਿੰਘ ਐੱਮ.ਏ.): ਦਰੋਣਾਚਾਰੀਆ ਐਵਾਰਡ ਜੇਤੂ ਕੋਚ ਬਲਦੇਵ ਸਿੰਘ ਜਿਹਨਾਂ ਨੂੰ ਭਾਰਤ ਸਰਕਾਰ ਨੇ ਹੁਣੇ-ਹੁਣੇ ਪਦਮ ਸ਼੍ਰੀ ਐਵਾਰਡ ਨਾਲ ਨਿਵਾਜਿਆ ਹੈ, ਬਲਦੇਵ ਸਿੰਘ ਦਾ ਅੱਜ ਲੁਧਿਆਣਾ ਪੁੱਜਣ 'ਤੇ ਖੇਡ ਸੰਸਥਾ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਪ੍ਰਧਾਨ ਅਮਰੀਕ ਸਿੰਘ ਮਿਨਹਾਸ ਅਤੇ ਜਨਰਲ ਸਕੱਤਰ ਜਗਰੂਪ ਸਿੰਘ ਜਰਖੜ ਨੇ ਪਦਮ ਸ਼੍ਰੀ ਬਲਦੇਵ ਸਿੰਘ ਨੂੰ ਜੀ ਆਇਆਂ ਆਖਿਆ ਅਤੇ ਦੱਸਿਆ ਕਿ ਸ੍ਰ: ਬਲਦੇਵ ਸਿੰਘ ਨੇ ਆਪਨੀ ਸਾਰੀ ਜ਼ਿੰਦਗੀ ਕੌਮੀ ਖੇਡ ਹਾਕੀ ਪ੍ਰਤੀ ਸਮਰਪਿਤ ਕੀਤੀ ਹੈ। ਉਹਨਾਂ ਨੇ ਆਪਣੇ ਖੇਡ ਕੈਰੀਅਰ ਦੇ ਨਾਲ ਜਿੱਥੇ ਇੰਡੀਆ ਹਾਕੀ ਟੀਮ ਨੂੰ 8 ਕਪਤਾਨ ਦਿੱਤੇ ਉੱਥੇ 100 ਤੋਂ ਵੱਧ ਅੰਤਰਰਾਸ਼ਟਰੀ ਅਤੇ ਓਲੰਪੀਅਨ ਪੱਧਰ ਦੇ ਖਿਡਾਰੀ ਪੈਦਾ ਕਰਕੇ ਦਿੱਤੇ ਹਨ। ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਜੋ ਕੁੜੀਆਂ ਦੀ ਹਾਕੀ ਦੀ ਰਾਜਧਾਨੀ ਬਣਿਆ, ਨਾਮਧਾਰੀ ਅਕੈਡਮੀ ਅਤੇ ਜਰਖੜ ਅਕੈਡਮੀ ਪ੍ਰਤੀ ਉਹਨਾਂ ਨੇ ਆਪਣੀਆਂ ਵਧੀਆ ਸੇਵਾਵਾਂ ਦਿੱਤੀਆਂ।ਉਹਨਾਂ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਭਾਰਤ ਸਰਕਾਰ ਨੇ ਪਹਿਲਾਂ ਦਰੋਣਾਚਾਰੀਆ ਐਵਾਰਡ ਦੇ ਕੇ ਨਿਵਾਜਿਆ, ਹੁਣ ਪਦਮ ਸ਼੍ਰੀ ਐਵਾਰਡ ਦਿੱਤਾ। ਇਸ ਨਾਲ ਹੀ ਬਲਦੇਵ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਪਹਿਲੇ ਸੀਨੀਅਰ ਸਿਟੀਜਨ ਹਨ ਜਿਨ੍ਹਾਂ ਨੂੰ ਦੋ ਵੱਡੇ ਖਿਤਾਬ ਮਿਲੇ ਹੋਣ। ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਪਦਮ ਸ਼੍ਰੀ ਬਲਦੇਵ ਸਿੰਘ ਦੀਆਂ ਹਾਕੀ ਖੇਡ ਪ੍ਰਤੀ ਸੇਵਾਵਾਂ ਦਾ ਲਾਹਾ ਲੈਣਾ ਚਾਹੀਦਾ ਹੈ ਅਤੇ ਉਹਨਾਂ ਦੇ ਨਾਂ 'ਤੇ ਇੱਕ ਅਕੈਡਮੀ ਦਾ ਗਠਨ ਕਰਨਾ ਚਾਹੀਦਾ ਹੈ । ਇਸ ਵਕਤ ਜਗਰੂਪ ਸਿੰਘ ਜਰਖੜ ਨੇ ਆਖਿਆ ਕਿ ਬਲਦੇਵ ਸਿੰਘ ਦੇ ਨਾਮ ਤੇ ਜਰਖੜ ਵਿਖੇ ਹਾਕੀ ਕੋਰਟ ਬਣਾਇਆ ਜਾਵੇਗਾ। ਸ੍ਰ: ਜੇ.ਪੀ ਸਿੰਘ ਨੇ ਆਖਿਆ ਜੇਕਰ ਬਲਦੇਵ ਸਿੰਘ ਦੇ ਨਾਂ 'ਤੇ ਸਰਕਾਰ ਅਕੈਡਮੀ ਦਾ ਗਠਨ ਕਰਦੀ ਹੈ ਤਾਂ ਇੱਕ ਲੱਖ ਰੁਪਏ ਆਪਣੇ ਗਰੁੱਪ ਰਾਮ ਟੈਕਸਟਾਈਲ ਵੱਲੋਂ ਪ੍ਰਤੀ ਮਹੀਨਾ ਦਿਆ ਕਰਨਗੇ । ਕਰਨਲ ਜੇ.ਐਸ.ਗਿੱਲ ਨੇ ਆਖਿਆ ਕਿ ਪੰਜਾਬ ਸਰਕਾਰ ਸ੍ਰ: ਬਲਦੇਵ ਸਿੰਘ ਨੂੰ ਪੰਜਾਬ ਦੇ ਖੇਡ ਪ੍ਰਮੋਟਰ ਐਵਾਰਡ ਨਾਲ ਸਨਮਾਨਿਤ ਕਰਨਾ ਚਾਹੀਦਾ ਹੈ। ਇਸ ਮੌਕੇ ਪਦਮ ਸ਼੍ਰੀ ਐਵਾਰਡ ਜੇਤੂ ਹਾਕੀ ਕੋਚ ਬਲਦੇਵ ਸਿੰਘ ਨੇ ਆਖਿਆ ਕਿ ਉਹ ਲੁਧਿਆਣਾ ਨਿਵਾਸੀਆਂ ਦੇ ਹਮੇਸ਼ਾਂ ਰਿਣੀ ਰਹਿਣਗੇ, ਜਿਨ੍ਹਾਂ ਨੇ ਉਹਨਾਂ ਨੂੰ ਹਮੇਸ਼ਾਂ ਬਣਦਾ ਮਾਨ ਸਤਿਕਾਰ ਦਿੱਤਾ ਹੈ ਉਹ ਆਪਣੇ ਜ਼ਿੰਦਗੀ ਦਾ ਰਹਿੰਦਾ ਹਿੱਸਾ ਵੀ ਹਾਕੀ ਖੇਡ ਨੂੰ ਲੁਧਿਆਣੇ ਵਿੱਚ ਹੀ ਸਮਰਪਿਤ ਕਰਨਾ ਚਾਹੁੰਦੇ ਹਨ। ਇਸ ਮੌਕੇ ਨਾਮਵਰ ਸ਼ਖ਼ਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਦੋਰਾਹਾ ਨਗਰ ਕੌਂਸਲ ਚੋਣਾਂ : ਇੱਕੋ ਪਰਿਵਾਰ ਦੇ ਤਿੰਨ ਮੈਂਬਰ ਜਿੱਤੇ

ਦੋਰਾਹਾ, 29 ਮਈ (ਸੰਜੀਵ ਲਹਿਲ): ਨਗਰ ਕੌਂਸਲ ਦੋਰਾਹਾ ਦੀਆਂ ਹੋਈਆਂ ਚੋਣਾਂ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 15 ਵਾਰਡਾਂ ਵਿੱਚੋਂ 8 ਵਾਰਡਾਂ 'ਤੇ ਜਿੱਤ ਦਰਜ ਕੀਤੀ ਹੈ। ਪਰ ਇਨ੍ਹਾਂ ਚੋਣਾਂ ਦੀ ਸਭ ਤੋਂ ਵੱਡੀ ਅਤੇ ਚਰਚਿਤ ਗੱਲ ਇਹ ਰਹੀ ਕਿ ਦੋਰਾਹਾ ਦੇ ਸਾਬਕਾ ਨਗਰ ਕੌਂਸਲ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਦਰਸ਼ਨ ਕੁਮਾਰ ਪੱਪੂ ਦੇ ਪਰਿਵਾਰ ਦੇ ਤਿੰਨ ਮੈਂਬਰ ਇਕੱਠੇ ਚੋਣ ਜਿੱਤਣ ਵਿੱਚ ਕਾਮਯਾਬ ਰਹੇ।ਸੁਦਰਸ਼ਨ ਕੁਮਾਰ ਪੱਪੂ ਨੇ ਵਾਰਡ ਨੰਬਰ 8 ਤੋਂ 512 ਵੋਟਾਂ ਹਾਸਲ ਕਰਕੇ ਕਾਂਗਰਸ ਦੇ ਮਨਦੀਪ ਸਿੰਘ ਮੰਗਟ ਨੂੰ 211 ਵੋਟਾਂ ਦੇ ਵੱਡੇ ਅੰਤਰ ਨਾਲ ਹਰਾਇਆ। ਇਸੇ ਤਰ੍ਹਾਂ ਉਹਨਾਂ ਦੀ ਪਤਨੀ ਪ੍ਰਿਆ ਸ਼ਰਮਾ ਨੇ ਵਾਰਡ ਨੰਬਰ 5 ਤੋਂ 417 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਦੀ ਸਰੋਜ ਰਾਣੀ ਨੂੰ 47 ਵੋਟਾਂ ਨਾਲ ਮਾਤ ਦਿੱਤੀ, ਜਦਕਿ ਉਹਨਾਂ ਦੇ ਸਪੁੱਤਰ ਅਨਮੋਲ ਸ਼ਰਮਾ ਨੇ ਵਾਰਡ ਨੰਬਰ 6 ਤੋਂ 451 ਵੋਟਾਂ ਲੈ ਕੇ ਕਾਂਗਰਸ ਦੇ ਪ੍ਰਦੀਪ ਬਾਂਸਲ ਨੂੰ 113 ਵੋਟਾਂ ਨਾਲ ਹਰਾਇਆ।ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਇਕੱਠੀ ਜਿੱਤ ਨੂੰ ਦੋਰਾਹਾ ਹੀ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਇਸਨੂੰ ਸਥਾਨਕ ਰਾਜਨੀਤੀ ਵਿੱਚ ਇੱਕ ਨਵੇਂ ਰਿਕਾਰਡ ਵਜੋਂ ਵੀ ਦੇਖਿਆ ਜਾ ਰਿਹਾ ਹੈ।ਦੋਰਾਹਾ ਦੇ ਹੋਰ ਨਤੀਜਿਆਂ ਅਨੁਸਾਰ ਵਾਰਡ ਨੰਬਰ 1 ਤੋਂ ਕਾਂਗਰਸ ਦੀ ਤਮੰਨਾ ਮਲਹੋਤਰਾ 81 ਵੋਟਾਂ ਨਾਲ ਜੇਤੂ ਰਹੀ। ਵਾਰਡ ਨੰਬਰ 2 ਤੋਂ ਆਪ ਦੇ ਰਾਹੁਲ ਬੈਕਟਰ ਨੇ 27 ਵੋਟਾਂ ਨਾਲ ਜਿੱਤ ਹਾਸਲ ਕੀਤੀ। ਵਾਰਡ ਨੰਬਰ 3 ਤੋਂ ਆਪ ਦੀ ਪੂਜਾ 232 ਵੋਟਾਂ ਦੇ ਵੱਡੇ ਫਰਕ ਨਾਲ ਜੇਤੂ ਰਹੀ। ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਅਮਰਿਕ ਚੰਦ ਨੇ 118 ਵੋਟਾਂ ਨਾਲ ਜਿੱਤ ਦਰਜ ਕੀਤੀ।ਵਾਰਡ ਨੰਬਰ 7 ਤੋਂ ਕਾਂਗਰਸ ਦੀ ਰਣਜੀਤ ਕੌਰ ਨੇ 462 ਵੋਟਾਂ ਦੇ ਵੱਡੇ ਅੰਤਰ ਨਾਲ ਜਿੱਤ ਪ੍ਰਾਪਤ ਕੀਤੀ। ਵਾਰਡ ਨੰਬਰ 9 ਤੋਂ ਆਜ਼ਾਦ ਉਮੀਦਵਾਰ ਪੰਕਜ ਗੌਤਮ 47 ਵੋਟਾਂ ਨਾਲ ਜੇਤੂ ਰਹੇ। ਵਾਰਡ ਨੰਬਰ 10 ਤੋਂ ਆਪ ਦੇ ਕਨਵਲਜੀਤ ਸਿੰਘ ਬਿੱਟੂ ਨੇ 15 ਵੋਟਾਂ ਨਾਲ ਜਿੱਤ ਦਰਜ ਕੀਤੀ। ਵਾਰਡ ਨੰਬਰ 11 ਤੋਂ ਕਾਂਗਰਸ ਦੇ ਕੁਲਵੰਤ ਸਿੰਘ 221 ਵੋਟਾਂ ਨਾਲ ਜੇਤੂ ਰਹੇ।ਇਸੇ ਤਰ੍ਹਾਂ ਵਾਰਡ ਨੰਬਰ 12 ਤੋਂ ਆਪ ਦੀ ਜਸਵੰਤ ਕੌਰ 164 ਵੋਟਾਂ ਨਾਲ, ਵਾਰਡ ਨੰਬਰ 13 ਤੋਂ ਕਾਂਗਰਸ ਦੇ ਇੰਦਰਜੀਤ ਸਿੰਘ 33 ਵੋਟਾਂ ਨਾਲ ਅਤੇ ਵਾਰਡ ਨੰਬਰ 14 ਤੋਂ ਕਾਂਗਰਸ ਦੇ ਰਣਵੀਰ ਸਿੰਘ 45 ਵੋਟਾਂ ਨਾਲ ਜੇਤੂ ਰਹੇ। ਵਾਰਡ ਨੰਬਰ 15 ਤੋਂ ਆਪ ਦੀ ਹਰਜੀਤ ਕੌਰ ਨੇ ਸਿਰਫ਼ 7 ਵੋਟਾਂ ਦੇ ਕਰੀਬੀ ਮੁਕਾਬਲੇ ਵਿੱਚ ਜਿੱਤ ਹਾਸਲ ਕੀਤੀ।ਦੂਜੇ ਪਾਸੇ ਪਾਇਲ ਤੋਂ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੋਰਾਹਾ ਵਿੱਚ ਆਮ ਆਦਮੀ ਪਾਰਟੀ ਦੀ ਇਸ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਲੋਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਭਲਾਈ ਨੀਤੀਆਂ 'ਤੇ ਲਗਾਈ ਮੋਹਰ ਹੈ। ਉਹਨਾਂ ਸਮੂਹ ਦੋਰਾਹਾ ਵਾਸੀਆਂ ਅਤੇ ਵੋਟਰਾਂ ਦਾ ਧੰਨਵਾਦ ਵੀ ਕੀਤਾ।

# ਸੇਵਾ ਕੇਂਦਰ ਦੇ ਮੁਲਾਜ਼ਮਾਂ ਨੇ ਡੀ.ਸੀ. ਨੂੰ ਸੌਂਪਿਆ ਮੰਗ ਪੱਤਰ




ਲੁਧਿਆਣਾ, 29 ਮਈ (ਵਿਸ਼ਾਲ ਸ਼ਰਮਾ): ਅੱਜ ਲੁਧਿਆਣਾ ਦੇ ਡੀ.ਸੀ ਦਫ਼ਤਰ ਵਿਖੇ ਸੇਵਾ ਕੇਂਦਰ ਦੇ ਮੁਲਾਜ਼ਮਾਂ ਨੇ ਡੀ.ਸੀ ਨੂੰ ਇੱਕ ਮੰਗ ਪੱਤਰ ਸੌਂਪਿਆ ਮੰਗ ਪੱਤਰ ਦੇ ਰਾਹੀਂ ਡੀ.ਸੀ ਹਿਮਾਂਸ਼ੂ ਜੈਨ ਨੂੰ ਮੁਲਾਜ਼ਮਾਂ ਨੇ ਆਪਣੇ ਮਾੜੇ ਹਾਲਾਤਾਂ ਬਾਰੇ ਜਾਣੂੰ ਕਰਵਾਇਆ। ਉਹਨਾਂ ਦਾ ਕਹਿਣਾ ਸੀ ਕਿ ਸੇਵਾ ਕੇਂਦਰ ਦੇ ਮੁਲਾਜ਼ਮਾਂ ਨੂੰ ਪਿਛਲੇ 10 ਸਾਲ ਤੋਂ 10 ਹਜ਼ਾਰ ਰੁਪਏ ਨੀਗੁਨੀਆ ਤਨਖਾਹ 'ਤੇ ਕੰਮ ਕਰਵਾਇਆ ਜਾ ਰਿਹਾ ਹੈ। ਜੋ ਕਿ ਅੱਜ ਦੇ ਸਮੇਂ ਮੁਤਾਬਿਕ ਮਹਿੰਗਾਈ ਨੂੰ ਦੇਖਦੇ ਘਰ ਚਲਾਉਣਾ ਕਾਫੀ ਮੁਸ਼ਕਿਲ ਹੈ। ਯੂਨੀਅਨ ਦੇ ਉੱਚ ਅਧਿਕਾਰੀਆਂ ਦਾ ਕਹਿਣਾ ਸੀ ਕਿ ਠੇਕੇਦਾਰੀ ਸਿਸਟਮ ਨੂੰ ਖਤਮ ਕੀਤਾ ਜਾਵੇ, ਅਤੇ ਸੇਵਾ ਕੇਂਦਰ ਪ੍ਰੋਜੈਕਟ ਦੇ ਮੁਲਾਜ਼ਮਾਂ ਨੂੰ ਰੈਗੂਲਰ ਜਾਂ ਸਰਕਾਰੀ ਮਹਿਕਮੇ ਅੰਡਰ ਲਿਆ ਜਾਵੇ। ਜਿਸ ਨਾਲ ਕੀ ਸਰਕਾਰ ਦਾ ਆਪਣਾ ਬਣਦਾ ਪੈਸਾ ਸਰਕਾਰੀ ਖਾਤੇ ਵਿੱਚ ਆਵੇ ਨਾ ਕਿ ਨਿਜੀ ਕੰਪਨੀਆਂ ਦੇ ਖਾਤੇ ਵਿੱਚ ਜਾਵੇ ਨਿੱਜੀ ਕੰਪਨੀ ਵੱਲੋਂ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੂੰ ਕਦੇ ਵੀ ਸਮੇਂ ਸਿਰ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ ਉਹਨਾਂ ਦਾ ਕਹਿਣਾ ਸੀ ਕਿ ਪ੍ਰਾਈਵੇਟ ਅਦਾਰੇ ਪੰਜਾਬ ਦੀ ਪਿੱਠ ਪਿੱਛੇ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਹਨ। ਯੂਨੀਅਨ ਦੇ ਅਹੁਦੇਦਾਰਾਂ ਵੱਲੋਂ ਸਰਕਾਰ ਨੂੰ ਬੇਨਤੀ ਕਰਦੀਆਂ ਕਿਹਾ ਗਿਆ ਕਿ ਜੋ ਕੰਟਰੈਕਟ ਬੇਸ ਅਤੇ ਆਊਟਸੋਰਸ ਤੇ ਭਰਤੀ ਕੀਤੇ ਮੁਲਾਜ਼ਮ ਹਨ।ਉਨ੍ਹਾਂ ਨੂੰ ਪੱਕਾ ਕੀਤਾ ਜਾਵੇ ਜਾਂ ਫਿਰ ਉਹਨਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ। ਉਹਨਾਂ ਅੱਗੇ ਪੱਤਰਕਾਰਾਂ ਨਾਲ ਗੱਲ ਕਰਦੀਆਂ ਕਿਹਾ ਕਿ ਸੇਵਾ ਕੇਂਦਰ ਸਾਰੇ ਮੁਲਾਜ਼ਮ ਸਰਕਾਰ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਲੋਕਾਂ ਦੇ ਕੰਮਾਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਦੇ ਹਨ, ਜਿਸ ਦੇ ਸਦਕੇ ਪੰਜਾਬ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਕਰਨ ਦੀ ਚੇਤਾਵਨੀ ਜਾਰੀ ਕਰਦਿਆਂ ਕਿਹਾ ਗਿਆ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਨਾ ਮੰਨਿਆ ਗਿਆ, ਤਾਂ ਉਹ ਪੂਰੇ ਪੰਜਾਬ ਵਿੱਚ ਕਲਮ ਛੋੜ ਹੜਤਾਲ ਸ਼ੁਰੂ ਕਰਨਗੇ। ਉਹਨਾਂ ਅੱਗੇ ਦੱਸਿਆ ਕਿ ਜੇਕਰ ਸਾਡੀਆਂ ਮੰਗਾਂ ਨੂੰ 29 ਮਈ ਜਾਨੀ ਕੇ ਅਜ ਤੱਕ ਹੱਲ ਨਾ ਕੀਤਾ ਗਿਆ ਤੇ ਉਹਨਾਂ ਨੂੰ ਪੂਰੇ ਪੰਜਾਬ ਵਿੱਚ ਹੜਤਾਲ ਕਰਨ ਨੂੰ ਮਜਬੂਰ ਹੋਣਾ ਪਵੇਗਾ।

# ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਨਮਤੀ ਵਿਮਲ ਜੈਨ ਸਕੂਲ ਵੱਲੋਂ ਛਬੀਲ ਲਗਾਈ ਗਈ




ਜਗਰਾਓਂ, 29 ਮਈ (ਵਿਸ਼ਾਲ ਅੱਤਰੇ ਆਰੀਅਨ ਅੱਤਰੇ): ਪੰਜਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਪਵਿੱਤਰ ਮੌਕੇ ਸਕੂਲ ਵਿਦਿਆਰਥੀਆਂ ਨੂੰ ਸੇਵਾ, ਸਿਮਰਨ ਅਤੇ ਮਨੁੱਖਤਾ ਦਾ ਸੁਨੇਹਾ ਦਿੱਤਾ ਗਿਆ। ਵਿਦਿਆਰਥੀਆਂ ਅਤੇ ਸਟਾਫ ਵੱਲੋਂ ਆਉਣ-ਜਾਣ ਵਾਲੇ ਲੋਕਾਂ ਨੂੰ ਸ਼ਰਧਾ ਭਾਵਨਾ ਨਾਲ ਛਬੀਲ ਵਰਤਾਈ ਗਈ।ਇਸ ਮੌਕੇ ਸਕੂਲ ਦੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਵੀਰ ਜੈਨ, ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ। ਉਨ੍ਹਾਂ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਜੀ ਨੇ ਮਨੁੱਖਤਾ, ਸਹਿਨਸ਼ੀਲਤਾ ਅਤੇ ਸੇਵਾ ਦਾ ਜੋ ਸੰਦੇਸ਼ ਦਿੱਤਾ, ਉਹ ਅੱਜ ਵੀ ਸਾਨੂੰ ਇਨਸਾਨੀਅਤ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਦਾ ਹੈ।ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜਨ ਅਤੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਧਾਨ ਰਮੇਸ਼ ਜੈਨ ਸੈਕਟਰੀ ਮਹਾਵੀਰ ਜੈਨ ਨੇ ਕਿਹਾ ਕਿ ਅਜਿਹੇ ਧਾਰਮਿਕ ਅਤੇ ਸਮਾਜਿਕ ਉਪਰਾਲੇ ਬੱਚਿਆਂ ਵਿੱਚ ਸੇਵਾ ਭਾਵਨਾ ਅਤੇ ਸੰਸਕਾਰ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ।ਇਸ ਮੌਕੇ ਸਨੀ ਪਾਸੀ, ਸਰਬਜੀਤ ਸਿੰਘ, ਵਿਨੋਦ ਕੁਮਾਰ, ਮਨੀਸ਼ ਕੁਮਾਰ, ਮਨੋਜ ਚੱਢਾ, ਇੰਦਰਜੀਤ ਸਿੰਘ, ਬੇਅੰਤ ਸਿੰਘ ਹਾਜ਼ਰ ਸਨ।

# ਆਮ ਆਦਮੀਂ ਪਾਰਟੀ 'ਤੇ ਭਰੋਸਾ ਕਰਨ ਲਈ ਜਗਰਾਓਂ ਵਾਸੀਆਂ ਦਾ ਬੀਬੀ ਮਾਣੂੰਕੇ ਵੱਲੋਂ ਧੰਨਵਾਦ

## ਜੇਕਰ ਨਵੇਂ ਚੁਣੇ ਕੌਂਸਲਰ ਸਿਆਸਤ ਤੋਂ ਉੱਪਰ ਉੱਠਕੇ ਸਹਿਯੋਗ ਕਰਨਗੇ ਤਾਂ ਉਹ ਸ਼ਹਿਰ ਦੀ ਕਾਇਆ-ਕਲਪ ਕਰ ਦੇਣਗੇ



ਜਗਰਾਓਂ, 29 ਮਈ (ਵਿਸ਼ਾਲ ਅੱਤਰੇ ਆਰੀਅਨ ਅੱਤਰੇ): ਨਗਰ ਕੌਂਸਲ ਜਗਰਾਓਂ ਦੇ ਚੋਣ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ 9 ਸੀਟਾਂ ਜਿਤਾਕੇ ਭਰੋਸਾ ਕਰਨ ਲਈ ਸ਼ਹਿਰ ਵਾਸੀਆਂ ਦਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਧੰਨਵਾਦ ਕੀਤਾ ਹੈ। ਉਹਨਾਂ ਆਖਿਆ ਕਿ ਜਗਰਾਓਂ ਸ਼ਹਿਰ ਦੇ ਲੋਕਾਂ ਨੇ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਮ ਘਰਾਂ ਦੇ ਧੀਆਂ-ਪੁੱਤਰਾਂ ਨੂੰ ਅੱਗੇ ਲਿਆਂਦਾ ਹੈ ਅਤੇ ਪਿਛਲੇ ਸਮੇਂ ਦੌਰਾਨ ਕੂੜੇ ਦੇ ਢੇਰ ਲਗਵਾਉਣ ਵਾਲੇ, ਸ਼ਹਿਰ ਦੇ ਕੰਮਾਂ ਵਿੱਚ ਅੜਿੱਕੇ ਡਾਉਣ ਵਾਲਿਆਂ ਨੂੰ ਵੀ ਮੂੰਹ ਦੀ ਖਾਣੀ ਪਈ ਹੈ। ਵਿਧਾਇਕਾ ਮਾਣੂੰਕੇ ਆਖਿਆ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਆਮ ਆਦਮੀ ਪਾਰਟੀ ਨੂੰ ਸਿਰਫ਼ ਕੁੱਝ ਕੁ ਮਹੀਨੇ ਹੀ ਮਿਲੇ ਸਨ, ਪਰੰਤੂ ਫਿਰ ਵੀ ਸ਼ਹਿਰ ਦੇ ਬਹੁਤ ਸਾਰੇ ਬਜ਼ਾਰਾਂ ਤੇ ਮੁਹੱਲਿਆਂ ਦੀਆਂ ਗਲੀਆਂ ਨੂੰ ਪੱਕਾ ਕੀਤਾ ਗਿਆ ਅਤੇ ਬਹੁਤ ਸਾਰੇ ਪ੍ਰੋਜੈਕਟ ਪਾਸ ਕੀਤੇ ਗਏ, ਜਿਨ੍ਹਾਂ ਦਾ ਕੰਮ ਚੱਲ ਰਿਹਾ ਹੈ। ਬੀਬੀ ਮਾਣੂੰਕੇ ਹੋਰ ਆਖਿਆ ਕਿ ਉਹਨਾਂ ਵੱਲੋਂ ਬਤੌਰ ਵਿਧਾਇਕਾ ਸ਼ਹਿਰ ਦੇ ਵਿਕਾਸ ਲਈ ਪੰਜਾਬ ਸਰਕਾਰ ਪਾਸੋਂ ਕਰੋੜਾਂ ਰੁਪਏ ਦੀਆਂ ਗਰਾਂਟਾ ਮੰਨਜੂਰ ਕਰਵਾਕੇ ਲਿਆਂਦੀਆਂ ਗਈਆਂ, ਕਮਲ ਚੌਂਕ ਤੇ ਪੁਰਾਣੀ ਸਬਜ਼ੀ ਮੰਡੀ ਵਿੱਚ ਖੜਦੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਤਖਮੀਨਾਂ ਮੰਨਜੂਰ ਕਰਵਾਇਆ, ਸ਼ਹਿਰ ਵਿੱਚ ਪੈਂਦੀਆਂ ਮੰਡੀ ਬੋਰਡ ਦੀਆਂ ਸੜਕਾਂ ਕੱਚਾ ਮਲਕ ਰੋਡ, ਸੂਆ ਰੋਡ ਨਵੀਂਆਂ ਬਣਾਈਆਂ ਗਈਆਂ, ਬਿਜਲੀ ਸਪਲਾਈ ਬਿਹਤਰ ਬਨਾਉਣ ਲਈ ਵੱਡੇ ਟਰਾਂਸਫਾਰਮਰ ਰੱਖੇ ਗਏ, ਸ਼ਹਿਰ ਦੇ ਸੀਵਰੇਜ਼ ਅਤੇ ਸੜਕਾਂ ਦੀ ਸਫਾਈ ਲਈ ਕਰੋੜਾਂ ਰੁਪਏ ਦੀਆਂ ਜੈਟਿੰਗ ਤੇ ਸਵਾਈਪਿੰਗ ਮਸ਼ੀਨਾਂ ਲਿਆਂਦੀਆਂ ਗਈਆਂ, ਟਰੈਕਟਰ, ਲੋਡਰ, ਕੂੜਾ ਚੁੱਕਣ ਲਈ ਟਰਾਈ-ਸਾਈਕਲ, ਏਸ ਗੱਡੀਆਂ ਆਦਿ ਲਿਆਂਦੀਆਂ, ਫਾਇਰ-ਬ੍ਰਿਗੇਡ ਗੱਡੀਆਂ ਪੰਜਾਬ ਸਰਕਾਰ ਤੋਂ ਮੰਨਜੂਰ ਕਰਵਾਕੇ ਲਿਆਂਦੀਆਂ, ਸ਼ਹਿਰ ਦੇ ਪੀਣ ਵਾਲੇ ਪਾਣੀ ਵਿੱਚ ਮੈਟਲ ਆ ਜਾਣ ਕਾਰਨ ਗੈਸਟਰੋ, ਕਾਲਾ ਪੀਲੀਆ ਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਉਣ ਲਈ 33 ਕਰੋੜ ਰੁਪਏ ਦਾ ਪ੍ਰੋਜੈਕਟ ਮੰਨਜੂਰ ਕਰਵਾਇਆ, ਜਿਸਦਾ ਕੰਮ ਚੱਲ ਰਿਹਾ ਹੈ ਅਤੇ ਸ਼ਹਿਰ ਵਿੱਚ ਪਾਈਪ-ਲਾਈਨ ਪੈ ਚੁੱਕੀ ਹੈ ਅਤੇ ਅਖਾੜਾ ਨਹਿਰ ਉੱਪਰ 21 ਟਿਊਬਵੈੱਲ ਲੱਗ ਚੁੱਕੇ ਹਨ, ਜੋ ਆਉਂਦੇ ਦਿਨਾਂ ਵਿੱਚ ਚਾਲੂ ਹੋ ਜਾਵੇਗਾ, ਆਮ ਲੋਕਾਂ ਦੀ ਸਹੂਲਤ ਲਈ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਦੀ ਯਾਦ ਵਿੱਚ ਰਾਏਕੋਟ ਰੋਡ ਉੱਪਰ ਕੰਮਿਊਨਿਟੀ ਸੈਂਟਰ ਬਣਵਾਇਆ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦਾ ਸੁੰਦਰ ਬੁੱਤ ਸਥਾਪਿਤ ਕਰਕੇ ਚੌਂਕ ਬਣਵਾਇਆ, ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਉਹਨਾਂ ਤੋਂ ਸੇਧ ਲੈ ਸਕੇ, ਸ਼ਹਿਰ ਵਿੱਚ ਸੀਵਰੇਜ ਅਤੇ ਵਾਟਰ ਸਪਲਾਈ ਦਾ ਕੰਮ ਸੌ ਪ੍ਰਤੀਸ਼ਤ ਮੁਕੰਮਲ ਕਰਨ ਲਈ ਕਾਰਜ ਚੱਲ ਰਹੇ ਹਨ ਅਤੇ ਦੋ ਪਾਣੀ ਵਾਲੀਆਂ ਟੈਂਕੀਆਂ ਬਣ ਰਹੀਆਂ ਹਨ। ਵਿਧਾਇਕਾ ਮਾਣੂੰਕੇ ਨੇ ਹੋਰ ਆਖਿਆ ਕਿ ਜੇਕਰ ਸ਼ਹਿਰ ਵਾਸੀ ਤੇ ਨਵੇਂ ਚੁਣੇ ਗਏ ਕੌਂਸਲਰ ਸਿਆਸਤ ਅਤੇ ਧੜੇਬੰਦੀ ਤੋਂ ਉੱਪਰ ਉੱਠਕੇ ਸਹਿਯੋਗ ਕਰਨਗੇ, ਤਾਂ ਉਹ ਰੌਸ਼ਨੀਆਂ ਦੇ ਸ਼ਹਿਰ ਜਗਰਾਓਂ ਦੀ ਕਾਇਆ-ਕਲਪ ਕਰ ਦੇਣਗੇ।

# ਸਤਵਿੰਦਰ ਮਠਾੜੂ ਦੀ ਮਾਤਾ ਨਮਿਤ ਸ਼ਰਧਾਂਜਲੀ ਸਮਾਗਮ 4 ਜੂਨ ਨੂੰ



ਲੁਧਿਆਣਾ, 29 ਮਈ (ਰਵਿੰਦਰ ਸਿੰਘ ਨਿੱਝਰ): ਮਾਨਵ ਅਧਿਕਾਰ ਕੌਂਸਲ ਇੰਡੀਆ ਦੀ ਪੰਜਾਬ ਇਕਾਈ ਦੇ ਪ੍ਰਧਾਨ ਸਤਵਿੰਦਰ ਸਿੰਘ ਮਠਾੜੂ ਦੀ ਮਾਤਾ ਤੇ ਨਾਮਵਰ ਅਕਾਲੀ ਆਗੂ ਕਮਲਜੀਤ ਸਿੰਘ ਮਠਾੜੂ ਦੀ ਸਪਤਨੀ ਸਰਦਾਰਨੀ ਭੁਪਿੰਦਰ ਕੌਰ ਜੋ ਕਿ 26 ਮਈ ਨੂੰ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਈ ਬਲਾਕ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਚਾਰ ਜੂਨ ਨੂੰ ਬਾਅਦ ਦੁਪਹਿਰ ਡੇਢ ਤੋਂ ਢਾਈ ਵਜੇ ਤੱਕ ਹੋਵੇਗੀ। ਇਸ ਉਪਰੰਤ ਸ਼ਹਿਰ ਦੀਆਂ ਕਈ ਨਾਮਵਰ ਸ਼ਖ਼ਸੀਅਤਾਂ ਵੱਲੋਂ ਵਿੱਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ।

# ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 29 ਮਈ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲਿਆ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀ ਨਿਹਾਲ ਕੀਤਾ। ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ. ਇੰਦਰਜੀਤ ਸਿੰਘ ਮੱਕੜ, ਮਹਿੰਦਰ ਡੰਗ, ਅਤੱਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਹਰਪਾਲ ਸਿੰਘ ਖਾਲਸਾ, ਅੰਮ੍ਰਿਤ ਸਾਗਰ ਮਿਊਜ਼ਿਕ ਕੰਪਨੀ ਦੇ ਮਾਲਿਕ ਬਲਬੀਰ ਸਿੰਘ ਭਾਟੀਆ, ਭੁਪਿੰਦਰ ਸਿੰਘ ਜੁਨੇਜਾ, ਗੁਰਦੀਪ ਸਿੰਘ ਡੀਮਾਰਟੇ, ਹਰਮੀਤ ਸਿੰਘ ਡੰਗ, ਸੁਰਿੰਦਰਪਾਲ ਸਿੰਘ ਭੁਟੀਆਨੀ, ਨਰਿੰਦਰਪਾਲ ਸਿੰਘ ਕਥੂਰੀਆ, ਪ੍ਰੇਮ ਸਿੰਘ, ਅਵਤਾਰ ਸਿੰਘ ਬੀ.ਕੇ ਅਤੇ ਮਨਮੋਹਨ ਸਿੰਘ ਵੀ ਹਾਜ਼ਰ ਸਨ।

# ਕੇਵਲ ਸਿੰਘ ਢਿੱਲੋਂ ਦੇ ਪੰਜਾਬ ਭਾਜਪਾ ਪ੍ਰਧਾਨ ਬਣਨ 'ਤੇ ਭਾਜਪਾ ਵਰਕਰਾਂ ਨੇ ਲੱਡੂ ਵੰਡੇ



ਲੁਧਿਆਣਾ, 29 ਮਈ (ਰਵਿੰਦਰ ਸਿੰਘ ਨਿੱਝਰ): ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪਾਰਟੀ ਵਰਕਰਾਂ ਨੂੰ ਮਠਿਆਈਆਂ ਵੰਡ ਕੇ ਕੇਵਲ ਸਿੰਘ ਢਿੱਲੋਂ ਦੀ ਪੰਜਾਬ ਭਾਜਪਾ ਦੇ ਨਵੇਂ ਸੂਬਾ ਪ੍ਰਧਾਨ ਵਜੋਂ ਨਿਯੁਕਤੀ ਦਾ ਜਸ਼ਨ ਮਨਾਇਆ। ਧੀਮਾਨ ਨੇ ਅੱਜ ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰ ਦਾ ਦੌਰਾ ਕੀਤਾ ਅਤੇ ਨਵ-ਨਿਯੁਕਤ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਮਠਿਆਈਆਂ ਭੇਟ ਕਰਕੇ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸਰਦਾਰ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਪੰਜਾਬ ਭਾਜਪਾ ਮਜ਼ਬੂਤ ਹੋਵੇਗੀ ਅਤੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਨਵੀਂ ਊਰਜਾ ਮਿਲੇਗੀ।ਰਜਨੀਸ਼ ਧੀਮਾਨ ਨੇ ਕਿਹਾ ਕਿ ਕੇਵਲ ਸਿੰਘ ਢਿੱਲੋਂ ਇੱਕ ਮਿਹਨਤੀ, ਇਮਾਨਦਾਰ ਅਤੇ ਤਜਰਬੇਕਾਰ ਆਗੂ ਹਨ, ਜਿਨ੍ਹਾਂ ਨੇ ਹਮੇਸ਼ਾ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕੰਮ ਕੀਤਾ ਹੈ। ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਵਿੱਚ ਭਾਜਪਾ ਸੰਗਠਨ ਮਜ਼ਬੂਤ ਹੋਵੇਗਾ ਅਤੇ ਪਾਰਟੀ ਆਉਣ ਵਾਲੀਆਂ ਚੋਣਾਂ ਵਿੱਚ ਬਿਹਤਰ ਪ੍ਰਦਰਸ਼ਨ ਕਰੇਗੀ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਭਲਾਈ ਨੀਤੀਆਂ ਅਤੇ ਸੂਬਾਈ ਲੀਡਰਸ਼ਿਪ ਦੇ ਮਾਰਗਦਰਸ਼ਨ ਹੇਠ, ਭਾਜਪਾ ਲਗਾਤਾਰ ਲੋਕਾਂ ਦਾ ਵਿਸ਼ਵਾਸ ਜਿੱਤ ਰਹੀ ਹੈ। ਇਸ ਮੌਕੇ 'ਤੇ ਭਾਜਪਾ ਵਰਕਰਾਂ ਨੇ ਇੱਕ ਦੂਜੇ ਨੂੰ ਮਠਿਆਈਆਂ ਵੰਡ ਕੇ ਜਸ਼ਨ ਮਨਾਇਆ ਅਤੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਇਸ ਮੌਕੇ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਨਰਿੰਦਰ ਸਿੰਘ ਮੱਲੀ ਮੌਜੂਦ ਸਨ।

# ਉੱਘੇ ਹਾਕੀ ਪ੍ਰਮੋਟਰ ਸੁਰਿੰਦਰ ਸਿੰਘ ਭਾਪਾ ਦਾ ਭਲਕੇ ਹੋਵੇਗਾ ਵਿਸ਼ੇਸ਼ ਸਨਮਾਨ



ਲੁਧਿਆਣਾ, 29 ਮਈ (ਕਰਨੈਲ ਸਿੰਘ ਐੱਮ.ਏ.): ਰੇਲ ਕੋਚ ਫੈਕਟਰੀ ਦੇ ਸਾਬਕਾ ਨਾਮੀ ਕੌਮੀ ਖਿਡਾਰੀ ਅਤੇ ਸਰਜੀਤ ਹਾਕੀ ਦੇ ਰਹਿਨੁਮਾ, ਹਾਕੀ ਖੇਡ ਨੂੰ ਸਮਰਪਿਤ ਸ਼ਖ਼ਸੀਅਤ ਸੁਰਿੰਦਰ ਸਿੰਘ ਭਾਪਾ ਦਾ 16ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੌਰਾਨ 31 ਮਈ ਨੂੰ ਫਾਈਨਲ ਸਮਾਰੋਹ ਤੇ ਜਰਖੜ ਖੇਡ ਸਟੇਡੀਅਮ ਵਿਖੇ ਵਿਸ਼ੇਸ਼ ਸਨਮਾਨ ਹੋਵੇਗਾ। ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਸੁਰਿੰਦਰ ਸਿੰਘ ਭਾਪਾ ਪਿਛਲੇ 40 ਸਾਲਾਂ ਤੋਂ ਖੇਡਾਂ ਦੀ ਸੇਵਾ ਕਰ ਰਹੇ ਹਨ। ਉਹ ਰੇਲ ਕੋਚ ਫੈਕਟਰੀ ਤੋਂ ਖੇਡ ਵੈਲਫੇਅਰ ਅਫਸਰ ਦੇ ਅਹੁਦੇ 'ਤੇ ਸੇਵਾ ਨਿਭਾਉਂਦਿਆਂ ਉੱਚ ਅਧਿਕਾਰੀ ਵਜੋਂ ਸੇਵਾ ਮੁਕਤ ਹੋਏ ਹਨ ਅਤੇ ਸੁਰਜੀਤ ਹਾਕੀ ਟੂਰਨਾਮੈਂਟ ਨੂੰ ਅੰਤਰਰਾਸ਼ਟਰੀ ਪੱਧਰ ਦੇ ਮੁਕਾਮ 'ਤੇ ਲਿਜਾਣ ਵਿੱਚ ਉਹਨਾਂ ਨੇ ਅਹਿਮ ਭੂਮਿਕਾ ਨਿਭਾਈ ਹੈ।ਉਹਨਾਂ ਦਾ ਸਾਰਾ ਜੀਵਨ ਹੀ ਹਾਕੀ ਖੇਡ ਪ੍ਰਤੀ ਸਮਰਪਿਤ ਰਿਹਾ ਹੈ ਉਹਨਾਂ ਦੀਆਂ ਹਾਕੀ ਖੇਡ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਨੇ ਚੱਲ ਰਹੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਫਾਈਨਲ ਸਮਾਰੋਹ ਤੇ 31 ਮਈ ਨੂੰ ਸ਼ਾਮ 7 ਵਜੇ ਉਹਨਾਂ ਨੂੰ ਪੰਜਾਬ ਦਾ ਮਾਣ ਐਵਾਰਡ ਦੇ ਕੇ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ। ਜਗਰੂਪ ਸਿੰਘ ਜਰਖੜ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਸੁਰਿੰਦਰ ਸਿੰਘ ਭਾਪਾ ਦੀਆਂ ਖੇਡਾਂ ਪ੍ਰਤੀ ਖਾਸ ਕਰਕੇ ਹਾਕੀ ਪ੍ਰਤੀ ਉਹਨਾਂ ਦੀਆਂ ਦਿੱਤੀਆਂ ਸੇਵਾਵਾਂ ਨੂੰ ਦੇਖਦਿਆਂ ਉਹਨਾਂ ਨੂੰ ਪੰਜਾਬ ਦੇ ਖੇਡ ਪ੍ਰਮੋਟਰ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਜਾਵੇ।

# ਬਾਬਿਆਂ, ਸਾਧਾਂ, ਤਾਂਤਰਿਕਾਂ, ਜੋਤਸ਼ੀਆਂ ਦੀ ਇਸ਼ਤਿਹਾਰਬਾਜੀ ਵਿਰੁੱਧ ਡੀ ਸੀ ਨੂੰ ਮੰਗ ਪੱਤਰ



ਲੁਧਿਆਣਾ, 29 ਮਈ (ਰਵਿੰਦਰ ਸਿੰਘ ਨਿੱਝਰ): ਅੱਜ ਤਰਕਸ਼ੀਲ ਸੋਸਾਇਟੀ ਪੰਜਾਬ ( ਜ਼ੋਨ ਲੁਧਿਆਣਾ) ਦਾ ਵਫ਼ਦ ਜ਼ੋਨ ਮੁੱਖੀ ਜਸਵੰਤ ਜ਼ੀਰਖ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਮਿਲਿਆ । ਜ਼ੋਨ ਅਤੇ ਇਕਾਈਆਂ ਦੇ ਆਗੂਆਂ ਜਿਹਨਾਂ ਵਿੱਚ ਜ਼ੋਨ ਮੀਡੀਆ ਮੁਖੀ ਹਰਚੰਦ ਭਿੰਡਰ, ਸੱਭਿਆਚਾਰ ਮੁਖੀ ਸ਼ਮਸ਼ੇਰ ਨੂਰਪੁਰੀ, ਜਗਰਾਓਂ ਦੇ ਮੁਖੀ ਕਰਤਾਰ ਵੀਰਾਨ, ਲੁਧਿਆਣਾ ਇਕਾਈ ਮੁਖੀ ਬਲਵਿੰਦਰ ਸਿੰਘ ਸਮੇਤ ਅਜਮੇਰ ਦਾਖਾ , ਸਤੀਸ਼ ਸੱਚਦੇਵਾ ਸ਼ਾਮਲ ਸਨ।ਵਫ਼ਦ ਵੱਲੋਂ ਦਿੱਤੇ ਮੰਗ ਪੱਤਰ ਬਾਰੇ ਡਿਪਟੀ ਕਮਿਸ਼ਨਰ ਨੂੰ ਸੰਖੇਪ ਵਿੱਚ ਦੱਸਦਿਆਂ ਜਸਵੰਤ ਜ਼ੀਰਖ ਨੇ ਕਿਹਾ ਕਿ ਬਹੁਤ ਸਾਰੇ ਬਾਬੇ, ਜੋਤਿਸ਼ੀ, ਤਾਂਤਰਿਕ , ਚੌਕੀਆਂ ਲਾਉਣ ਵਾਲੇ ਇਸ਼ਤਿਹਾਰਬਾਜੀ ਰਾਹੀਂ ਦੈਵੀ ਸ਼ਕਤੀਆਂ ਦੇ ਝੂਠੇ ਪ੍ਰਚਾਰ ਰਾਹੀਂ ਲੋਕਾਂ ਨੂੰ ਆਪਣੇ ਵਿਗੜੇ ਕੰਮਾਂ ਦੇ ਹੱਲ ਕਰਵਾਉਣ ਲਈ ਚੁੰਗਲ ਵਿੱਚ ਫਸਾ ਕੇ ਵੱਡੀ ਪੱਧਰ 'ਤੇ ਲੁੱਟ ਰਹੇ ਹਨ।ਉਹਨਾਂ ਨੂੰ ਦੱਸਿਆ ਗਿਆ ਕਿ ਤਰਕਸ਼ੀਲ ਸੁਸਾਇਟੀ ਅਜਿਹੇ ਠੱਗਾਂ ਪਾਸੋਂ ਲੱਖਾਂ ਰੁਪਿਆ ਲੋਕਾਂ ਨੂੰ ਵਾਪਸ ਕਰਵਾ ਚੁੱਕੀ ਹੈ। ਸ੍ਰੀ ਜੀਰਖ ਅਨੁਸਾਰ ਡੀ ਸੀ ਨੇ ਕਿਹਾ ਕਿ ਅਜਿਹੀ ਠੱਗੀ ਮਾਰਨ ਵਾਲਿਆਂ ਦੀ ਲਿਸਟ ਮੈਨੂੰ ਦੇਵੋ ਤਾਂ ਕਿ ਉਹਨਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕੇ।

# ਤਖਤਾਂ ਦੇ ਦਰਸ਼ਨ ਕਰਵਾਉਣਾ ਇੰਡੋ ਕਨੇਡੀਅਨ ਬੱਸ ਦਾ ਸ਼ਲਾਘਾਯੋਗ ਉਪਰਾਲਾ : ਜਥੇਦਾਰ ਬਘੌਰਾ



ਪਟਿਆਲਾ, 29 ਮਈ (ਚ.ਨ.ਸ. ) ਸਿੱਖ ਕੌਮ ਨਾਲ ਸੰਬੰਧ ਵਿੱਚ ਆਪਣੇ ਪੰਜ ਤਖਤ ਜਿਵੇਂ ਕਿ ਸ੍ਰੀ ਅਕਾਲ ਤਖਤ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ ਤਖਤ ਸ੍ਰੀ ਦਮਦਮਾ ਸਾਹਿਬ ਇਹ ਤਿੰਨ ਤਖਤ ਪੰਜਾਬ ਦੇ ਵਿੱਚ ਹਨ ਅਤੇ ਦੋ ਤੱਖਤ ਸਾਹਿਬਾਨ ਤੱਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਨਮ ਸਥਾਨ ਤੱਖ਼ਤ ਸੱਚਖੰਡ ਹਜ਼ੂਰ ਸ੍ਰੀ ਅਬਿਚਲ ਨਗਰ ਸਾਹਿਬ ਜਿੱਥੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰ ਕਾ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਕੀਤੀ ਸੀ ਤੇ ਸਿੱਖਾਂ ਨੂੰ ਉਦੇਸ਼ ਦਿੱਤਾ ਸੀ ਕਿ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਸ਼੍ਰੋਮਣੀ ਅਕਾਲੀ ਦੱਲ ਨੇ ਕਿਹਾ ਕਿ ਇੱਕ ਕੰਪਨੀ ਇੰਡੋ ਕਨੇਡੀਅਨ ਬੱਸ ਜਿਨਾਂ ਨੇ ਕਿ ਦੋ ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੇ ਦਰਸ਼ਨ ਦੀਦਾਰ ਯਾਤਰਾ ਦਾ ਉਪਰਾਲਾ ਕੀਤਾ ਹੈ ਇੱਕ ਸਲਾਗਾ ਯੋਗ ਉਪਰਾਲਾ ਕੀਤਾ ਹੈ ਉਹਨਾਂ ਦੇ ਜੀ ਐਮ ਸ਼ਰਨਜੀਤ ਸਿੰਘ ਜੀ ਆਹੂਵਾਲੀਆ ਨੇ ਕਿਹਾ ਕਿ ਮੇਰੇ ਮਨ ਦੇ ਵਿੱਚ ਇਹ ਬੜੇ ਚਿਰ ਦੀ ਦਸਿਆ ਉਨ੍ਹਾਂ ਦੇ ਮਨ ਵਿੱਚ ਇਹ ਬੜੇ ਚਿਰ ਤੋਂ ਗੱਲ ਚਲ ਰਹੀ ਸੀ ਕਿ ਗੁਰੂ ਸਾਹਿਬਾਨਾਂ ਦੇ ਤਖਤਾਂ ਦੇ ਜੋ ਪੰਜਾਬ ਤੋਂ ਬਾਹਰ ਹਨ ਉਹ ਪੰਜਾਬ ਦੀਆਂ ਸੰਗਤਾਂ ਨੂੰ ਦਰਸ਼ਨ ਕਰਾਏ ਜਾਣ ਕਿਉਂਕਿ ਸੰਗਤਾਂ ਨੂੰ ਆਉਣ ਜਾਣ ਦੇ ਵਿੱਚ ਭਾਵੇਂ ਕੋਈ ਟ੍ਰੇਨ ਦਾ ਸਫਰ ਸੀ ਭਾਵੇਂ ਕੋਈ ਆਪਣਾ ਵਹੀਕਲ ਸੀ ਉਹ ਸਫਰ ਲੰਮਾ ਹੋਣ ਕਰਕੇ ਸੰਗਤਾਂ ਨੂੰ ਬਹੁਤ ਦਿੱਕਤ ਆਉਂਦੀ ਸੀ ਤੇ ਹੁਣ ਇਕ ਵਾਲਵੋ ਬਸ ਸਲੀਪਰ ਟਾਇਪ ਤਿਆਰ ਕਰਕੇ ਸੰਗਤਾਂ ਦੇ ਦਰਸ਼ਨਾਂ ਵਾਸਤੇ ਹਰ ਹਫਤੇ ਨੂੰ ਹਜ਼ੂਰ ਸਾਹਿਬ ਅਤੇ ਹਰ ਹਫਤੇ ਤੱਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੂੰ ਚੱਲਿਆ ਕਰੇਗੀ ਇਸ ਤੋਂ ਇਲਾਵਾ ਜੋ ਬਾਹਰ ਦੀਆਂ ਸੰਗਤਾਂ ਨੇ ਭਾਵੇਂ ਬੌਂਬੇ ਜਾਂ ਜਿੱਥੋਂ ਵੀ ਹੋਣ ਉਹਨਾਂ ਨੂੰ ਆਪਣੇ ਪੰਜਾਬ ਦੇ ਤਿੰਨ ਤੱਖ਼ਤ ਸਾਹਿਬਾਨ ਅਤੇ ਬਾਕੀ ਸਾਰੇ ਗੁਰੂ ਘਰਾਂ ਦੇ ਦਰਸ਼ਨ ਕਰਾਉਣ ਦਾ ਵੀ ਉਪਰਾਲਾ ਕੀਤਾ ਜਾਵੇਗਾ ਤਾਂ ਕਿ ਸੰਗਤਾਂ ਨੂੰ ਇਹ ਪਤਾ ਲੱਗ ਸਕੇ ਬਾਹਰਲੀਆਂ ਨੂੰ ਗੁਰੂ ਸਾਹਿਬ ਦੇ ਇਤਿਹਾਸ ਤੋਂ ਜਾਣੂ ਹੋ ਸਕਣ ਅਤੇ ਪੰਜਾਬ ਦੇ ਵਿੱਚ ਆ ਕੇ ਉਹ ਗੁਰੂ ਘਰਾਂ ਦੇ ਦਰਸ਼ਨ ਕਰਨ ਤੇ ਨਤਮਸਤਕ ਹੋ ਸਕਣਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਨੂੰ ਬਸ ਸੇਵਾ ਸ਼ੁਰੂ ਕਰਨ ਉਪਰੰਤ ਉਤਰਾਖੰਡ ਦੇ ਪ੍ਰਸਿੱਧ ਗੁਰਦੁਆਰਾ ਸ੍ਰੀ ਨਾਨਕ ਮੱਤਾ ਸਾਹਿਬ ਜੀ ਦੇ ਸੰਗਤਾਂ ਨੂੰ ਦਰਸ਼ਨ ਦੀਦਾਰ ਯਾਤਰਾ ਦਾ ਉਪਰਾਲਾ ਕਰਨ ਉਪਰੰਤ ਗੁਰਦੁਆਰਾ ਸ੍ਰੀ ਨਾਨਕ ਮੱਤਾ ਸਾਹਿਬ ਵਿਖੇ ਨਤਮਸਤਕ ਹੋਣ ਪਹੁੰਚੇ ਜੀ ਐਮ ਇੰਡੋ ਕੈਨੇਡੀਅਨ ਸਰਨਜੀਤ ਸਿੰਘ ਆਹਲੂਵਾਲੀਆ ਅਤੇ ਸੁਖਜੀਤ ਸਿੰਘ ਬਘੌਰਾ ਨਾਲ਼ ਹਨ ਜਥੇਦਾਰ ਰਣਜੀਤ ਸਿੰਘ ਭੱਠਲ ਮੌਜੂਦ ਸਨ



# ਮਾਝਾ-ਦੁਆਬਾ

ਆਸ ਪਾਸ

## ਸ੍ਰੀ ਹਰਿਮੰਦਰ ਸਾਹਿਬ ਦੇ ਨਵੇਂ ਮੈਨੇਜਰ ਮੇਜਰ ਸਿੰਘ ਦਾ ਜਥੇਦਾਰ ਗੜਗੱਜ ਵੱਲੋਂ ਸਨਮਾਨ



ਅੰਮ੍ਰਿਤਸਰ, 29 ਮਈ (ਬਬਲੂ ਮਹਾਜਨ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨਵੇਂ ਨਿਯੁਕਤ ਮੈਨੇਜਰ ਸਰਦਾਰ ਮੇਜਰ ਸਿੰਘ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਰਦਾਰ ਮੇਜਰ ਸਿੰਘ ਨੂੰ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ ਗਈ।ਮੁਲਾਕਾਤ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦੀ ਆਸਥਾ ਦਾ ਸਭ ਤੋਂ ਵੱਡਾ ਕੇਂਦਰ ਹੈ, ਜਿੱਥੇ ਹਰ ਰੋਜ਼ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਲਈ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸੰਗਤ ਦੀ ਗਿਣਤੀ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਇਸ ਸਮੇਂ ਪ੍ਰਬੰਧਕਾਂ ਉੱਤੇ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਜਥੇਦਾਰ ਗੜਗੱਜ ਨੇ ਨਵੇਂ ਮੈਨੇਜਰ ਸਰਦਾਰ ਮੇਜਰ ਸਿੰਘ ਵੱਲੋਂ ਸੰਗਤ ਦੀ ਸਹੂਲਤ ਲਈ ਕੀਤੇ ਜਾ ਰਹੇ ਪੁਖਤਾ ਪ੍ਰਬੰਧਾਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪੀਣ ਵਾਲੇ ਠੰਢੇ ਪਾਣੀ, ਪੱਖਿਆਂ, ਛਾਂ ਅਤੇ ਸਫ਼ਾਈ ਦੇ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ, ਜਿਸ ਨਾਲ ਸੰਗਤ ਨੂੰ ਵੱਡੀ ਰਾਹਤ ਮਿਲੇਗੀ।ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੀ ਹਰ ਸੰਗਤ ਦੀ ਸੇਵਾ ਕਰਨਾ ਸਭ ਤੋਂ ਵੱਡੀ ਸੇਵਾ ਹੈ ਅਤੇ ਇਸ ਸੇਵਾ ਨੂੰ ਨਿਮਰਤਾ ਅਤੇ ਸਮਰਪਣ ਨਾਲ ਨਿਭਾਉਣਾ ਚਾਹੀਦਾ ਹੈ। ਜਥੇਦਾਰ ਨੇ ਆਸ ਪ੍ਰਗਟਾਈ ਕਿ ਸਰਦਾਰ ਮੇਜਰ ਸਿੰਘ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਨਿਭਾਉਣਗੇ।ਇਸ ਮੌਕੇ ਸਰਦਾਰ ਮੇਜਰ ਸਿੰਘ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੰਗਤ ਦੀ ਸੇਵਾ ਅਤੇ ਸੁਵਿਧਾਵਾਂ ਨੂੰ ਪਹਿਲ ਦੇਣਗੇ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਅਨੁਸਾਰ ਆਪਣੀਆਂ ਡਿਊਟੀਆਂ ਨਿਭਾਉਣ ਲਈ ਵਚਨਬੱਧ ਹਨ। ਇਸ ਮੌਕੇ ਉਹਨਾਂ ਦੇ ਨਾਲ ਮੈਨੇਜਰ ਗੁਰਵਿੰਦਰ ਸਿੰਘ ਦੇਵੀਦਾਸਪੁਰਾ ਜਥੇਦਾਰ ਸਾਹਿਬ ਦੇ ਪੀਏ ਸਰਦਾਰ ਬਗੀਚਾ ਸਿੰਘ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੇਅਦਬੀ ਰੋਕੂ ਕਾਨੂੰਨ ਸਬੰਧੀ ਉਠਾਏ ਇਤਰਾਜ਼ ਜਾਇਜ਼ : ਬਾਪੂ ਤਰਸੇਮ ਸਿੰਘ

### *ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪਿਆ ਲਿਖਤੀ ਮੰਗ ਪੱਤਰ*



ਅੰਮ੍ਰਿਤਸਰ,29 ਮਈ (ਬਬਲੂ ਮਹਾਜਨ): ਅਕਾਲੀ ਦਲ ਵਾਰਿਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਮਿਲ ਕੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਰੋਕੂ ਕਾਨੂੰਨ ਸਬੰਧੀ ਪਾਰਟੀ ਦਾ ਲਿਖਤੀ ਪੱਖ ਸੌਂਪਿਆ । ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ 14 ਅਪ੍ਰੈਲ 2026 ਨੂੰ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਇਸ ਕਾਨੂੰਨ ਦੀ ਪਾਰਟੀ ਪੱਧਰ 'ਤੇ ਸਮੀਖਿਆ ਕਰਵਾਈ ਗਈ ਹੈ। ਸਮੀਖਿਆ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਾਡੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਨੂੰਨ ਸਬੰਧੀ ਉਠਾਏ ਗਏ ਇਤਰਾਜ਼ ਅਤੇ ਖ਼ਦਸ਼ੇ ਪੂਰੀ ਤਰ੍ਹਾਂ ਜਾਇਜ਼ ਹਨ ਅਤੇ ਇਨ੍ਹਾਂ ਨੂੰ ਦੂਰ ਕੀਤੇ ਬਿਨਾਂ ਇਹ ਕਾਨੂੰਨ ਸਿੱਖ ਪੰਥ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫ਼ਲ ਰਹੇਗਾ। ਉਨ੍ਹਾਂ ਕਿਹਾ ਕਿ ਕਾਨੂੰਨ ਦੀਆਂ ਕੁਝ ਧਾਰਾਵਾਂ ਭਵਿੱਖ ਵਿੱਚ ਸਿੱਖਾਂ, ਗ੍ਰੰਥੀ ਸਿੰਘਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਖ਼ਿਲਾਫ਼ ਦੁਰਵਰਤੋਂ ਦਾ ਸਾਧਨ ਬਣ ਸਕਦੀਆਂ ਹਨ। ਕਿਸੇ ਵੀ ਨਿਰਦੋਸ਼ ਸਿੱਖ ਉੱਤੇ ਬੇਅਦਬੀ ਦਾ ਦੋਸ਼ ਲਗਾ ਕੇ ਉਸਨੂੰ ਲੰਬੇ ਸਮੇਂ ਲਈ ਕਾਨੂੰਨੀ ਪੇਚੀਦਗੀਆਂ ਵਿੱਚ ਫਸਾਇਆ ਜਾ ਸਕਦਾ ਹੈ, ਜਿਸ ਕਾਰਨ ਪੰਥ ਅੰਦਰ ਗੰਭੀਰ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ। ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਸੱਦੀ ਗਈ ਇਕੱਤਰਤਾ ਦੌਰਾਨ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਜਿਨ੍ਹਾਂ ਮੁੱਦਿਆਂ ਅਤੇ ਖਾਮੀਆਂ ਵੱਲ ਧਿਆਨ ਦਿਵਾਇਆ ਸੀ, ਸਰਕਾਰ ਨੇ ਕਾਨੂੰਨ ਵਿੱਚ ਲਗਭਗ ਉਸੇ ਤਰ੍ਹਾਂ ਦੀਆਂ ਵਿਵਸਥਾਵਾਂ ਰੱਖ ਕੇ ਪੰਥ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕਾਨੂੰਨ ਦੇ ਕੁਝ ਪ੍ਰਬੰਧਾਂ ਰਾਹੀਂ ਪੀੜਤ ਧਿਰ ਨੂੰ ਹੀ ਸ਼ੱਕ ਦੇ ਘੇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਸਿੱਖ ਭਾਵਨਾਵਾਂ ਦੇ ਉਲਟ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਇਸ ਸੰਵੇਦਨਸ਼ੀਲ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਦਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਸਮੂਹਕਤਾ ਨਾਲ ਵਿਚਾਰ ਕਰਕੇ ਜੋ ਵੀ ਫੈਸਲਾ ਲਿਆ ਜਾਵੇਗਾ, ਪਾਰਟੀ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇਗੀ ਅਤੇ ਹਰ ਪੱਧਰ ਤੇ ਉਸਦਾ ਸਮਰਥਨ ਕਰੇਗੀ। ਇਸ ਮੌਕੇ ਬਾਪੂ ਤਰਸੇਮ ਸਿੰਘ ਜੀ ਦੇ ਨਾਲ ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ ਭਾਈ ਰਛਪਾਲ ਸਿੰਘ ਸੋਸਣ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਬਲਦੇਵ ਸਿੰਘ ਜੱਲੂਪੁਰ, ਭਾਈ ਸੁਖਬੀਰ ਸਿੰਘ ਚੀਮਾ, ਭਾਈ ਕੁਲਵਿੰਦਰ ਸਿੰਘ ਵਡਾਲੀ, ਭਾਈ ਗੁਰਜਿੰਦਰ ਸਿੰਘ ਅਤੇ ਪ੍ਰਗਟ ਸਿੰਘ ਮੌਜੂਦ ਸਨ।

## ਮਿਆਦੀਆਂ ਦੀ ਅਗਵਾਈ 'ਚ 40 ਪਰਿਵਾਰ ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਲ



ਚੋਗਾਵਾਂ, 29 ਮਈ (ਸੁਬੇਗ ਸਿੰਘ ਸੋਨਾ) - ਅਕਾਲੀ ਦਲ ਵਾਰਿਸ ਪੰਜਾਬ ਦੀ ਦਿਨੋ ਦਿਨ ਲੋਕਪ੍ਰਿਅਤਾ ਵੱਧਦੀ ਜਾ ਰਹੀ ਹੈ ਪੰਜਾਬ ਦੇ ਲੋਕ ਅਕਾਲੀ ਦਲ ਵਾਰਿਸ ਪੰਜਾਬ ਦੇ ਹੱਥਾਂ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਹਨ ਤੇ ਲੋਕ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਕਾਲੀ ਦਲ ਵਾਰਿਸ ਪੰਜਾਬ ਵਿੱਚ ਲਗਾਤਾਰ ਸ਼ਾਮਿਲ ਹੋ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਦਲਜੀਤ ਸਿੰਘ ਮਿਆਦੀਆਂ ਨੇ ਕੀਤਾ। ਇਸੇ ਲੜੀ ਦੇ ਤਹਿਤ ਅੱਜ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਓਡਰ ਵਿੱਚੋਂ 40 ਦੇ ਕਰੀਬ ਪਰਿਵਾਰਾਂ ਨੇ ਰਵਾਇਤੀ ਪਾਰਟੀਆਂ ਦਾ ਪੱਲਾ ਛੱਡ ਹਲਕਾ ਰਾਜਾਸਾਂਸੀ ਤੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਇੰਚਾਰਜ ਦਲਜੀਤ ਸਿੰਘ ਮਿਆਦੀਆਂ ਦੀ ਅਗਵਾਈ ਹੇਠ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਸ਼ਾਮਿਲ ਹੋਣ ਵਾਲੇ ਪਰਿਵਾਰਾਂ 'ਚ ਭਾਈ ਪਵਨਦੀਪ ਸਿੰਘ, ਸਰਬਜੀਤ ਸਿੰਘ, ਗੁਰਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਲਾਲ ਸਿੰਘ, ਉਦਮਪ੍ਰੀਤ ਸਿੰਘ, ਹਰਜੀਤ ਸਿੰਘ, ਜਸ਼ਨਦੀਪ ਸਿੰਘ, ਗੁਰਜੰਟ ਸਿੰਘ, ਲਾਭ ਸਿੰਘ, ਰਵਿੰਦਰ ਸਿੰਘ, ਸਤਨਾਮ ਸਿੰਘ, ਗੁਰਸੇਵਕ ਸਿੰਘ, ਜਸਬੀਰ ਸਿੰਘ, ਅਭੀਨੂਰ ਸਿੰਘ, ਨਿਰਮਲ ਸਿੰਘ, ਗੁਰਲਾਲ ਸਿੰਘ, ਸੁਖਬੀਰ ਸਿੰਘ, ਰੋਸ਼ਨਬੀਰ ਸਿੰਘ, ਲਖਵਿੰਦਰ ਸਿੰਘ ਟੋਨੀ, ਜਸਪਿੰਦਰ ਸਿੰਘ, ਸਤਨਾਮ ਸਿੰਘ, ਲਵਪ੍ਰੀਤ ਸਿੰਘ, ਸੁਰਜੀਤ ਸਿੰਘ, ਬਲਵਿੰਦਰ ਸਿੰਘ, ਸਰਵਣ ਸਿੰਘ, ਸੁਖਚੈਨ ਸਿੰਘ ਆਦਿ ਪਰਿਵਾਰਾਂ ਨੂੰ ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਿਲ ਹੋਣ ਤੇ ਹਲਕਾ ਇੰਚਾਰਜ ਦਲਜੀਤ ਸਿੰਘ ਮਿਆਦੀਆਂ ਵੱਲੋਂ ਇਹਨਾਂ ਪਰਿਵਾਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ

## ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ: ਇੰਟਰਨੈਸ਼ਨਲ ਸਿੱਖ ਫੈਡਰੇਸ਼ਨ



ਅੰਮ੍ਰਿਤਸਰ, 29 ਮਈ (ਬਬਲੂ ਮਹਾਜਨ): ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਮੇਜਰ ਸਿੰਘ ਖ਼ਾਲਸਾ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਦੇਸ਼ ਦੀਆਂ ਮੌਜੂਦਾ ਰਾਜਨੀਤਿਕ ਅਤੇ ਸਮਾਜਿਕ ਪ੍ਰਸਥਿਤੀਆਂ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਅਤੇ ਪ੍ਰਸ਼ਾਸਨਿਕ ਕਾਰਜਪ੍ਰਣਾਲੀ ਦਾ ਵਿਸ਼ਲੇਸ਼ਣ ਕਰਦਿਆਂ ਦੇਸ਼ ਵਿੱਚ ਜਮਹੂਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਭਾਈ ਖ਼ਾਲਸਾ ਨੇ ਕਿਹਾ ਕਿ ਦੇਸ਼ ਦੀ ਅਨੇਕਤਾ ਵਿੱਚ ਏਕਤਾ ਨੂੰ ਬਣਾਈ ਰੱਖਣ ਲਈ ਘੱਟ ਗਿਣਤੀਆਂ (ਮੁਸਲਮਾਨਾਂ, ਸਿੱਖਾਂ ਅਤੇ ਇਸਾਈਆਂ) ਦੇ ਨਾਲ-ਨਾਲ ਦਲਿਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕਾਂ ਦੀ ਸੁਰੱਖਿਆ ਬੇਹੱਦ ਜ਼ਰੂਰੀ ਹੈ। ਉਨ੍ਹਾਂ ਸਮਾਜ ਵਿੱਚ ਵਧ ਰਹੀ ਕੱਟੜਤਾ ਅਤੇ ਨਫ਼ਰਤੀ ਬਿਆਨਬਾਜ਼ੀ 'ਤੇ ਚਿੰਤਾ ਜ਼ਾਹਰ ਕੀਤੀ।ਬਿਆਨ ਵਿੱਚ ਚੋਣ ਕਮਿਸ਼ਨ ਦੀ ਭੂਮਿਕਾ 'ਤੇ ਚਰਚਾ ਕਰਦਿਆਂ ਕਿਹਾ ਗਿਆ ਕਿ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਨਿਰਪੱਖ ਰੱਖਣਾ ਕਮਿਸ਼ਨ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਚੋਣ ਜ਼ਾਬਤੇ ਦੀ ਪਾਲਣਾ ਸਾਰੀਆਂ ਸਿਆਸੀ ਪਾਰਟੀਆਂ ਲਈ ਬਰਾਬਰ ਰੂਪ ਵਿੱਚ ਲਾਗੂ ਕਰਨ ਦੀ ਮੰਗ ਕੀਤੀ। ਭਾਈ ਖਾਲਸਾ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਹੋਰ ਜਾਂਚ ਏਜੰਸੀਆਂ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਸੰਸਥਾਵਾਂ ਦੀ ਵਰਤੋਂ ਸਿਆਸੀ ਵਿਰੋਧੀਆਂ, ਕਿਸਾਨ ਆਗੂਆਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ, ਬਲਕਿ ਕਾਨੂੰਨ ਦੇ ਦਾਇਰੇ ਵਿੱਚ ਨਿਰਪੱਖਤਾ ਨਾਲ ਹੋਣੀ ਚਾਹੀਦੀ ਹੈ।ਭਾਈ ਖਾਲਸਾ ਨੇ ਸਿੱਖ ਕੌਮ ਅਤੇ ਸਮੂਹ ਨਿਆਂਪਸੰਦ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਦੇਸ਼ ਦੇ ਲੋਕਤੰਤਰੀ ਢਾਂਚੇ, ਸਮਾਜਿਕ ਨਿਆਂ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਰਕਾਰੀ ਏਜੰਸੀਆਂ ਦੀ ਨਿਰਪੱਖਤਾ ਅਤੇ ਸਮਾਜਿਕ ਬਰਾਬਰੀ ਬਹਾਲ ਨਹੀਂ ਹੁੰਦੀ, ਉਦੋਂ ਤੱਕ ਉਨ੍ਹਾਂ ਦਾ ਸ਼ਾਂਤਮਈ ਸੰਘਰਸ਼ ਜਾਰੀ ਰਹੇਗਾ।

### ਨਗਰ ਕੌਂਸਲ ਪੱਟੀ ਅਤੇ ਨਗਰ ਪੰਚਾਇਤ ਭਿੱਖੀਵਿੰਡ ਦੀਆਂ ਆਮ ਚੋਣਾਂ

## ਪੱਟੀ ਦੇ 19 ਵਾਰਡਾਂ 'ਚੋਂ ਕਾਂਗਰਸ ਦੇ 9, ਆਪ ਦੇ 6 ਅਤੇ 4 ਆਜ਼ਾਦ ਉਮੀਦਵਾਰ ਰਹੇ ਜੇਤੂ

ਚੋਹਲਾ ਸਾਹਿਬ, 29 ਮਈ (ਭਗਤ ਸਿੰਘ ਸੰਧੂ) : ਨਗਰ ਕੌਂਸਲ ਪੱਟੀ ਅਤੇ ਨਗਰ ਪੰਚਾਇਤ ਭਿੱਖੀਵਿੰਡ ਦੀਆਂ ਆਮ ਚੋਣਾਂ ਲਈ 26 ਮਈ ਨੂੰ ਪਈਆਂ ਵੋਟਾਂ ਦੀ ਅੱਜ ਗਿਣਤੀ ਦਾ ਕੰਮ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਿਆ ਅਤੇ ਗਿਣਤੀ ਤੋਂ ਬਾਅਦ ਮੌਕੇ 'ਤੇ ਹੀ ਨਤੀਜੇ ਐਲਾਨ ਦਿੱਤੇ ਗਏ। ਚੋਣ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਰਾਹੁਲ ਨੇ ਦੱਸਿਆ ਕਿ ਨਗਰ ਕੌਂਸਲ ਪੱਟੀ ਦੇ 19 ਵਾਰਡਾਂ ਵਿੱਚੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ 9, ਆਮ ਆਦਮੀ ਪਾਰਟੀ ਦੇ 6 ਅਤੇ 4 ਆਜ਼ਾਦ ਉਮੀਦਵਾਰ ਜੇਤੂ ਰਹੇ। ਇਸੇ ਤਰ੍ਹਾਂ ਨਗਰ ਪੰਚਾਇਤ ਭਿੱਖੀਵਿੰਡ ਦੇ 13 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਦੇ 7, ਸ਼੍ਰੋਮਣੀ ਅਕਾਲੀ ਦਲ ਦੇ 3, ਇੰਡੀਅਨ ਨੈਸ਼ਨਲ ਕਾਂਗਰਸ ਦੇ 2 ਅਤੇ 1 ਆਜ਼ਾਦ ਉਮੀਦਵਾਰ ਜੇਤੂ ਰਿਹਾ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਕੌਂਸਲ ਪੱਟੀ ਦੇ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਕੁਲਵਿੰਦਰ ਕੌਰ, ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਹੰਸ ਰਾਜ, ਵਾਰਡ ਨੰਬਰ 3 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਮਨਦੀਪ ਕੌਰ, ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਸੁਨੀਲ ਕੁਮਾਰ, ਵਾਰਡ ਨੰਬਰ 5 ਤੋਂ ਆਜ਼ਾਦ ਉਮੀਦਵਾਰ ਆਸ਼ਾ ਰਾਣੀ, ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਰਾਜਪ੍ਰੀਤ ਸਿੰਘ, ਵਾਰਡ ਨੰਬਰ 7 ਤੋਂ ਆਜ਼ਾਦ ਉਮੀਦਵਾਰ ਸ਼ੀਨਾ, ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਸੁਖਨਿੰਦਰ ਸਿੰਘ, ਵਾਰਡ ਨੰਬਰ 9 ਤੋਂ ਆਮ ਆਦਮੀ ਪਾਰਟੀ ਦੀ ਰਜਵੰਤ ਕੌਰ, ਵਾਰਡ ਨੰਬਰ 10 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੋਮਲ ਕੁਮਾਰ ਜੈਨ, ਵਾਰਡ ਨੰਬਰ 11 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਸੁਨੀਤਾ ਰਾਣੀ, ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੇ ਸੁਰਜੀਤ ਸਿੰਘ, ਵਾਰਡ ਨੰਬਰ 13 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਬਲਬੀਰ ਕੌਰ, ਵਾਰਡ ਨੰਬਰ 14 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਗੁਰਪ੍ਰੀਤ ਸਿੰਘ, ਵਾਰਡ ਨੰਬਰ 15 ਤੋਂ ਆਮ ਆਦਮੀ ਪਾਰਟੀ ਦੀ ਹਰਮੀਤ ਕੌਰ, ਵਾਰਡ ਨੰਬਰ 16 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਜਗਮੀਤ ਸਿੰਘ ਭੁੱਲਰ, ਵਾਰਡ ਨੰਬਰ 17 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਰਨਬੀਰ ਸਿੰਘ, ਵਾਰਡ ਨੰਬਰ 18 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਨਿਸ਼ਾਨ ਸਿੰਘ ਅਤੇ ਵਾਰਡ ਨੰਬਰ 19 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਮਨਜਿੰਦਰ ਕੌਰ ਜੇਤੂ ਰਹੀ।ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਨਗਰ ਪੰਚਾਇਤ ਭਿੱਖੀਵਿੰਡ ਦੇ ਵਾਰਡ ਨੰਬਰ 1 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮਨਜੀਤ ਸਿੰਘ, ਵਾਰਡ ਨੰਬਰ 3 ਤੋਂ ਆਮ ਆਦਮੀ ਪਾਰਟੀ ਦੀ ਜਸਬੀਰ ਕੌਰ, ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਬਖਸ਼ੀਸ਼ ਸਿੰਘ, ਵਾਰਡ ਨੰਬਰ 5 ਤੋਂ ਆਮ ਆਦਮੀ ਪਾਰਟੀ ਦੀ ਸਵਿੰਦਰ ਕੌਰ, ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਸਰਬਜੀਤ ਸਿੰਘ, ਵਾਰਡ ਨੰਬਰ 7 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਕਰਨਦੀਪ ਕੌਰ, ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਹਰਪਾਲ ਸਿੰਘ, ਵਾਰਡ ਨੰਬਰ 9 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਬਜੀਤ ਕੌਰ, ਵਾਰਡ ਨੰਬਰ 10 ਤੋਂ ਆਮ ਆਦਮੀ ਪਾਰਟੀ ਦੇ ਵਿਨੈ ਮਲਹੋਤਰਾ, ਵਾਰਡ ਨੰਬਰ 11 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਸ਼ਿਖਾ ਕੱਕੜ, ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੀ ਕਮਲਪ੍ਰੀਤ ਕੌਰ ਅਤੇ ਵਾਰਡ ਨੰਬਰ 13 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਿਸ਼ਨ ਪਾਲ ਜੇਤੂ ਰਹੇ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 2 ਤੋਂ ਆਮ ਆਦਮੀ ਪਾਰਟੀ ਦੇ ਸੁਖਦੇਵ ਸਿੰਘ ਪਹਿਲਾਂ ਹੀ ਬਿਨਾਂ ਮੁਕਾਬਲਾ ਜੇਤੂ ਐਲਾਨੇ ਗਏ ਸਨ

## ਨੈਕਸਸ ਅੰਮ੍ਰਿਤਸਰ ਵੱਲੋਂ 'ਸਨੀਕਰ ਐਂਡ ਡੈਨਿਮ ਫੈਸਟ' ਦੀ ਸ਼ੁਰੂਆਤ

### ਡੈਨਿਮ ਰਿਵਾਈਵਲ ਵਰਕਸ਼ਾਪ ਰਾਹੀਂ ਨੌਜਵਾਨਾਂ ਨੂੰ ਮਿਲੇਗਾ ਰਚਨਾਤਮਕ ਮੰਚ




ਅੰਮ੍ਰਿਤਸਰ, 29 ਮਈ (ਗੁਰਦਿਆਲ ਸਿੰਘ) : ਗਰਮੀਆਂ ਦੀਆਂ ਛੁੱਟੀਆਂ ਦੌਰਾਨ ਰਚਨਾਤਮਕਤਾ ਅਤੇ ਫੈਸ਼ਨ ਦਾ ਅਨੋਖਾ ਮੇਲ ਲੈ ਕੇ ਨੈਕਸਸ ਅੰਮ੍ਰਿਤਸਰ ਇੱਕ ਵਾਰ ਫਿਰ 'ਡੈਨਿਮ ਐਂਡ ਸਨੀਕਰ ਫੈਸਟ' ਦਾ ਆਯੋਜਨ ਕਰ ਰਿਹਾ ਹੈ। ਸ਼ਹਿਰ ਦੇ ਪ੍ਰਮੁੱਖ ਲਾਈਫਸਟਾਈਲ ਡੈਸਟੀਨੇਸ਼ਨਾਂ ਵਿੱਚੋਂ ਇੱਕ ਨੈਕਸਸ ਅੰਮ੍ਰਿਤਸਰ ਵੱਲੋਂ ਕਰਵਾਇਆ ਜਾ ਰਿਹਾ ਇਹ ਤਿੰਨ ਦਿਨਾਂ ਦਾ ਫੈਸਟ 29 ਮਈ ਤੋਂ 31 ਮਈ ਤੱਕ ਚੱਲੇਗਾ। ਇਸ ਸਮਾਗਮ ਵਿੱਚ ਫੈਸ਼ਨ, ਸਸਟੇਨੇਬਿਲਿਟੀ ਅਤੇ ਕ੍ਰੀਏਟਿਵਿਟੀ ਦਾ ਖਾਸ ਮੇਲ ਵੇਖਣ ਨੂੰ ਮਿਲੇਗਾ।ਇੰਟਰਨੈਸ਼ਨਲ ਸਕੂਲ ਆਫ ਫੈਸ਼ਨ ਐਂਡ ਡਿਜ਼ਾਈਨ (ਆਈਐਨਆਈਐਫਡੀ), ਅੰਮ੍ਰਿਤਸਰ ਦੇ ਸਹਿਯੋਗ ਨਾਲ ਹੋ ਰਹੇ ਇਸ ਫੈਸਟ ਵਿੱਚ ਪੁਰਾਣੇ ਡੈਨਿਮ ਨੂੰ ਨਵੀਂ ਅਤੇ ਆਕਰਸ਼ਕ ਕਲਾ ਅਤੇ ਫੈਸ਼ਨ ਡਿਜ਼ਾਈਨਾਂ ਵਿੱਚ ਬਦਲਣ ਦੀ ਵਿਲੱਖਣ ਪਹਿਲ ਕੀਤੀ ਜਾਵੇਗੀ। ਆਈਐਨਆਈਐਫਡੀ ਅੰਮ੍ਰਿਤਸਰ ਦੇ ਵਿਦਿਆਰਥੀ ਪੁਰਾਣੇ ਡੈਨਿਮ ਤੋਂ ਨਵੇਂ ਫੈਸ਼ਨ ਪੀਸ ਅਤੇ ਆਰਟ ਇੰਸਟਾਲੇਸ਼ਨ ਤਿਆਰ ਕਰਨਗੇ, ਜੋ ਉਨ੍ਹਾਂ ਦੀ ਰਚਨਾਤਮਕ ਸੋਚ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਨੂੰ ਦਰਸਾਉਣਗੇ। 'ਡੈਨਿਮ ਰਿਵਾਈਵਲ ਫੈਸਟ' ਰਾਹੀਂ ਨੈਕਸਸ ਅੰਮ੍ਰਿਤਸਰ ਨੌਜਵਾਨ ਪ੍ਰਤਿਭਾਵਾਂ ਨੂੰ ਆਪਣੀ ਕਲਾ, ਡਿਜ਼ਾਇਨ ਅਤੇ ਕ੍ਰਾਫਟਮੈਨਸ਼ਿਪ ਦਿਖਾਉਣ ਲਈ ਵਿਸ਼ੇਸ਼ ਮੰਚ ਪ੍ਰਦਾਨ ਕਰ ਰਿਹਾ ਹੈ। ਫੈਸਟ ਵਿੱਚ ਅਪਸਾਈਕਲਡ ਡੈਨਿਮ ਨਾਲ ਤਿਆਰ ਕੀਤੇ ਆਕਰਸ਼ਕ ਡਿਜ਼ਾਇਨ, ਕਲਾਤਮਕ ਪ੍ਰਦਰਸ਼ਨੀਆਂ ਅਤੇ ਨਵੇਂ ਯੁੱਗ ਦੀਆਂ ਫੈਸ਼ਨ ਕ੍ਰੀਏਸ਼ਨਜ਼ ਲੋਕਾਂ ਦਾ ਧਿਆਨ ਖਿੱਚਣਗੀਆਂ।ਇਹ ਸਮਾਗਮ ਫੈਸ਼ਨ ਪ੍ਰੇਮੀਆਂ, ਕਲਾ ਦੇ ਸ਼ੌਕੀਨਾਂ ਅਤੇ ਸਸਟੇਨੇਬਲ ਲਾਈਫਸਟਾਈਲ ਨੂੰ ਅਪਣਾਉਣ ਵਾਲੇ ਲੋਕਾਂ ਲਈ ਖਾਸ ਤਜਰਬਾ ਸਾਬਤ ਹੋਵੇਗਾ। ਛੁੱਟੀਆਂ ਦੇ ਇਸ ਮੌਸਮ ਵਿੱਚ ਸ਼ਾਪਿੰਗ ਅਤੇ ਮਨੋਰੰਜਨ ਦੇ ਨਾਲ ਲੋਕਾਂ ਨੂੰ ਕੁਝ ਨਵਾਂ ਅਤੇ ਪ੍ਰੇਰਣਾਦਾਇਕ ਦੇਖਣ ਦਾ ਮੌਕਾ ਮਿਲੇਗਾ।ਫੈਸਟ ਦੌਰਾਨ ਨੈਕਸਸ ਅੰਮ੍ਰਿਤਸਰ ਦਾ ਮਾਹੌਲ ਰਚਨਾਤਮਕਤਾ, ਊਰਜਾ ਅਤੇ ਇੰਟਰਐਕਟਿਵ ਐਕਟੀਵਿਟੀਆਂ ਨਾਲ ਭਰਪੂਰ ਰਹੇਗਾ, ਜਿੱਥੇ ਹਰ ਕੋਨਾ ਸੈਲਫ-ਐਕਸਪ੍ਰੈਸ਼ਨ, ਸਸਟੇਨੇਬਲ ਫੈਸ਼ਨ ਅਤੇ ਕਲਾਤਮਕ ਨਵੀਨਤਾ ਦੀ ਝਲਕ ਪੇਸ਼ ਕਰੇਗਾ।

## ਜਨਗਣਨਾ ਦਾ ਕੰਮ ਸਭ ਤੋਂ ਪਹਿਲਾਂ ਮੁਕੰਮਲ ਕਰਨ ਵਾਲਿਆਂ ਨੂੰ ਕੀਤਾ ਸਨਮਾਨਿਤ



ਚੋਹਲਾ ਸਾਹਿਬ, 29 ਮਈ (ਭਗਤ ਸਿੰਘ ਸੰਧੂ) : ਜਨਗਣਨਾ-2027 ਦੇ ਪਹਿਲੇ ਫੇਜ਼ (ਹਾਊਸ ਲਿਸਟਿੰਗ ਆਪਰੇਸ਼ਨ) ਦਾ ਕੰਮ ਸਭ ਤੋਂ ਪਹਿਲਾਂ ਮੁਕੰਮਲ ਕਰਨ ਵਾਲੇ ਗਿਣਤੀਕਾਰਾਂ ਅਤੇ ਸੁਪਰਵਾਈਜ਼ਰ ਨੂੰ ਅੱਜ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ਼ ਅਫ਼ਸਰ ਤਰਨ ਤਾਰਨ ਸ੍ਰੀ ਰਾਹੁਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਉੱਪ ਅਰਥ ਤੇ ਅੰਕੜਾ ਸਲਾਹਕਾਰ-ਕਮ-ਨੋਡਲ ਅਫਸਰ ਡਾ. ਅਮਨਦੀਪ ਸਿੰਘ ਸੈਣੀ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।ਸਨਮਾਨਿਤ ਹੋਣ ਵਾਲੇ ਗਿਣਤੀਕਾਰਾਂ ਵਿੱਚ ਤਹਿਸੀਲ ਪੱਟੀ ਤੋਂ ਨੀਲਮ ਕੌਰ, ਜਗਦੀਪ ਕੌਰ ਤੇ ਮਨਜੀਤ ਕੌਰ, ਤਹਿਸੀਲ ਭਿੱਖੀਵਿੰਡ ਤੋਂ ਪਰਮਜੀਤ ਕੌਰ, ਨਗਰ ਕੌਂਸਲ ਪੱਟੀ ਤੋਂ ਵਿਜੇ ਕੁਮਾਰ ਪਾਲ, ਗੁਰਪ੍ਰੀਤ ਸਿੰਘ, ਗੀਤਿਕਾ ਤੇ ਸੀਮਾ ਸ਼ਰਮਾ ਅਤੇ ਨਗਰ ਪੰਚਾਇਤ ਖੇਮਕਰਨ ਤੋਂ ਚਰਨਜੀਤ ਰਾਮ, ਗਗਨਦੀਪ ਕੌਰ, ਇੰਦੂ ਬਾਲਾ, ਮਨਪ੍ਰੀਤ ਅਤੇ ਕੋਮਲ ਰਾਣੀ ਸ਼ਾਮਿਲ ਸਨ।ਇਸੇ ਤਰ੍ਹਾਂ ਨਗਰ ਪੰਚਾਇਤ ਖੇਮਕਰਨ ਤੋਂ ਸੁਪਰਵਾਈਜ਼ਰ ਅਰਵਿੰਦ ਪਾਸੀ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਆਪਣਾ ਪੂਰਾ ਸਰਕਲ ਸਭ ਤੋਂ ਪਹਿਲਾਂ ਮੁਕੰਮਲ ਕੀਤਾ ਹੈ।ਸ੍ਰੀ ਰਾਹੁਲ ਨੇ ਦੱਸਿਆ ਕਿ ਇਹ ਕੰਮ 15-05-2026 ਤੋਂ ਸ਼ੁਰੂ ਹੋਇਆ ਸੀ, ਜੋ ਕਿ 13-06-2026 ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਤਰਨ ਤਾਰਨ ਜ਼ਿਲ੍ਹੇ ਅੰਦਰ 1950 ਗਿਣਤੀਕਾਰ ਅਤੇ 323 ਸੁਪਰਵਾਈਜ਼ਰ ਤਾਇਨਾਤ ਕੀਤੇ ਗਏ ਹਨ, ਜੋ ਕਿ ਘਰ-ਘਰ ਜਾ ਕੇ ਆਨਲਾਈਨ ਪੋਰਟਲ ਤੇ ਡਾਟਾ ਇਕੱਤਰ ਕਰ ਰਹੇ ਹਨ। ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਸਰਕਾਰ ਦੇ ਇਸ ਮਹੱਤਵਪੂਰਨ ਕੰਮ ਵਿੱਚ ਅਧਿਕਾਰੀਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਡਿਪਟੀ ਕਮਿਸ਼ਨਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਜਨਗਣਨਾ ਦੇ ਇਸ ਕੰਮ ਵਿੱਚ ਕਿਸੇ ਵੀ ਨਾਗਰਿਕ ਕੋਲੋਂ ਕਿਸੇ ਵੀ ਤਰ੍ਹਾਂ ਦੇ ਦਸਤਾਵੇਜ਼, ਜਿਵੇਂ ਕਿ ਆਧਾਰ ਕਾਰਡ/ਪੈਨ ਕਾਰਡ ਜਾਂ ਓ.ਟੀ.ਪੀ ਆਦਿ ਦੀ ਮੰਗ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅਧਿਕਾਰਿਤ ਗਿਣਤੀਕਾਰਾਂ ਨੂੰ ਸਰਕਾਰ ਵੱਲੋਂ ਆਈ.ਡੀ ਕਾਰਡ ਜਾਰੀ ਕੀਤਾ ਗਿਆ ਹੈ, ਜਿਸ 'ਤੇ ਕਿਊ.ਆਰ ਕੋਡ ਦਰਜ ਹੈ। ਇਸ ਤੋਂ ਕਿਸੇ ਵੀ ਨਾਗਰਿਕ ਨੂੰ ਗਿਣਤੀਕਾਰ ਦੀ ਪੂਰੀ ਡਿਟੇਲ ਮੁਹੱਈਆ ਹੋ ਸਕਦੀ ਹੈ।

## ਤੀਰਥ ਯਾਤਰਾ ਯੋਜਨਾ ਤਹਿਤ ਲਖਵਿੰਦਰ ਸਿੰਘ ਵੱਲੋਂ ਬੱਸ ਰਵਾਨਾ




ਚੋਗਾਵਾਂ, 29 ਮਈ (ਸੁਬੇਗ ਸਿੰਘ ਸੋਨਾ) : ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਤੀਰਥ ਯਾਤਰਾ ਯੋਜਨਾ ਦੇ ਉਪਰਾਲੇ ਤਹਿਤ ਸ਼ਰਧਾਲੂਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਇਸ ਤਹਿਤ ਅੱਜ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭਿੰਡੀ ਸੈਦਾ ਤੋਂ ਸ਼ਰਧਾਲੂਆਂ ਦੇ ਜਥੇ ਦੀ 17ਵੀਂ ਬੱਸ ਹਲਕਾ ਇੰਚਾਰਜ ਸੋਨੀਆ ਮਾਨ ਦੀ ਅਗਵਾਈ ਹੇਠ ਚੇਅਰਮੈਨ ਲਖਵਿੰਦਰ ਸਿੰਘ ਲੱਖਾ ਭਿੰਡੀ ਸੈਦਾਂ ਅਤੇ ਉਹਨਾਂ ਦੀ ਮਾਤਾ ਭਜਨ ਕੌਰ ਨੇ ਹਰੀ ਝੰਡੀ ਦੇ ਕੇ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ । ਇਸ ਮੌਕੇ ਉਹਨਾਂ ਦੇ ਨਾਲ਼ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰੇਸ਼ਮ ਵੜੈਚ, ਵਿਰਾਸਤ ਸੇਵਾ ਸੰਗਠਨ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ ਸਹੂਰਾ, ਪੰਚਾਇਤ ਅਫਸਰ ਸਾਹਬ ਸਿੰਘ, ਨਾਲ ਮੌਜੂਦ ਸਨ। ਇਸ ਮੌਕੇ ਚੇਅਰਮੈਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਸ਼ਰਧਾਲੂਆਂ ਦਾ ਜਥਾ ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਨੈਣਾਂ ਦੇਵੀ ਅਤੇ ਹੋਰ ਕਈ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਰਵਾਨਾ ਕੀਤਾ ਹੈ। ਸ਼ਰਧਾਲੂਆਂ ਦੇ ਵੱਲੋਂ ਖੁਸ਼ੀ ਦਾ ਇਜ਼ਹਾਰ ਭੰਗੜੇ ਪਾ ਕੇ ਕੀਤਾ ਗਿਆ। ਅਖੀਰ ਦੇ ਵਿੱਚ ਚੇਅਰਮੈਨ ਲਖਵਿੰਦਰ ਸਿੰਘ ਨੇ ਸੋਨੀਆ ਮਾਨ ਦਾ ਅਤੇ ਸਮੁੱਚੀ ਆਮ ਪਾਰਟੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ 'ਤੇ ਐਸ ਐਚ ਓ ਗੁਰਪ੍ਰੀਤ ਸਿੰਘ ਥਾਣਾ ਭਿੰਡੀ ਸੈਦਾਂ, ਸਰਪੰਚ ਮਹਿੰਦਰ ਸਿੰਘ ਛੰਨ ਘੋਂਗਾ, ਬਿੱਲਾ ਸਿੰਘ, ਬਗੀਚਾ ਸਿੰਘ, ਨਿਸ਼ਾਨ ਸਿੰਘ, ਸੁਰਿੰਦਰ ਸਿੰਘ ਫੌਜੀ, ਗੋਪੀ, ਆਦਿ ਹਾਜ਼ਰ ਸਨ।

## ਲੋਕਾਂ ਦੇ ਪਿਆਰ ਤੇ ਵਿਸ਼ਵਾਸ ਨੇ ਹਰ ਸਿਆਸੀ ਗੱਠਜੋੜ ਨੂੰ ਹਰਾਇਆ : ਰਾਣਾ ਇੰਦਰ ਪ੍ਰਤਾਪ ਸਿੰਘ



ਸੁਲਤਾਨਪੁਰ ਲੋਧੀ, 29 ਮਈ (ਚ.ਨ.ਸ.): ਸੁਲਤਾਨਪੁਰ ਲੋਧੀ ਤੋਂ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਅੱਜ ਇੱਕ ਬਿਆਨ ਜਾਰੀ ਕਰਦਿਆਂ ਸੁਲਤਾਨਪੁਰ ਲੋਧੀ ਹਲਕੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਸ਼ਹਿਰ ਅਤੇ ਪਿੰਡਾਂ ਦੇ ਲੋਕਾਂ ਨੇ ਹਮੇਸ਼ਾਂ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰ ਵਾਂਗ ਪਿਆਰ, ਸਤਿਕਾਰ ਅਤੇ ਮਜ਼ਬੂਤ ਸਹਿਯੋਗ ਦਿੱਤਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਅਥਾਹ ਪਿਆਰ ਅਤੇ ਭਰੋਸੇ ਸਦਕਾ ਹੀ ਪਹਿਲਾਂ ਉਨ੍ਹਾਂ ਨੂੰ ਵਿਧਾਇਕ ਬਣਨ ਦਾ ਮਾਣ ਮਿਲਿਆ, ਫਿਰ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਵੀ ਭਰਵੀਂ ਜਿੱਤ ਪ੍ਰਾਪਤ ਹੋਈ ਅਤੇ ਹੁਣ ਮਿਊਂਸਪਲ ਕਮੇਟੀ ਦੀਆਂ 13 ਵਾਰਡਾਂ ਵਿੱਚੋਂ 7 ਵਾਰਡਾਂ ਵਿੱਚ ਉਨ੍ਹਾਂ ਦੇ ਸਮਰਥਿਤ ਉਮੀਦਵਾਰਾਂ ਨੂੰ ਜਿਤਾ ਕੇ ਲੋਕਾਂ ਨੇ ਬਹੁਮਤ ਦਿੱਤਾ ਹੈ।ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਕੋਈ ਆਮ ਚੋਣ ਨਹੀਂ ਸੀ, ਸਗੋਂ ਕਈ ਵਾਰਡਾਂ ਵਿੱਚ ਚਾਰ ਵੱਡੇ ਸਿਆਸੀ ਧੜੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ,ਆਮ ਆਦਮੀ ਪਾਰਟੀ ਅਤੇ ਬੀਜੇਪੀ ਪਾਰਟੀਆਂ ਇਕੱਠੇ ਹੋ ਕੇ ਉਨ੍ਹਾਂ ਦੇ ਵਿਰੁੱਧ ਮੈਦਾਨ ਵਿੱਚ ਉਤਰੇ ਹੋਏ ਸਨ। ਪਰ ਸੁਲਤਾਨਪੁਰ ਲੋਧੀ ਦੀ ਸੂਝਵਾਨ ਸੈਂਟਰਾਂ ਨੇ ਇਹ ਸਾਬਤ ਕਰ ਦਿੱਤਾ ਕਿ ਸੱਚੀ ਨੀਅਤ, ਲੋਕ ਸੇਵਾ ਅਤੇ ਪਿਆਰ ਅੱਗੇ ਹਰ ਸਿਆਸੀ ਗਠਜੋੜ ਫੇਲ੍ਹ ਹੋ ਜਾਂਦਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਗਿਆ ਇਹ ਪਿਆਰ ਅਤੇ ਵਿਸ਼ਵਾਸ ਉਨ੍ਹਾਂ ਲਈ ਸਭ ਤੋਂ ਵੱਡੀ ਤ੍ਰਾਕਤ ਹੈ ਅਤੇ ਉਹ ਹਮੇਸ਼ਾਂ ਇਸ ਦੇ ਰਿਣੀ ਰਹਿਣਗੇ। ਉਨ੍ਹਾਂ ਹਲਕੇ ਦੇ ਹਰ ਨਿਵਾਸੀ ਨਾਲ ਵਾਅਦਾ ਕਰਦਿਆਂ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਜਿੰਨੇ ਵੀ ਵਿਕਾਸ ਕਾਰਜ ਅਧੂਰੇ ਪਏ ਹਨ, ਉਨ੍ਹਾਂ ਨੂੰ ਦਿਨ-ਰਾਤ ਇੱਕ ਕਰਕੇ ਜਲਦ ਤੋਂ ਜਲਦ ਪੂਰਾ ਕਰਵਾਇਆ ਜਾਵੇਗਾ।ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਉਹ ਪਹਿਲਾਂ ਵਾਂਗ ਹੀ ਲੋਕਾਂ ਦੀ ਸੇਵਾ ਲਈ ਹਮੇਸ਼ਾਂ ਹਾਜ਼ਰ ਹਨ ਅਤੇ ਭਵਿੱਖ ਵਿੱਚ ਵੀ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਹਲਕੇ ਦੀ ਤਰੱਕੀ ਅਤੇ ਲੋਕ ਭਲਾਈ ਲਈ ਕੰਮ ਕਰਦੇ ਰਹਿਣਗੇ

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਹੋਣਹਾਰ ਵਿਦਿਆਰਥੀਆਂ ਦਾ ਇਨਾਮ ਵੰਡ ਸਮਾਰੋਹ ਕਰਵਾਇਆ



ਅੰਮ੍ਰਿਤਸਰ, 29 ਮਈ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਚਲਾਏ ਜਾ ਰਹੇ ਮੁੱਖ ਅਦਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਦੇ ਕਲਗੀਧਰ ਆਡੀਟੋਰੀਅਮ ਵਿਖੇ ਸਾਲ 2025-26 ਦੇ ਸੀ.ਬੀ.ਐਸ.ਈ. ਬੋਰਡ ਦੇ ਦੱਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਮੈਰਿਟ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ । ਇਸ ਸਮਾਰੋਹ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਪ੍ਰੋਗਰਾਮ ਦਾ ਆਰੰਭ ਪਰਮਾਤਮਾ ਦੀ ਓਟ ਆਸਰਾ ਲੈਣ ਲਈ ਸਕੂਲ ਸ਼ਬਦ ਨਾਲ ਕੀਤਾ ਗਿਆ । ਸਕੂਲ ਦੇ ਮੈਂਬਰ ਇੰਚਾਰਜ ਸ੍ਰ. ਰਬਿੰਦਰਬੀਰ ਸਿੰਘ ਭੱਲਾ ਨੇ ਮੁੱਖ ਮਹਿਮਾਨ ਅਤੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਆਖਿਆ । ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਵਾਗਤੀ ਗੀਤ ਨਾਲ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ । ਵਿਦਿਆਰਥੀਆਂ ਵੱਲੋਂ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ, ਜਿਸ ਦਾ ਆਏ ਹੋਏ ਮਹਿਮਾਨਾਂ ਨੇ ਖੂਬ ਆਨੰਦ ਮਾਣਿਆ। ਉਪਰੰਤ ਸਾਲ 2025-26 ਦੇ ਬਾਰ੍ਹਵੀਂ ਜਮਾਤ ਦੇ ਮੈਡੀਕਲ, ਕਾਮਰਸ, ਨਾਨ-ਮੈਡੀਕਲ ਅਤੇ ਆਰਟਸ ਗਰੁੱਪ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਅਤੇ 85% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਅਤੇ ਦੱਸਵੀਂ ਜਮਾਤ ਦੇ 95% ਤੋਂ ਵੱਧ ਤੱਕ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਉਹਨਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਟਰਾਫੀਆਂ, ਸਰਟੀਫਿਕੇਟ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ । ਸਕੂਲ ਦੇ 372 ਵਿਦਿਆਰਥੀਆਂ ਨੇ +2 ਦੀ ਪ੍ਰੀਖਿਆ ਦਿੱਤੀ ਜਿਨ੍ਹਾਂ ਵਿੱਚੋਂ 20 ਵਿਦਿਆਰਥੀਆਂ ਨੇ 95% ਅਤੇ ਇਸ ਤੋਂ ਵੱਧ ਅੰਕ ਅਤੇ 46 ਵਿਦਿਆਰਥੀਆਂ ਨੇ 90% ਅਤੇ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਮੁੱਲਾਂ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਬਨਣ ਦਾ ਸੁਨੇਹਾ ਦਿੱਤਾ ਅਤੇ ਆਪਣੇ ਹੁਨਰ ਅਤੇ ਕਾਬਲੀਅਤ ਅਨੁਸਾਰ ਭਵਿੱਖ ਦੇ ਟੀਚੇ ਨਿਰਧਾਰਿਤ ਕਰਕੇ ਆਪਣੀ ਸ਼ਖਸੀਅਤ ਨਿਖਾਰਨ ਦੀ ਪ੍ਰੇਰਨਾ ਦਿੱਤੀ । ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ, ਪੁਸਤਕਾਂ ਪੜ੍ਹਨ ਅਤੇ ਸਿੱਖੀ ਨਾਲ ਜੁੜੇ ਰਹਿਣ ਦੀ ਵੀ ਪ੍ਰੇਰਨਾ ਦਿੱਤੀ । ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਸ਼੍ਰੀਮਤੀ ਕਵਲਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ । ਪ੍ਰੋਗਰਾਮ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ. ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸੱਕਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ. ਰਮਣੀਕ ਸਿੰਘ, ਐਡੀ: ਆਨਰੇਰੀ ਸਕੱਤਰ ਸ੍ਰ. ਜਸਪਾਲ ਸਿੰਘ ਢਿੱਲੋਂ, ਐਡੀ: ਆਨਰੇਰੀ ਸੱਕਤਰ ਸ੍ਰ. ਹਰਵਿੰਦਰਪਾਲ ਸਿੰਘ ਚੁੱਘ, ਸਕੂਲ ਮੈਂਬਰ ਇੰਚਾਰਜ ਸ੍ਰ. ਆਦਰਸ਼ ਪਿੰਦਰ ਸਿੰਘ ਮਾਨ, ਮੈਂਬਰ ਇੰਚਾਰਜ ਸ੍ਰ. ਰਬਿੰਦਰਬੀਰ ਸਿੰਘ ਭੱਲਾ, ਮੈਂਬਰ ਇੰਚਾਰਜ ਸ੍ਰ. ਸਰਜੋਤ ਸਿੰਘ ਸਾਹਨੀ, ਸ੍ਰ. ਭੁਪਿੰਦਰ ਸਿੰਘ, ਸ੍ਰ. ਮੋਹਨਜੀਤ ਸਿੰਘ ਭੱਲਾ, ਸ੍ਰ. ਆਤਮਜੀਤ ਸਿੰਘ ਬਸਰਾ, ਡਾਇਰੈਕਟਰ ਡਾ: ਏ.ਪੀ.ਐਸ. ਚਾਵਲਾ, ਡਿਪਟੀ ਡਾਇਰੈਕਟਰ ਸ਼੍ਰੀਮਤੀ ਉਰਮਿੰਦਰ ਕੌਰ, ਪ੍ਰਿੰਸੀਪਲ ਸ਼੍ਰੀਮਤੀ ਕਵਲਪ੍ਰੀਤ ਕੌਰ, ਮੁੱਖ ਅਧਿਆਪਕਾ ਸ਼੍ਰੀਮਤੀ ਨਿਸ਼ਚਿੰਤ ਕੌਰ, ਅਧਿਆਪਕ ਸਾਹਿਬਾਨ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

## ਮੇਰਾ ਯੁਵਾ ਭਾਰਤ ਵਲੰਟੀਅਰਾਂ ਨੇ ਬਿਰਧ ਘਰ ਵਿਖੇ ਬਜ਼ੁਰਗਾਂ ਨਾਲ ਬਿਤਾਇਆ ਸਮਾਂ



ਚੋਹਲਾ ਸਾਹਿਬ, 29 ਮਈ (ਭਗਤ ਸਿੰਘ ਸੰਧੂ) : ਮੇਰਾ ਯੁਵਾ ਭਾਰਤ, ਤਰਨ ਤਾਰਨ ਦੇ ਵਲੰਟੀਅਰਾਂ ਨੇ ਡਿਪਟੀ ਡਾਇਰੈਕਟਰ ਜਸਲੀਨ ਕੌਰ ਦੀ ਦੇਖ-ਰੇਖ ਹੇਠ ਬਿਰਧ ਘਰ, ਤਰਨ ਤਾਰਨ ਵਿਖੇ ਆਯੋਜਿਤ ਅਨੁਭਵ ਸਿੱਖਿਆ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਭਾਗ ਲਿਆ। ਇਸ ਪ੍ਰੋਗਰਾਮ ਦਾ ਮਕਸਦ ਨੌਜਵਾਨਾਂ ਵਿੱਚ ਸੰਵੇਦਨਸ਼ੀਲਤਾ, ਦਇਆ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।ਦੌਰੇ ਦੌਰਾਨ ਵਲੰਟੀਅਰਾਂ ਨੇ ਬਜ਼ੁਰਗਾਂ ਨਾਲ ਸਮਾਂ ਬਿਤਾਇਆ, ਉਨ੍ਹਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਜੀਵਨ ਕਹਾਣੀਆਂ ਸੁਣੀਆਂ ਅਤੇ ਆਪਣੇ ਅਨੁਭਵ ਸਾਂਝੇ ਕੀਤੇ। ਇਸ ਨਾਲ ਇਕ ਪਿਆਰ ਭਰਿਆ ਅਤੇ ਸਹਿਯੋਗੀ ਮਾਹੌਲ ਤਿਆਰ ਹੋਇਆ।ਵਲੰਟੀਅਰਾਂ ਨੇ ਬਜ਼ੁਰਗਾਂ ਨੂੰ ਭੋਜਨ ਪਰੋਸਣ ਵਿੱਚ ਵੀ ਸਹਾਇਤਾ ਕੀਤੀ ਅਤੇ ਉਨ੍ਹਾਂ ਦੀ ਦੇਖਭਾਲ ਅਤੇ ਸੁਵਿਧਾ ਦਾ ਖਿਆਲ ਰੱਖਿਆ । ਇਸ ਅਨੁਭਵ ਨੇ ਉਨ੍ਹਾਂ ਨੂੰ ਬਜ਼ੁਰਗਾਂ ਪ੍ਰਤੀ ਆਦਰ, ਸੇਵਾ ਅਤੇ ਸੰਵੇਦਨਸ਼ੀਲਤਾ ਦਾ ਮਹੱਤਵ ਸਮਝਾਇਆ। ਇਹ ਪਹਿਲ ਵਲੰਟੀਅਰਾਂ ਲਈ ਇਕ ਮਹੱਤਵਪੂਰਨ ਸਿੱਖਿਆਤਮਕ ਅਨੁਭਵ ਸਾਬਤ ਹੋਈ ਅਤੇ ਨਾਲ ਹੀ ਬਿਰਧ ਘਰ ਦੇ ਨਿਵਾਸੀਆਂ ਲਈ ਖੁਸ਼ੀ ਅਤੇ ਆਪਣੇਪਨ ਦਾ ਕਾਰਨ ਬਣੀ। ਇਹ ਪ੍ਰੋਗਰਾਮ ਮੇਰਾ ਯੁਵਾ ਭਾਰਤ ਦੀ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਨੌਜਵਾਨ ਤਿਆਰ ਕਰਨ ਅਤੇ ਸਮੁਦਾਇਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਪ੍ਰੋਗਰਾਮ ਦਾ ਸਮਾਪਨ ਭਾਵੁਕ ਮਾਹੌਲ ਵਿੱਚ ਹੋਇਆ, ਜਿਥੇ ਵਲੰਟੀਅਰਾਂ ਅਤੇ ਬਜ਼ੁਰਗਾਂ ਦੋਵਾਂ ਨੇ ਇਸ ਅਨੁਭਵ ਲਈ ਧੰਨਵਾਦ ਪ੍ਰਗਟ ਕੀਤਾ।

# ਨਗਰ ਕੌਂਸਲ ਲੌਂਗੋਵਾਲ 'ਤੇ 'ਆਪ' ਦਾ ਕਬਜ਼ਾ, 15 ਵਿੱਚੋਂ 10 ਸੀਟਾਂ 'ਤੇ ਸ਼ਾਨਦਾਰ ਜਿੱਤ



ਲੌਂਗੋਵਾਲ, 29 ਮਈ (ਭਗਵੰਤ ਸ਼ਰਮਾ ) : ਨਗਰ ਕੌਂਸਲ ਲੌਂਗੋਵਾਲ ਦੀਆਂ ਚੋਣਾਂ ਦੇ ਨਤੀਜੇ ਆਉਣ ਨਾਲ ਹੀ ਕਸਬੇ ਦਾ ਮਾਹੌਲ ਪੂਰੀ ਤਰ੍ਹਾਂ ਚੋਣ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। ਅੱਜ ਸਵੇਰੇ ਕਰੀਬ 10 ਵਜੇ ਤੋਂ ਜਿਵੇਂ ਹੀ ਨਤੀਜੇ ਆਉਣੇ ਸ਼ੁਰੂ ਹੋਏ ਤਾਂ ਜੇਤੂ ਉਮੀਦਵਾਰਾਂ ਦੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਵਧਾਈਆਂ ਦਾ ਦੌਰ ਸ਼ੁਰੂ ਹੋ ਗਿਆ। ਦੁਪਹਿਰ ਤੱਕ ਸਾਰੇ ਨਤੀਜੇ ਸਾਹਮਣੇ ਆ ਗਏ, ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 15 ਵਿੱਚੋਂ 10 ਸੀਟਾਂ 'ਤੇ ਜਿੱਤ ਦਰਜ ਕਰਕੇ ਨਗਰ ਕੌਂਸਲ 'ਤੇ ਆਪਣਾ ਕਬਜ਼ਾ ਕਰ ਲਿਆ। ਇਸ ਤੋਂ ਇਲਾਵਾ 4 ਅਜ਼ਾਦ ਉਮੀਦਵਾਰ ਜੇਤੂ ਰਹੇ, ਜਦਕਿ ਇੱਕ ਸੀਟ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਆਈ । ਇਨ੍ਹਾਂ ਨਤੀਜਿਆਂ ਵਿਚ ਵਾਰਡ ਨੰਬਰ 1 ਤੋਂ 'ਆਪ' ਉਮੀਦਵਾਰ ਕਰਮਜੀਤ ਕੌਰ ਪਤਨੀ ਅਮ੍ਰਿਤਪਾਲ ਸਿੰਘ ਕਾਲਾ 416 ਵੋਟਾਂ ਨਾਲ ਜੇਤੂ ਰਹੀ। ਵਾਰਡ ਨੰਬਰ 2 ਤੋਂ ਕਾਂਗਰਸ ਸਮਰਥਿਤ ਅਜ਼ਾਦ ਉਮੀਦਵਾਰ ਗੁਰਮੇਲ ਸਿੰਘ ਚੋਟੀਆਂ 352 ਵੋਟਾਂ ਨਾਲ ਜੇਤੂ ਰਹੇ। ਵਾਰਡ ਨੰਬਰ 3 ਤੋਂ ਆਪ ਉਮੀਦਵਾਰ ਬਲਵੰਤ ਸਿੰਘ ਬੀਟਾ ਜੇਤੂ ਰਹੇ।

ਵਾਰਡ ਨੰਬਰ 4 ਤੋਂ ਅਜ਼ਾਦ ਉਮੀਦਵਾਰ ਗੁਰਪਾਲ ਸਿੰਘ ਪਾਲੀ ਜੇਤੂ ਰਹੇ। ਵਾਰਡ ਨੰਬਰ 5 ਤੋਂ ਸਾਬਕਾ ਨਗਰ ਕੌਂਸਲ ਪ੍ਰਧਾਨ ਜਗਦੇਵ ਸਿੰਘ ਸਿੱਧੂ ਦੀ ਨੂੰਹ ਅਤੇ ਆਪ ਉਮੀਦਵਾਰ ਸਤਵੰਤ ਕੌਰ ਸਿੱਧੂ ਜੇਤੂ ਰਹੀ। ਵਾਰਡ ਨੰਬਰ 6 ਤੋਂ 'ਆਪ' ਉਮੀਦਵਾਰ ਬਲਵਿੰਦਰ ਸਿੰਘ ਜੇਤੂ ਰਹੇ।

ਸਭ ਤੋਂ ਚਰਚਿਤ ਮੰਨੀ ਜਾਂਦੀ ਵਾਰਡ ਨੰਬਰ 7 ਤੋਂ ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ ਦੀ ਪਤਨੀ ਅਤੇ ਅਕਾਲੀ ਦਲ ਨਾਲ ਸੰਬੰਧਤ ਬੀਬੀ ਸਿੰਦਰਪਾਲ ਕੌਰ ਜੇਤੂ ਰਹੀ।

ਵਾਰਡ ਨੰਬਰ 8 ਤੋਂ ਅਜ਼ਾਦ ਉਮੀਦਵਾਰ ਭੁਪਿੰਦਰ ਸਿੰਘ ਗਿੱਲ ਜੇਤੂ ਰਹੇ। ਵਾਰਡ ਨੰਬਰ 9 ਤੋਂ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਨਜ਼ਦੀਕੀ ਮੰਨੇ ਜਾਂਦੇ ਬਲਵਿੰਦਰ ਸਿੰਘ ਢਿੱਲੋਂ ਦੀ ਮਾਤਾ ਅਮਰਜੀਤ ਕੌਰ 327 ਵੋਟਾਂ ਨਾਲ ਜੇਤੂ ਰਹੀ।

ਵਾਰਡ ਨੰਬਰ 10 ਤੋਂ ਆਪ ਉਮੀਦਵਾਰ ਬੁੱਧ ਸਿੰਘ 487 ਵੋਟਾਂ ਨਾਲ ਜੇਤੂ ਰਹੇ।

ਚਰਚਿਤ ਵਾਰਡ ਨੰਬਰ 11 ਤੋਂ 'ਆਪ' ਉਮੀਦਵਾਰ ਰਛਪਾਲ ਕੌਰ ਪਤਨੀ ਬਲਵਿੰਦਰ ਸਿੰਘ 347 ਵੋਟਾਂ ਨਾਲ ਜੇਤੂ ਰਹੀ।

ਵਾਰਡ ਨੰਬਰ 12 ਤੋਂ 'ਆਪ' ਉਮੀਦਵਾਰ ਕੁਲਦੀਪ ਸਿੰਘ ਬੰਟੀ ਮਾਨ ਜੇਤੂ ਰਹੇ। ਵਾਰਡ ਨੰਬਰ 13 ਤੋਂ ਸਰਬਜੀਤ ਕੌਰ ਪਤਨੀ ਜਸਵਿੰਦਰ ਸਿੰਘ ਨੱਪੀ ਜੇਤੂ ਰਹੀ। ਵਾਰਡ ਨੰਬਰ 14 ਤੋਂ ਆਪ ਉਮੀਦਵਾਰ ਜਸਵੀਰ ਕੌਰ ਪਤਨੀ ਗੁਰਸੇਵਕ ਸਿੰਘ 478 ਵੋਟਾਂ ਨਾਲ ਜੇਤੂ ਰਹੀ। ਵਾਰਡ ਨੰਬਰ 15 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੰਨੋ ਦੇਵੀ ਜੇਤੂ ਰਹੀ।

ਕਾਂਗਰਸ ਦੇ ਚੋਣ ਨਿਸ਼ਾਨ ਤੇ ਚੋਣ ਲੜਨ ਵਾਲੇ ਉਮੀਦਵਾਰਾਂ ਵਿੱਚੋਂ ਕੋਈ ਵੀ ਜੇਤੂ ਨਹੀਂ ਹੋ ਸਕਿਆ।

ਚੋਣ ਨਤੀਜਿਆਂ ਤੋਂ ਬਾਅਦ ਜਿੱਤੇ ਹੋਏ ਸਾਰੇ ਉਮੀਦਵਾਰਾਂ ਦੇ ਸਮਰਥਕਾਂ ਵੱਲੋਂ ਖੁਸ਼ੀ ਮਨਾਈ ਗਈ ਅਤੇ ਜੇਤੂ ਉਮੀਦਵਾਰਾਂ ਦੇ ਘਰਾਂ 'ਤੇ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਰਵਨੀਤ ਬਿੱਟੂ ਦੀ ਜਾਤੀਸੂਚਕ ਸ਼ਬਦਾਵਲੀ 'ਤੇ ਸੂ-ਮੋਟੋ ਨੋਟਿਸ, ਐੱਸ.ਪੀ. ਸੰਗਰੂਰ ਤਲਬ

ਧੂਰੀ, 29 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਿਰੁੱਧ ਵੱਲੋਂ ਕਥਿਤ ਤੌਰ 'ਤੇ ਅਨੁਸੂਚਿਤ ਜਾਤੀ ਵਰਗ ਵਿਰੁੱਧ ਵਰਤੀ ਗਈ ਅਪਮਾਨਜਨਕ ਅਤੇ ਜਾਤੀਸੂਚਕ ਸ਼ਬਦਾਵਲੀ ਦਾ ਗੰਭੀਰ ਨੋਟਿਸ ਲੈਂਦਿਆਂ 'ਸੂ-ਮੋਟੋ' ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਇਸ ਸੰਵੇਦਨਸ਼ੀਲ ਮਾਮਲੇ ਸੰਬੰਧੀ ਕਮਿਸ਼ਨ ਨੇ ਜ਼ਿਲ੍ਹਾ ਸੰਗਰੂਰ ਦੇ ਪੁਲਿਸ ਪ੍ਰਸ਼ਾਸਨ ਨੂੰ ਤਲਬ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਰਵਨੀਤ ਬਿੱਟੂ ਨਗਰ ਕੌਂਸਲ ਚੋਣਾਂ ਦੀਆਂ ਤਿਆਰੀਆਂ ਦੇ ਸਿਲਸਿਲੇ ਵਿੱਚ ਧੂਰੀ ਪਹੁੰਚੇ ਹੋਏ ਸਨ, ਜਿੱਥੇ ਸਥਾਨਕ ਪੁਲਿਸ ਪ੍ਰਸ਼ਾਸਨ ਨਾਲ ਉਨ੍ਹਾਂ ਦੀ ਤਿੱਖੀ ਤਲਖ਼-ਕਲਾਮੀ ਹੋ ਗਈ ਸੀ।

ਇਹ ਮਾਮਲਾ ਬੀਤੀ 26 ਮਈ ਦਾ ਹੈ, ਜਦੋਂ ਕੇਂਦਰੀ ਮੰਤਰੀ ਰਵਨੀਤ ਬਿੱਟੂ ਧੂਰੀ ਦੀ ਫੇਰੀ 'ਤੇ ਆਏ ਹੋਏ ਸਨ ਅਤੇ ਧੂਰੀ ਪੁਲਿਸ ਪ੍ਰਸ਼ਾਸਨ ਨਾਲ ਉਨ੍ਹਾ ਦੀ ਤਲਖ-ਕਲਾਮੀ ਹੋਈ ਸੀ ਅਤੇ ਇਸ ਦੌਰਾਨ ਸੋਸ਼ਲ ਮੀਡੀਆ 'ਤੇ ਕੁਝ ਅਜਿਹੀਆਂ ਵੀਡੀਓਜ਼ ਵਾਇਰਲ ਹੋਈਆਂ, ਜਿਨ੍ਹਾਂ ਵਿੱਚ ਉਹ ਕਥਿਤ ਤੌਰ 'ਤੇ ਜਾਤੀਸੂਚਕ ਸ਼ਬਦਾਂ ਦਾ ਇਸਤੇਮਾਲ ਕਰਦੇ ਸੁਣੇ ਗਏ। ਇਸ ਸੰਬੰਧ ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਸੀਨੀਅਰ ਕਪਤਾਨ ਪੁਲਿਸ ਸੰਗਰੂਰ ਪਾਸੋਂ 1 ਜੂਨ ਤੱਕ ਮੁਕੰਮਲ ਤੱਥਾਂ 'ਤੇ ਅਧਾਰਿਤ ਰਿਪੋਰਟ ਤਲਬ ਕੀਤੀ ਹੈ। ਕਮਿਸ਼ਨ ਨੇ ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਹਦਾਇਤ ਕੀਤੀ ਹੈ ਕਿ ਕਪਤਾਨ ਪੁਲਿਸ (ਐੱਚ) ਸੰਗਰੂਰ 1 ਜੂਨ ਨੂੰ ਨਿੱਜੀ ਤੌਰ 'ਤੇ ਕਮਿਸ਼ਨ ਦੇ ਸਨਮੁੱਖ ਪੇਸ਼ ਹੋਣ ਅਤੇ ਪੂਰੇ ਘਟਨਾਕ੍ਰਮ ਦੀ ਪੜਤਾਲੀਆ ਰਿਪੋਰਟ ਸੌਂਪਣ।

# ਸੱਤਾ ਦੇ ਨਸ਼ੇ ਵਿੱਚ ਘੂਕ ਸੁੱਤੀ ਸਰਕਾਰ ਖ਼ਿਲਾਫ਼ ਮੁਲਾਜ਼ਮਾਂ ਨੇ ਬੀਨ ਵਜਾ ਕੇ ਕੀਤਾ ਰੋਸ ਪ੍ਰਦਰਸ਼ਨ



ਲਹਿਰਾਗਾਗਾ, 29 ਮਈ (ਗੁਰਦੀਪ ਸਿੰਘ) : ਪੰਜਾਬ ਸਰਕਾਰ ਦੇ ਲਾਰਿਆਂ ਤੋਂ ਅੱਕੇ ਪੂਰੇ ਪੰਜਾਬ ਦੇ 2004 ਤੋਂ ਬਾਅਦ ਭਰਤੀ ਐਨਪੀਐਸ ਕਰਮਚਾਰੀਆਂ ਨੇ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਲੰਬੇ ਸਮੇਂ ਤੋਂ ਇਸ ਮੁੱਦੇ ਤੇ ਸੰਘਰਸ਼ ਕਰ ਰਹੀਆਂ ਤਿੰਨ ਜਥੇਬੰਦੀਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ,ਸੀਪੀਐਫ ਕਰਮਚਾਰੀ ਯੂਨੀਅਨ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਆਗੂਆਂ ਸਤਵੰਤ ਆਲਮਪੁਰ, ਕਰਨੈਲ ਮੂਨਕ, ਮੈਡਮ ਗੁਰਪ੍ਰੀਤ ਕੌਰ,ਦਵਿੰਦਰ ਪਿਸ਼ੌਰ,ਮਨਪ੍ਰੀਤ ਜਵਾਹਰਵਾਲਾ, ਕੁਲਵਿੰਦਰ ਸਿੰਘ, ਸੁਖਦੇਵ ਸਿੰਘ ਚੰਗਾਲੀ ਵਾਲਾ, ਨੇ ਪੁਰਾਣੀ ਪੈਨਸ਼ਨ ਬਹਾਲੀ ਸਾਂਝਾਂ ਮੰਚ ਦੇ ਬੈਨਰ ਹੇਠ ਸੱਤਾ ਦੇ ਨਸ਼ੇ ਵਿੱਚ ਘੂਕ ਸੁੱਤੀ ਸਰਕਾਰ ਵਿਰੁੱਧ ਅੱਜ ਮੱਝ ਅੱਗੇ ਬੀਨ ਵਜਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲੀ ਦੇ ਆਪਣੇ ਚੋਣ ਵਾਅਦੇ ਤੋਂ ਭੱਜ ਗਈ ਹੈ ਤੇ ਚਾਰ ਸਾਲ ਬੀਤ ਜਾਣ ਬਾਅਦ ਵੀ ਆਪਣਾ ਹੀ ਪੁਰਾਣੀ ਪੈਨਸ਼ਨ ਬਹਾਲੀ ਦਾ 18 ਨਵੰਬਰ 2022 ਦਾ ਨੋਟੀਫਿਕੇਸ਼ਨ ਲਾਗੂ ਕਰਨਾ ਭੁੱਲ ਗਈ ਹੈ। ਸਰਕਾਰ ਦੀ ਵਾਅਦਾ ਖਿਲਾਫੀ ਦੇ ਰੋਸ ਵੱਜੋਂ ਮੰਚ ਨੇ ਫੈਸਲੇ ਅਨੁਸਾਰ ਅੱਜ ਮਿਤੀ 28 ਮਈ ਨੂੰ ਮੁੱਖ ਮੰਤਰੀ ਦੇ ਪੋਸਟਰ ਅੱਗੇ ਬੀਨ ਵਜਾ ਕੇ ਪ੍ਰਦਰਸ਼ਨ ਕੀਤਾ। ਉਹਨਾਂ ਦੱਸਿਆ ਕਿ 4 ਜੁਲਾਈ ਨੂੰ ਮੋਗਾ ਵਿਖੇ ਕਨਵੈਨਸ਼ਨ ਕੀਤੀ ਜਾਵੇਗੀ ਤੇ ਇਸ ਕਨਵੈਨਸ਼ਨ ਵਿੱਚ ਮੁੱਖ ਮੰਤਰੀ ਤੇ ਵਿੱਤ ਮੰਤਰੀ ਨੂੰ ਵਿਸ਼ੇਸ਼ ਸੱਦਾ ਦਿੱਤਾ ਜਾਵੇਗਾ ਤੇ ਉਹਨਾਂ ਦੀਆਂ ਕੁਰਸੀਆਂ ਵੀ ਲਗਾਈਆਂ ਜਾਣਗੀਆਂ ਤਾਂ ਕਿ ਉਹ ਮੁਲਾਜ਼ਮਾਂ ਦੇ ਭਖਦੇ ਮਸਲਿਆਂ ਤੇ ਆਪਣੇ ਵਿਚਾਰ ਸਾਂਝੇ ਕਰਨ, ਜੇਕਰ ਮੁੱਖ ਮੰਤਰੀ ਇਸ ਕਨਵੈਨਸ਼ਨ ਵਿੱਚ ਨਾ ਆਏ ਤਾਂ 23 ਅਗਸਤ ਨੂੰ ਪਿੰਡ ਸਤੌਜ ਵਿਖੇ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਵੱਲੋਂ ਮਹਾਰੈਲੀ ਕੀਤੀ ਜਾਵੇਗੀ, ਜਿਸ ਸਬੰਧੀ ਕਰਮਚਾਰੀਆਂ ਨੇ ਆਪਣੀਆਂ ਬਲਾਕ ਪੱਧਰ ਤੋਂ ਤਿਆਰੀਆਂ ਵਿੱਢ ਦਿੱਤੀਆਂ ਹਨ।ਇਸ ਮੌਕੇ 'ਤੇ ਸ਼ੀਤਲ ਕੁਮਾਰ, ਰਿੰਕੂ,ਸੋਨੂ ਲਹਿਰਾ, ਲਖਵਿੰਦਰ ਜੋਸ਼ੀ, ਕਰਮ ਸਿੰਘ ਲਹਿਲ ਕਲਾਂ, ਲਖਵਿੰਦਰ ਦੇਹਲਾਂ, ਪ੍ਰਦੀਪ ਕੁਮਾਰ, ਪਵਨਜੀਤ ਸਿੰਘ ਖੋਖਰ, ਹਰਜਿੰਦਰ ਪਾਲ ,ਸਲਵਿੰਦਰ ਸਿੰਘ ਸੈਲੀ, ਦਵਿੰਦਰ ਸਿੰਘ ਗੁਰਸੇਵਕ ਸਿੰਘ, ਜਗਦੀਪ ਸਿੰਘ,ਆਦਿ ਹਾਜ਼ਰ ਸਨ।

# ਵਾਰਡ ਨੰਬਰ 12 ਤੋਂ 'ਆਪ' ਉਮੀਦਵਾਰ ਸਤਨਾਮ ਸਿੰਘ ਖਨਾਲੀਆ 46 ਵੋਟਾਂ ਨਾਲ ਰਹੇ ਜੇਤੂ



ਬੁਢਲਾਡਾ, 29 ਮਈ, (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) :ਨਗਰ ਕੌਂਸਲ ਬੁਢਲਾਡਾ ਦੀਆਂ ਚੋਣਾਂ ਵਿੱਚ ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਤਨਾਮ ਸਿੰਘ ਖਨਾਲੀਆ ਨੇ ਫਸਵੇਂ ਮੁਕਾਬਲੇ ਵਿਚ 46 ਵੋਟਾਂ ਦੇ ਫ਼ਰਕ ਨਾਲ ਸ਼ਾਨਦਾਰ ਜਿੱਤ ਦਰਜ ਕੀਤੀ।ਇਸ ਮੌਕੇ ਉਨ੍ਹਾਂ ਵੱਲੋਂ ਵਾਰਡ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਾਰਡ ਵਾਸੀਆਂ ਨੇ ਉਨ੍ਹਾਂ ਨੂੰ ਆਪਣੀਆਂ ਕੀਮਤੀ ਵੋਟਾਂ ਪਾ ਨਗਰ ਕੌਂਸਲ ਭੇਜਿਆ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਆਮ ਆਦਮੀ ਪਾਰਟੀ ਦੀ ਇੱਕ ਜਿੱਤ ਨਹੀਂ, ਸਗੋਂ ਲੋਕਾਂ ਦੀ ਆਵਾਜ਼ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 12 ਦੇ ਹਰ ਗਲੀ-ਮੁਹੱਲੇ ਵਿੱਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਇਹ ਮਾਤਾ,ਭੈਣਾਂ, ਨੌਜਵਾਨਾਂ, ਬਜ਼ੁਰਗਾਂ ਅਤੇ ਮਿਹਨਤੀ ਵਰਕਰਾਂ ਦੀ ਬਦੌਲਤ ਜਿੱਤ ਦਰਜ ਹੋਈ ਹੈ ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਲੋਕਾਂ ਦੀ ਸੇਵਾ ਨੂੰ ਆਪਣਾ ਮਕਸਦ ਬਣਾਇਆ।ਇਸ ਮੌਕੇ ਸਤਨਾਮ ਸਿੰਘ ਖਨਾਲੀਆ ਜੀ ਦੀ ਜਿੱਤ ਉੱਤੇ ਖੁਸ਼ੀ ਪ੍ਰਗਟਾਉਂਦਿਆ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਕਿਹਾ ਕਿ ਸਤਨਾਮ ਸਿੰਘ ਖਨਾਲੀਆ ਜੀ ਵੱਲੋਂ ਹਮੇਸ਼ਾਂ ਲੋਕਾਂ ਦੇ ਦੁੱਖ-ਸੁੱਖ ਵਿੱਚ ਖੜ੍ਹ ਕੇ ਸੇਵਾ ਕੀਤੀ ਹੈ। ਚਾਹੇ ਗਲੀ ਦੀ ਸਮੱਸਿਆ ਹੋਵੇ, ਸਫਾਈ ਦਾ ਮਸਲਾ ਹੋਵੇ, ਪਾਣੀ ਦੀ ਦਿੱਕਤ ਹੋਵੇ ਜਾਂ ਨੌਜਵਾਨਾਂ ਲਈ ਵਿਕਾਸ ਦੇ ਕੰਮ,ਹਰ ਮੋੜ ਤੇ ਲੋਕਾਂ ਦੀ ਆਵਾਜ਼ ਬਣਕੇ ਕੰਮ ਕੀਤਾ ਗਿਆ। ਅੱਜ ਲੋਕਾਂ ਨੇ ਉਸ ਸੇਵਾ ਦਾ ਇਨਾਮ ਵੋਟਾਂ ਦੇ ਰੂਪ ਵਿੱਚ ਦਿੱਤਾ ਹੈ।ਉਨ੍ਹਾਂ ਕਿਹਾ ਕਿ ਤੁਹਾਡਾ ਇਹ ਪਿਆਰ ਅਤੇ ਸਹਿਯੋਗ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਵਾਅਦਾ ਕਰਦੇ ਹਾਂ ਕਿ ਇਹ ਭਰੋਸਾ ਕਦੇ ਟੁੱਟਣ ਨਹੀਂ ਦਿੱਤਾ ਜਾਵੇਗਾ। ਵਾਰਡ ਦੇ ਵਿਕਾਸ ਲਈ ਦਿਨ-ਰਾਤ ਮਿਹਨਤ ਹੋਵੇਗੀ। ਹਰ ਘਰ ਦੀ ਸਮੱਸਿਆ ਨੂੰ ਆਪਣੀ ਸਮੱਸਿਆ ਸਮਝ ਕੇ ਹੱਲ ਕੀਤਾ ਜਾਵੇਗਾ। ਲੋਕਾਂ ਦੀ ਆਵਾਜ਼ ਨੂੰ ਹਮੇਸ਼ਾਂ ਪਹਿਲ ਦਿੱਤੀ ਜਾਵੇਗੀ।ਇਸ ਮੌਕੇ ਸਤਨਾਮ ਸਿੰਘ ਖਨਾਲੀਆ ਨੇ ਕਿਹਾ ਕਿ ਉਹ ਵਾਰਡ ਦੇ ਵਿੱਚ ਅਧੂਰੇ ਕੰਮਾਂ ਨੂੰ ਪੂਰਾ ਕਰਨਗੇ ਅਤੇ ਸ਼ਹਿਰ ਦਾ ਸਰਵਪੱਖੀ ਵਿਕਾਸ ਕਰਨ ਉੱਤੇ ਜ਼ੋਰ ਦੇਣਗੇ।

# ਵਿਸ਼ਵ ਮਹਾਵਾਰੀ ਦਿਵਸ ਮੌਕੇ ਵਿਦਿਆਰਥਣਾਂ ਨੂੰ ਕੀਤਾ ਜਾਗਰੂਕ




ਭਗਤਾ ਭਾਈ ਕਾ, 29 ਮਈ (ਸਵਰਨ ਸਿੰਘ ਭਗਤਾ) :ਸਿਵਲ ਸਰਜਨ ਬਠਿੰਡਾ ਡਾਕਟਰ ਤੁਪਿੰਦਰ ਜੋਤ ਦੀਆਂ ਹਦਾਇਤਾਂ ਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਅੱਜ ਸਿਹਤ ਬਲਾਕ ਭਾਈਕਾ ਭਾਈ ਕਾ ਵਿਖੇ ਸਕੂਲੀ ਵਿਦਿਆਰਥਣਾਂ ਅਤੇ ਆਮ ਮਹਿਲਾਵਾਂ ਨੂੰ ਵਿਸ਼ਵ ਮਹਾਵਰੀ ਸਫਾਈ ਦਿਵਸ ਮੌਕੇ ਜਾਗਰੂਕ ਕੀਤਾ ਗਿਆ। ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਕੋਠਾ ਗੁਰੂ ਕਾ ਵਿਖੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਸੀ ਐਚ ਓ ਪ੍ਰਿਅੰਕਾ ਰਾਣੀ ਨੇ ਕਿਹਾ ਕਿ ਲੜਕੀਆਂ ਦੇ ਪੀਰੀਅਡ ਆਉਣਾ ਇੱਕ ਕੁਦਰਤੀ ਪ੍ਰਕਿਰਿਆ ਹੈ । ਇਸ ਦੌਰਾਨ ਸਹੀ ਸਾਫ ਸਫਾਈ ਰੱਖਣਾ ਹਰ ਇੱਕ ਲੜਕੀ ਲਈ ਬੇਹੱਦ ਜਰੂਰੀ ਹੈ। ਇਸ ਅਰਸੇ ਦੌਰਾਨ ਸਹੀ ਸਫਾਈ ਲਈ ਹਰ ਲੜਕੀ ਨੂੰ ਸੁਚੇਤ ਕੀਤਾ ਕਿ ਸੈਨਟਰੀ ਪੈਡ ਹਰੇਕ ਛੇ ਘੰਟੇ ਬਾਅਦ ਬਦਲੇ ਜਾਣ। ਪੈਡ ਬਦਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਨੂੰ ਸਾਬਣ ਨਾਲ ਸਾਫ ਕੀਤਾ ਜਾਵੇ । ਉਹਨਾਂ ਹਦਾਇਤ ਕੀਤੀ ਕਿ ਵਰਤੇ ਪੈਡ ਨੂੰ ਠੀਕ ਤਰੀਕੇ ਨਾਲ ਨਸ਼ਟ ਕੀਤਾ ਜਾਵੇ। ਉਹਨਾਂ ਲੜਕੀਆਂ ਨੂੰ ਇਸ ਸਮੇਂ ਦੌਰਾਨ ਸਰੀਰਕ ਕਮਜ਼ੋਰੀ ਦੂਰ ਕਰਨ ਲਈ ਤਿੰਨ ਟਾਈਮ ਪੌਸਟਿਕ ਖੁਰਾਕ ਲੈਣ ਅਤੇ ਵੱਧ ਤੋਂ ਵੱਧ ਪਾਣੀ ਦੀ ਵਰਤੋਂ ਕਰਨ ਦਾ ਵੀ ਸੱਦਾ ਦਿੱਤਾ। ਇਸੇ ਤਰ੍ਹਾਂ ਹੀ ਆਮ ਆਦਮੀ ਕਲੀਨਿਕ ਧਿੰਗੜ, ਬੁਰਜ ਗਿੱਲ , ਦਿਆਲਪੁਰਾ ਭਾਈਕਾ, ਸਿ ਰੀਏ ਵਾਲਾ ਵਿਖੇ ਵੀ ਸਕੂਲੀ ਵਿਦਿਆਰਥਣਾਂ ਅਤੇ ਆਮ ਮਹਿਲਾਵਾਂ ਨੂੰ ਜਾਗਰੂਕ ਕੀਤਾ ਗਿਆ।

# ਨਗਰ ਕੌਂਸਲ ਧੂਰੀ ਚੋਣਾਂ ਵਿੱਚ 'ਆਪ' ਦੀ ਹੂੰਝਾ ਫੇਰ ਜਿੱਤ, 21 ਵਿੱਚੋਂ 19 ਸੀਟਾਂ 'ਤੇ ਕਬਜ਼ਾ

## ਧੂਰੀ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ-ਪੱਖੀ ਨੀਤੀਆਂ 'ਤੇ ਲਗਾਈ ਮੋਹਰ: ਓ.ਐੱਸ.ਡੀ. ਸੁਖਵੀਰ ਸਿੰਘ

ਧੂਰੀ, 29 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਅੱਜ ਨਗਰ ਕੌਂਸਲ ਧੂਰੀ ਦੇ ਚੋਣ ਨਤੀਜਿਆਂ ਨੇ ਪੰਜਾਬ ਭਰ ਦੇ ਸਿਆਸੀ ਹਲਕਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਪਣੇ ਹਲਕੇ ਧੂਰੀ ਦੀ 21 ਵਾਰਡਾਂ ਵਾਲੀ ਇਸ ਨਗਰ ਕੌਂਸਲ ਵਿੱਚ ਆਮ ਆਦਮੀ ਪਾਰਟੀ ਨੇ ਇਤਿਹਾਸਕ ਪ੍ਰਦਰਸ਼ਨ ਕਰਦਿਆਂ 19 ਸੀਟਾਂ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਚੋਣ ਮੈਦਾਨ ਵਿੱਚ ਵਿਰੋਧੀ ਧਿਰਾਂ ਦੇ ਸਾਰੇ ਸਿਆਸੀ ਸਮੀਕਰਨ ਢੇਰ ਹੋ ਗਏ ਅਤੇ ਸਿਰਫ਼ 2 ਸੀਟਾਂ ਹੀ ਆਜ਼ਾਦ ਉਮੀਦਵਾਰਾਂ ਦੇ ਹਿੱਸੇ ਆਈਆਂ। ਦੱਸਣਯੋਗ ਹੈ ਕਿ ਵਾਰਡ ਨੰਬਰ 2, 3, 6, 11 ਅਤੇ 12 ਵਿੱਚੋਂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਹੋਣ ਕਾਰਨ 'ਆਪ' ਦੇ ਉਮੀਦਵਾਰ ਕ੍ਰਮਵਾਰ ਪੁਸ਼ਪਿੰਦਰ ਸ਼ਰਮਾ, ਕਿਰਨ ਸ਼ਰਮਾ, ਅਸ਼ਵਨੀ ਕੁਮਾਰ ਧੀਰ, ਸ਼ਸ਼ੀ ਰਾਣੀ ਅਤੇ ਜਸਵੀਰ ਸਿੰਘ ਜੱਜ ਪਹਿਲਾਂ ਹੀ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤੇ ਜਾ ਚੁੱਕੇ ਸਨ।

ਅੱਜ ਬਾਕੀ ਰਹਿੰਦੇ 16 ਵਾਰਡਾਂ ਦੇ ਆਏ ਚੋਣ ਨਤੀਜਿਆਂ ਵਿੱਚ ਵੀ 'ਆਪ' ਦੇ ਉਮੀਦਵਾਰਾਂ ਦਾ ਦਬਦਬਾ ਪੂਰੀ ਤਰ੍ਹਾਂ ਕਾਇਮ ਰਿਹਾ। ਘੋਸ਼ਿਤ ਕੀਤੇ ਗਏ ਅਧਿਕਾਰਤ ਨਤੀਜਿਆਂ ਅਨੁਸਾਰ ਵਾਰਡ ਨੰਬਰ 1: ਮਨਜੀਤ ਕੌਰ (ਆਪ), ਵਾਰਡ ਨੰਬਰ 4: ਰਾਜੀਵ ਚੌਧਰੀ (ਆਪ), ਵਾਰਡ ਨੰਬਰ 5: ਸੁਸ਼ੀਲ ਰਾਣੀ (ਆਪ), ਵਾਰਡ ਨੰਬਰ 7: ਸਿਮਰਨ (ਆਪ), ਵਾਰਡ ਨੰਬਰ 8: ਅਜੈ ਕੁਮਾਰ (ਆਜ਼ਾਦ), ਵਾਰਡ ਨੰਬਰ 9: ਅਮਨਦੀਪ ਕੌਰ (ਆਪ), ਵਾਰਡ ਨੰਬਰ 10: ਵਿਕਰਾਂਤ ਸਿੰਘ ਚੱਠਾ (ਆਪ), ਵਾਰਡ ਨੰਬਰ 13: ਆਸ਼ਾ ਰਾਣੀ (ਆਪ), ਵਾਰਡ ਨੰਬਰ 14: ਸੰਦੀਪ ਬਾਂਸਲ ਸੋਨੀ (ਆਪ), ਵਾਰਡ ਨੰਬਰ 15: ਕਮਲੇਸ਼ ਰਾਣੀ (ਆਪ), ਵਾਰਡ ਨੰਬਰ 16: ਪੁਸ਼ਪਾ ਰਾਣੀ (ਆਜ਼ਾਦ), ਵਾਰਡ ਨੰਬਰ 17: ਬਿੱਲਾ ਸਿੰਘ (ਆਪ), ਵਾਰਡ ਨੰਬਰ 18: ਅਮਰਜੋਤ ਕੌਰ (ਆਪ), ਵਾਰਡ ਨੰਬਰ 19: ਦਲੀਪ ਕੌਰ (ਆਪ), ਵਾਰਡ ਨੰਬਰ 20: ਅਜੈਬ ਸਿੰਘ (ਆਪ), ਵਾਰਡ ਨੰਬਰ 21: ਭੁਪਿੰਦਰ ਸਿੰਘ (ਆਪ) ਜੇਤੂ ਰਹੇ।



ਓ.ਐੱਸ.ਡੀ. ਸੁਖਵੀਰ ਸਿੰਘ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਧੂਰੀ ਦੀ ਸੂਝਵਾਨ ਜਨਤਾ ਦਾ ਇਸ ਅਥਾਹ ਸਹਿਯੋਗ ਅਤੇ ਬੇਮਿਸਾਲ ਪਿਆਰ ਲਈ ਦਿਲੋਂ ਕੋਟਿ-ਕੋਟਿ ਧੰਨਵਾਦ ਕਰਦੇ ਹਨ ਅਤੇ ਲੋਕਾਂ ਨੇ ਜੋ ਇਤਿਹਾਸਕ ਫ਼ਤਵਾ ਸਾਨੂੰ ਬਖ਼ਸ਼ਿਆ ਹੈ, ਉਸ ਦਾ ਕਰਜ਼ਾ ਅਸੀਂ ਸੱਤ ਜਨਮਾਂ ਤੱਕ ਵੀ ਨਹੀਂ ਉਤਾਰ ਸਕਦੇ। ਇਹ ਸ਼ਾਨਦਾਰ ਜਿੱਤ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਵਿਕਾਸਮੁਖੀ ਅਤੇ ਲੋਕ-ਪੱਖੀ ਨੀਤੀਆਂ 'ਤੇ ਜਨਤਾ ਵੱਲੋਂ ਲਗਾਈ ਗਈ ਇੱਕ ਮਜ਼ਬੂਤ ਮੋਹਰ ਹੈ। ਸ਼ਹਿਰ ਨਿਵਾਸੀਆਂ ਨੇ ਵਿਕਾਸ ਦੀ ਰਾਜਨੀਤੀ ਨੂੰ ਚੁਣਿਆ ਹੈ।'

ਚੋਣ ਨਤੀਜਿਆਂ ਦੇ ਐਲਾਨ ਤੋਂ ਤੁਰੰਤ ਬਾਅਦ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇਸ ਮੌਕੇ ਜੇਤੂ ਉਮੀਦਵਾਰਾਂ ਸਮੇਤ ਸ਼ਹਿਰ ਦੇ ਬਜਾਰਾਂ 'ਚੋਂ ਜੇਤੂ ਰੈਲੀ ਕੱਢੀ ਗਈ,ਜਿਸਦਾ ਲੋਕਾਂ ਨੇ ਫੁੱਲਾ ਦੀ ਵਰਖਾ ਕੇ ਭਰਵਾਂ ਸਵਾਗਤ ਕੀਤਾ। ਇਸ ਖ਼ੁਸ਼ੀ ਦੇ ਮੌਕੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਅਸ਼ੋਕ ਕੁਮਾਰ ਲੱਖਾ, ਰਾਜਵੰਤ ਸਿੰਘ ਘੁੱਲੀ, ਡਾ. ਅਨਵਰ ਭਸੌੜ, ਸਤਿੰਦਰ ਸਿੰਘ ਚੱਠਾ, ਐਡਵੋਕੇਟ ਹੈਪੀ ਗਰਗ, ਬਲਵਿੰਦਰ ਸਿੰਘ ਬਿੱਲੂ, ਪਰਮਿੰਦਰ ਸਿੰਘ ਨੂਰ ਔਲਖ ਸਮੇਤ ਵੱਡੀ ਗਿਣਤੀ ਵਿੱਚ 'ਆਪ' ਦੇ ਸੀਨੀਅਰ ਆਗੂ ਅਤੇ ਉਤਸ਼ਾਹੀ ਵਰਕਰ ਹਾਜ਼ਰ ਸਨ।

# ਅਜੈ ਪਰੋਚਾ ਤੀਜੀ ਵਾਰ ਕੌਂਸਲਰ ਬਣੇ



ਧੂਰੀ, 29 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਸ਼ਹਿਰ ਦੀ ਸਥਾਨਕ ਸਿਆਸਤ ਵਿੱਚ ਆਪਣਾ ਅਹਿਮ ਸਥਾਨ ਰੱਖਣ ਵਾਲੇ ਪਰੋਚਾ ਬ੍ਰਦਰਜ਼' ਨੇ ਇੱਕ ਵਾਰ ਫਿਰ ਤੋਂ ਆਪਣੀ ਬੇਮਿਸਾਲ ਲੋਕ-ਪ੍ਰਿਯਤਾ ਦਾ ਲੋਹਾ ਮੰਨਵਾਇਆ ਹੈ। ਇਸ ਵਾਰ ਦੀਆਂ ਨਗਰ ਕੌਂਸਲ ਚੋਣਾਂ ਵਿੱਚ ਸ਼ਹਿਰ ਦੇ ਵਾਰਡ ਨੰਬਰ 8 ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਨਿੱਤਰੇ ਅਜੈ ਪਰੋਚਾ ਨੇ ਆਪਣੇ ਵਿਰੋਧੀਆਂ ਨੂੰ ਕਰਾਰੀ ਹਾਰ ਦਿੰਦੇ ਹੋਏ ਸ਼ਾਨਦਾਰ ਜਿੱਤ ਦਰਜ ਕੀਤੀ ਹੈ।

ਚੋਣ ਨਤੀਜਿਆਂ ਦੇ ਵੇਰਵਿਆਂ ਮੁਤਾਬਕ, ਅਜੈ ਪਰੋਚਾ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ 199 ਵੋਟਾਂ ਦੇ ਵੱਡੇ ਫ਼ਰਕ ਨਾਲ ਪਛਾੜ ਕੇ ਜਿੱਤ ਦਾ ਝੰਡਾ ਲਹਿਰਾਇਆ ਹੈ।

# ਕਾਂਗਰਸ ਅਤੇ ਆਪ 7-7 ਅਤੇ ਅਕਾਲੀ ਦਲ ਨੂੰ ਇਕ ਸੀਟ 'ਤੇ ਜਿੱਤ ਪ੍ਰਾਪਤ



ਭਵਾਨੀਗੜ੍ਹ, 29 ਮਈ ( ਅਮਨਦੀਪ ਸਿੰਘ ਮਾਝਾ) :ਅੱਜ ਭਵਾਨੀਗੜ੍ਹ ਨਗਰ ਕੌਂਸਲ ਚੋਣਾਂ ਦੇ ਨਤੀਜੇ ਐਲਾਨੇ ਗਏ ਜਿੰਨ੍ਹਾਂ ਵਿਚ ਕਾਂਗਰਸ ਅਤੇ ਆਪ ਨੂੰ 7-7 ਸੀਟਾਂ ਮਿਲੀਆਂ ਅਤੇ ਇਕ ਸੀਟ ਅਕਾਲੀ ਦਲ ਦੇ ਹਿੱਸੇ ਆਈ।

ਮਿਲੀ ਜਾਣਕਾਰੀ ਅਨੁਸਾਰ ਵਾਰਡ ਨੰਬਰ ਇੱਕ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਮਰਪਾਲ ਸਿੰਘ, ਵਾਰਡ ਨੰ. 2 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਸਵੀਰ ਕੌਰ ਚਹਿਲ, ਵਾਰਡ ਨੰ. 3 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜਗਤਾਰ ਸਿੰਘ, ਵਾਰਡ ਨੰ. 4 ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਕੌਰ, ਵਾਰਡ ਨੰ. 5 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜ ਨਫ਼ਰੀਆ, ਵਾਰਡ ਨੰ. 6 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰਜਨੀ ਸ਼ਰਮਾ, ਵਾਰਡ ਨੰ. 7 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਤਿੰਦਰ ਸਿੰਘ ਬਾਜਵਾ, ਵਾਰਡ ਨੰ. 8 ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਤੇਜ ਕੌਰ ਕੰਧੋਲਾ, ਵਾਰਡ ਨੰ. 9 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬਲਕਾਰ ਸਿੰਘ, ਵਾਰਡ ਨੰ. 10 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਜਿੰਦਰ ਰਾਣੀ, ਵਾਰਡ ਨੰ. 11 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਹਰਪ੍ਰੀਤ ਸਿੰਘ ਬਾਜਵਾ, ਵਾਰਡ ਨੰ. 12 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਿੰਦਰੋ ਦੇਵੀ, ਵਾਰਡ ਨੰ. 13 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨੀ ਗੁਪਤਾ, ਵਾਰਡ ਨੰ. 14 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਤਾਰੀ, ਵਾਰਡ ਨੰ. 15 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕਰਮਜੀਤ ਕੌਰ ਜੇਤੂ ਰਹੇ।

# ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਗਲੀ ਨਿਵਾਸੀ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ



ਭਗਤਾ ਭਾਈ ਕਾ, 29 ਮਈ (ਸਵਰਨ ਸਿੰਘ ਭਗਤਾ) : ਸਥਾਨਕ ਸ਼ਹਿਰ ਦੇ ਸੁਰਜੀਤ ਨਗਰ ਵਿਖੇ ਗਲੀ ਨੰਬਰ ਚਾਰ ਦੇ ਨਿਵਾਸੀਆਂ ਦਾ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਜਿਉਣਾ ਦੁੱਭਰ ਹੋਇਆ ਪਿਆ ਤੇ ਗਲੀ ਨਿਵਾਸੀ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ,ਗਲੀ ਵਿੱਚ ਹਰ ਸਮੇਂ ਪਾਣੀ ਭਰਿਆ ਰਹਿੰਦਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗਲੀ ਵਾਸੀ ਸਰਬਜੀਤ ਕੌਰ, ਸੰਤੋਸ਼ ਰਾਣੀ, ਪ੍ਰਕਾਸ਼ ਕੌਰ, ਜਸਵਿੰਦਰ ਕੌਰ, ਕਰਮਜੀਤ ਕੌਰ, ਗੁਰਮੀਤ ਕੌਰ, ਰਾਣੀ ਕੌਰ,ਕਿਰਨਾ ਕੌਰ ਅਤੇ ਸਰਬਜੀਤ ਕੌਰ ਨੇ ਕਿਹਾ ਕਿ ਸਾਡੀ ਗਲੀ ਦੇ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਸਾਨੂੰ ਰੋਜ਼ਾਨਾ ਗੰਦੇ ਪਾਣੀ ਵਿੱਚੋਂ ਦੀ ਲੰਘਕੇ ਜਾਣਾ ਪੈਂਦਾ, ਜਿਸ ਕਾਰਨ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਬਣਿਆ ਹੋਇਆ ਹੈ ਅਤੇ ਗੰਦੇ ਪਾਣੀ ਦੇ ਮੁਸ਼ਕ ਕਾਰਨ ਰੋਟੀ ਖਾਣੀ ਵੀ ਦੱਭਰ ਹੋਈ ਪਈ ਹੈ। ਉਨ੍ਹਾਂ ਕਿਹਾ ਕਿ ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਅਸੀਂ ਸੁਰਜੀਤ ਨਗਰ ਦੇ ਸਰਪੰਚ ਕੁਲਵਿੰਦਰ ਸਿੰਘ ਨੂੰ ਇਸ ਸਬੰਧੀ ਕਈ ਵਾਰ ਮਿਲ ਚੁੱਕੇ ਹਾਂ ਪਰ ਸਾਡੀ ਕੋਈ ਸੁਣਵਾਈ ਨਹੀਂ ਹੈ,ਇਸ ਮੌਕੇ ਗੰਦੇ ਪਾਣੀ ਵਿਚ ਖੜ੍ਹੇ ਹੋ ਕੇ ਗਲੀ ਵਾਸੀਆਂ ਨੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਇਸ ਸਬੰਧੀ ਜਦੋਂ ਸਰਪੰਚ ਕੁਲਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦੇ ਧਿਆਨ ਵਿੱਚ ਲਿਆ ਕੇ ਗਲੀ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ।

# ਝੁੱਗੀਆਂ ਝੌਂਪੜੀਆਂ ਵਿੱਚ ਰਹਿਣ ਵਾਲੇ ਲੋਕਾਂ ਨੇ ਬਣਾਇਆ ਅਕਾਲੀ ਦਲ ਬਾਦਲ ਦਾ ਸਹਾਰਾ



ਲੌਂਗੋਵਾਲ, 29 ਮਈ (ਭਗਵੰਤ ਸ਼ਰਮਾ) : ਲੌਂਗੋਵਾਲ ਤੋਂ 2027 ਲਈ ਮਿਲੇ ਸਿਆਸੀ ਸੰਕੇਤ, ਨਗਰ ਕੌਂਸਲ ਲੌਂਗੋਵਾਲ ਦੀਆਂ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਇੱਕ ਵਾਰ ਫਿਰ 52 ਸ਼ਹੀਦਾਂ ਦੀ ਧਰਤੀ ਲੌਂਗੋਵਾਲ ਤੋਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਿਆਸੀ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਇਨ੍ਹਾਂ ਚੋਣਾਂ ਵਿੱਚ ਉਹ ਲੋਕ, ਜੋ ਆਪਣਾ ਗੁਜ਼ਾਰਾ ਝੁੱਗੀਆਂ ਝੌਂਪੜੀਆਂ ਵਿੱਚ ਰਹਿ ਕੇ ਕਰਦੇ ਹਨ, ਅਕਾਲੀ ਦਲ ਬਾਦਲ ਦੇ ਹੱਕ ਵਿੱਚ ਡੱਟ ਕੇ ਸਾਹਮਣੇ ਆਏ ਹਨ।

ਭਾਵੇਂ ਜੋਗੀ ਨਾਥਾ ਸਮਾਜ ਸਿਆਸਤ ਤੋਂ ਕੋਹਾਂ ਦੂਰ ਮੰਨਿਆ ਜਾਂਦਾ ਹੈ, ਪਰ ਇਸ ਵਾਰ ਉਨ੍ਹਾਂ ਨੇ ਐਮ ਸੀ ਲੇਡੀਜ਼ ਉਮੀਦਵਾਰ ਸੰਨੋ ਨੂੰ ਜਿਤਾ ਕੇ ਅਕਾਲੀ ਦਲ ਬਾਦਲ ਨੂੰ ਮੁੜ ਸੁਰਜੀਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਜਿੱਤ ਨੂੰ ਲੌਂਗੋਵਾਲ ਦੀ ਸਿਆਸਤ ਵਿੱਚ ਗਰੀਬ ਅਤੇ ਮਜ਼ਦੂਰ ਵਰਗ ਦੀ ਵੱਡੀ ਭਾਗੀਦਾਰੀ ਵਜੋਂ ਵੀ ਵੇਖਿਆ ਜਾ ਰਿਹਾ ਹੈ ।

# ਵਾਰਡ ਨੰਬਰ 16 ਤੋਂ ਆਜ਼ਾਦ ਉਮੀਦਵਾਰ ਪੁਸ਼ਪਾ ਰਾਣੀ ਤਾਇਲ 193 ਵੋਟਾਂ ਦੇ ਫ਼ਰਕ ਨਾਲ ਜੇਤੂ



ਧੂਰੀ, 29 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਸ਼ਹਿਰ ਦੀ ਰਾਜਨੀਤੀ ਦਾ ਮੁੱਖ ਕੇਂਦਰ ਬਿੰਦੂ ਬਣੇ ਵਾਰਡ ਨੰਬਰ 14 ਅਤੇ ਵਾਰਡ ਨੰਬਰ 16 ਵਿੱਚ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਤੋਂ ਬਾਗੀ ਹੋ ਕੇ ਆਜ਼ਾਦ ਚੋਣ ਲੜਨ ਵਾਲੇ ਤਾਇਲ ਜੋੜੇ ਵਿੱਚੋਂ ਸੰਦੀਪ ਤਾਇਲ ਦੀ ਪਤਨੀ ਪੁਸ਼ਪਾ ਰਾਣੀ ਤਾਇਲ ਨੇ ਵਾਰਡ ਨੰਬਰ 16 ਤੋਂ ਸ਼ਾਨਦਾਰ ਜਿੱਤ ਹਾਸਿਲ ਕਰਦਿਆਂ 'ਆਪ' ਦੇ ਉਮੀਦਵਾਰ ਦੀਪਕ ਬਾਂਸਲ ਨੂੰ 193 ਵੋਟਾਂ ਦੇ ਵੱਡੇ ਫ਼ਰਕ ਨਾਲ ਮਾਤ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਨਗਰ ਕੌਂਸਲ ਦੇ ਤਤਕਾਲੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ ਅਤੇ ਉਨ੍ਹਾਂ ਦੇ ਪਤੀ ਸੰਦੀਪ ਤਾਇਲ ਪੰਜਾਬ ਵਿੱਚ ਹੋਏ ਸੱਤਾ ਪਰਿਵਰਤਨ ਤੋਂ ਬਾਅਦ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਹਾਲ ਹੀ ਵਿੱਚ ਹੋਈਆਂ ਨਗਰ ਕੌਂਸਲ ਚੋਣਾਂ ਦੌਰਾਨ ਤਾਇਲ ਪਰਿਵਾਰ ਵੱਲੋਂ ਵਾਰਡ ਨੰਬਰ 14 ਅਤੇ 16 ਤੋਂ ਚੋਣ ਟਿਕਟ ਦੀ ਮੰਗ ਕੀਤੀ ਜਾ ਰਹੀ ਸੀ। ਪਾਰਟੀ ਵੱਲੋਂ ਦੋਵਾਂ ਵਾਰਡਾਂ ਤੋਂ ਟਿਕਟ ਨਾ ਦਿੱਤੇ ਜਾਣ ਕਾਰਨ ਨਾਰਾਜ਼ ਹੋ ਕੇ ਇਸ ਜੋੜੇ ਨੇ ਬਗਾਵਤ ਦਾ ਬਿਗਲ ਵਜਾ ਦਿੱਤਾ ਅਤੇ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿੱਚ ਨਿੱਤਰੇ। ਇਸ ਹਾਈ-ਪ੍ਰੋਫਾਈਲ ਮੁਕਾਬਲੇ ਕਾਰਨ ਪੂਰੇ ਧੂਰੀ ਸ਼ਹਿਰ ਦੇ ਲੋਕਾਂ ਦੀਆਂ ਨਜ਼ਰਾਂ ਇਨ੍ਹਾਂ ਦੋਵਾਂ ਸੀਟਾਂ ਦੇ ਨਤੀਜਿਆਂ 'ਤੇ ਟਿਕੀਆ ਹੋਈਆਂ ਸਨ। ਭਾਵੇਂਕਿ ਸਾਬਕਾ ਪ੍ਰਧਾਨ ਸੰਦੀਪ ਤਾਇਲ ਵਾਰਡ ਨੰਬਰ 14 ਤੋਂ ਆਮ ਆਦਮੀ ਪਾਰਟੀ ਦੇ ਸੰਦੀਪ ਬਾਂਸਲ ਤੋਂ ਕਰੀਬ 481 ਵੋਟਾਂ ਦੇ ਫ਼ਰਕ ਨਾਲ ਹਾਰ ਗਏ, ਪਰ ਵਾਰਡ ਨੰਬਰ 16 ਤੋਂ ਉਨ੍ਹਾਂ ਦੀ ਧਰਮਪਤਨੀ ਪੁਸ਼ਪਾ ਰਾਣੀ ਤਾਇਲ ਕਰੀਬ 193 ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ।

ਵਾਰਡ ਨੰਬਰ 16 ਦੇ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਹੁਣ ਹਲਕੇ ਵਿੱਚ ਇਹ ਸਵਾਲ ਸਭ ਤੋਂ ਵੱਡੀ ਬੁਝਾਰਤ ਬਣਿਆ ਹੋਇਆ ਹੈ ਕਿ ਜਿੱਤ ਹਾਸਿਲ ਕਰਨ ਤੋਂ ਬਾਅਦ ਕੀ ਆਜ਼ਾਦ ਉਮੀਦਵਾਰ ਪੁਸ਼ਪਾ ਰਾਣੀ ਤਾਇਲ ਦੁਬਾਰਾ ਆਮ ਆਦਮੀ ਪਾਰਟੀ ਦਾ 'ਝਾੜੂ' ਫੜਨਗੇ ਜਾਂ ਫਿਰ ਆਪਣੀ ਵੱਖਰੀ ਸਿਆਸੀ ਰਾਹ ਚੁਣਨਗੇ।

# ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਦਿੜ੍ਹਬਾ ਨੇ ਕੀਤੀ ਭਰਵੀਂ ਮੀਟਿੰਗ



ਦਿੜ੍ਹਬਾ ਮੰਡੀ, 29 ਮਈ, (ਹੈਪੀ) : ਸਥਾਨਕ ਸ਼ਹਿਰ ਦੇ ਧਾਰਮਿਕ ਇਤਿਹਾਸਕ ਅਸਥਾਨ ਸ਼ਹੀਦ ਬਾਬਾ ਬੈਰਸੀਆਣਾ ਦਿੜ੍ਹਬਾ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੇ ਪ੍ਰਧਾਨ ਹਰਜੀਤ ਸਿੰਘ ਮਹਿਲਾ ਅਤੇ ਹਰਬੰਸ ਸਿੰਘ ਦਿੜ੍ਹਬਾ ਦੀ ਅਗਵਾਈ ਹੇਠ ਇਕ ਭਰਵੀਂ ਮੀਟਿੰਗ ਕੀਤੀ ਗਈ ਕੀਤੀ ਗਈ, ਜਿਸ ਵਿੱਚ ਪ੍ਰਧਾਨ ਹਰਜੀਤ ਸਿੰਘ ਮਹਿਲਾਂ , ਹਰਬੰਸ ਸਿੰਘ ਦਿੜ੍ਹਬਾ ਤੋਂ ਇਲਾਵਾ ਹੋਰ ਵੀ ਕਾਫੀ ਗਿਣਤੀ ਅਤੇ ਕਿਸਾਨ ਆਗੂ ਅਤੇ ਕਿਸਾਨ ਸ਼ਾਮਲ ਹੋਏ। ਇਸ ਮੌਕੇ ਕਿਸਾਨੀ ਦੇ ਖੇਤਰ ਚ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਖਜ਼ਾਨਚੀ ਅਮਨਦੀਪ ਸਿੰਘ ਮਹਿਲਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਆਗੂਆਂ ਨੇ ਪ੍ਰੈੱਸ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਉਣ ਵਾਲੀ 2 ਜੂਨ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਪੰਜਾਬ ਦੇ ਸਾਰੇ ਡੀਸੀ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ । ਉਕਤ ਬੁਲਾਰਿਆਂ ਨੇ ਸਰਕਾਰ ਤੇ ਦੋਸ਼ ਲਾਉਂਦਿਆਂ ਅਤੇ ਦਾਅਵਾ ਕਰਦਿਆਂ ਕਿਹਾ ਕਿ ਜਿਸ ਤਰੀਕੇ ਨਾਲ ਪਿਛਲੇ 10 ਦਿਨਾਂ ਵਿੱਚ ਵੱਡੀਆਂ ਕਾਰਪੋਰੇਟ ਸਰਮਾਏਦਾਰ ਤੇਲ ਕੰਪਨੀਆਂ ਨੂੰ ਕਥਿਤ ਤੌਰ 'ਤੇ ਮੁਨਾਫਾ ਦੇਣ ਦੀ ਨੀਅਤ ਨਾਲ ਸਰਕਾਰ ਨੇ ਡੀਜ਼ਲ ਅਤੇ ਪੈਟਰੋਲ ਦੇ ਲਗਭਗ 8 ਰੁਪਏ ਰੇਟ ਵਧਾ ਕੇ ਕਿਸਾਨਾਂ ਦਾ ਤੇ ਆਮ ਜਨਤਾ ਦਾ ਲੱਕ ਤੋੜ ਦਿੱਤਾ ਗਿਆ ਹੈ ਅਤੇ ਹੋਰ ਮੰਗਾਂ ਦੇ ਸਬੰਧ ਵਿੱਚ ਡੀਸੀ ਦਫਤਰ ਸੰਗਰੂਰ ਅੱਗੇ 2 ਜੂਨ ਧਰਨਾ ਦੇ ਕੇ ਮੰਗ ਪੱਤਰ ਦਿੱਤਾ ਜਾਵੇਗਾ।ਇਸ ਮੌਕੇ ਬਲਾਕ ਖਜ਼ਾਨਚੀ ਜਗਦੀਪ ਸਿੰਘ ਮਹਿਲਾ, ਮਿਸ਼ਰਾ ਸਿੰਘ ਨਿਹਾਲਗੜ੍ਹ, ਮੇਜਰ ਸਿੰਘ ਕੌਹਰੀਆਂ, ਜੋਗਿੰਦਰ ਸਿੰਘ ਖੇੜੀ ਨਾਗਾ ਤੋਂ ਇਲਾਵਾ ਸਾਰੀਆਂ ਪਿੰਡ ਇਕਾਈਆਂ ਦੇ ਪ੍ਰਧਾਨ ਸਕੱਤਰ ਹਾਜ਼ਰ ਸਨ।

# 'ਆਪ' ਦੀ ਇਤਿਹਾਸਕ ਜਿੱਤ ਨਾਲ ਵਿਰੋਧੀਆਂ ਨੂੰ ਦਿੱਤਾ ਕਰਾਰਾ ਜਵਾਬ




ਰਾਮਪੁਰਾਫੂਲ, 29 ਮਈ (ਮਨਪ੍ਰੀਤ ਮਿੰਟੂ) : ਕੋਠਾਗੁਰੂ, ਭਾਈਰੂਪਾ ਅਤੇ ਮਹਿਰਾਜ ਦੀਆਂ ਨਗਰ ਪੰਚਾਇਤ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਭਾਰੀ ਜਿੱਤ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਵਿਧਾਇਕ ਬਲਕਾਰ ਸਿੱਧੂ ਅੱਜ ਵੀ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਹੇ ਹਨ। ਤਿੰਨਾਂ ਨਗਰ ਪੰਚਾਇਤਾਂ ਵਿੱਚ ਮਿਲੀ ਵੱਡੀ ਜਿੱਤ ਅਤੇ ਸ਼ਾਨਦਾਰ ਵੋਟ ਲੀਡ ਨੇ ਨਾ ਸਿਰਫ਼ ਵਿਰੋਧੀ ਧਿਰਾਂ ਦੇ ਦਾਅਵਿਆਂ ਦੀ ਹਵਾ ਕੱਢ ਦਿੱਤੀ ਹੈ, ਸਗੋਂ 2027 ਦੀਆਂ ਚੋਣਾਂ ਲਈ ਵੀ ਆਮ ਆਦਮੀ ਪਾਰਟੀ ਦੀ ਮਜ਼ਬੂਤ ਬੁਨਿਆਦ ਰੱਖ ਦਿੱਤੀ ਹੈ।ਇਹ ਜਿੱਤ ਸਿਰਫ਼ ਚੋਣਾਵੀ ਨਤੀਜਾ ਨਹੀਂ, ਸਗੋਂ ਵਿਧਾਇਕ ਬਲਕਾਰ ਸਿੱਧੂ ਦੀ ਸਾਫ਼-ਸੁਥਰੀ ਛਵੀ, ਦਿਨ-ਰਾਤ ਲੋਕਾਂ ਵਿੱਚ ਰਹਿ ਕੇ ਕੀਤੀ ਸੇਵਾ, ਨਰਮ ਸੁਭਾਅ ਅਤੇ ਇਮਾਨਦਾਰ ਰਾਜਨੀਤੀ 'ਤੇ ਲੋਕਾਂ ਵੱਲੋਂ ਲਗਾਈ ਗਈ ਮੋਹਰ ਹੈ। ਹਲਕੇ ਦੇ ਲੋਕਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਵਿਕਾਸ ਦੀ ਰਾਜਨੀਤੀ ਕਰਨ ਵਾਲੇ ਆਗੂ ਨਾਲ ਖੜ੍ਹੇ ਹਨ।ਵਿਧਾਇਕ ਬਲਕਾਰ ਸਿੱਧੂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਾਂਗ ਹੀ ਨਗਰ ਪੰਚਾਇਤ ਚੋਣਾਂ ਵਿੱਚ ਵੀ ਆਪਣੀ ਮਜ਼ਬੂਤ ਪਕੜ ਦਿਖਾਉਂਦਿਆਂ ਵਿਰੋਧੀਆਂ ਨੂੰ ਕਰਾਰਾ ਜਵਾਬ ਦਿੱਤਾ ਹੈ। ਲੋਕਾਂ ਦਾ ਇਹ ਭਾਰੀ ਸਮਰਥਨ ਇਸ ਗੱਲ ਦਾ ਸਬੂਤ ਹੈ ਕਿ ਬਲਕਾਰ ਸਿੱਧੂ ਨੇ ਹਮੇਸ਼ਾ ਲੋਕ ਹਿੱਤ ਦੀ ਰਾਜਨੀਤੀ ਕੀਤੀ ਅਤੇ ਹਰ ਵਰਗ ਦੇ ਦੁੱਖ-ਸੁੱਖ ਵਿੱਚ ਖੜ੍ਹ ਕੇ ਆਪਣਾ ਫਰਜ਼ ਨਿਭਾਇਆ। ਚੋਣ ਨਤੀਜਿਆਂ ਤੋਂ ਬਾਅਦ ਖੁਸ਼ੀ ਪ੍ਰਗਟ ਕਰਦਿਆਂ ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਇਹ ਜਿੱਤ ਹਲਕੇ ਦੇ ਸੂਝਵਾਨ ਲੋਕਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਨਫ਼ਰਤ ਅਤੇ ਝੂਠ ਦੀ ਰਾਜਨੀਤੀ ਨੂੰ ਨਕਾਰਦਿਆਂ ਸੱਚਾਈ, ਨਰਮਾਈ ਅਤੇ ਵਿਕਾਸ ਨੂੰ ਚੁਣਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰਵਾਏ ਜਾ ਰਹੇ ਇਤਿਹਾਸਕ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਦੀਆਂ ਨੀਤੀਆਂ 'ਤੇ ਲੋਕਾਂ ਨੇ ਦੁਬਾਰਾ ਭਰੋਸਾ ਜਤਾਇਆ ਹੈ। ਇਹ ਜਿੱਤ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦਾ ਸੰਕੇਤ ਹੈ।

# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਪ੍ਰੋਗਰਾਮ 'ਅਹਿਸਾਸ-2026' ਭਾਵੁਕ ਵਿਦਾਇਗੀ ਨਾਲ ਸੰਪੰਨ



ਤਲਵੰਡੀ ਸਾਬੋ, 29 ਮਈ, (ਸੰਦੀਪ ਜੋਸੀ) : ਗੁਰੂ ਕਾਸ਼ੀ ਯੂਨੀਵਰਸਿਟੀ ਦੇ ਡਾਇਰੈਕਟੋਰੇਟ ਆਫ਼ ਯੂਥ ਅਫ਼ੇਅਰਸ ਐਂਡ ਕਲਚਰ ਵੱਲੋਂ ਪਾਸ ਆਊਟ ਵਿਦਿਆਰਥੀ ਕਲਾਕਾਰਾਂ ਦੇ ਸਨਮਾਨ ਲਈ ਪ੍ਰੋਗਰਾਮ 'ਅਹਿਸਾਸ -2026'ਭਾਵੁਕ ਵਿਦਾਇਗੀ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਮੌਕੇ ਵਾਈਸ ਚਾਂਸਲਰ ਡਾ. ਬਲਰਾਜ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਮਾਰੋਹ ਵਿੱਚ ਵੱਖ-ਵੱਖ ਵਿਭਾਗਾਂ ਦੇ ਡੀਨ, ਅਧਿਆਪਕ, ਯੂਨੀਵਰਸਿਟੀ ਦੀਆਂ 11 ਫੈਕਲਟੀਆਂ ਦੇ ਕਲਾਕਾਰਾਂ ਨੇ ਹਿੱਸਾ ਲਿਆ।

ਇਸ ਮੌਕੇ ਮੁੱਖ ਮਹਿਮਾਨ ਵਾਈਸ ਚਾਂਸਲਰ ਡਾ. ਸਿੰਘ ਨੇ ਕਿਹਾ ਕਿ ਇਹਨਾਂ ਕਲਾਕਾਰ ਵਿਦਿਆਰਥੀਆਂ ਨੇ ਪੰਜਾਬੀ ਅਮੀਰ ਵਿਰਸੇ ਦੇ ਪਾਚਾਰ ਪਸਾਰ ਲਈ ਅਣਥੱਕ ਮਿਹਨਤ ਕੀਤੀ ਹੈ, ਤੇ ਵਰਸਿਟੀ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਟਰਾਫ਼ੀਆਂ ਜਿੱਤ ਕੇ ਵਰਸਿਟੀ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਪੱਛਮੀ ਸੱਭਿਅਤਾ ਦੀ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੁੜਨਾ ਪਵੇਗਾ।

ਸਮਾਰੋਹ ਦੇ ਆਯੋਜਕ ਡਾਇਰੈਕਟਰ ਯੁਵਾ ਅਤੇ ਸੱਭਿਆਚਾਰਕ ਮਾਮਲੇ ਡਾ. ਕੰਵਲਜੀਤ ਕੌਰ ਨੇ ਦੱਸਿਆ ਕਿ ਜਿਨ੍ਹਾਂ ਕਲਾਕਾਰਾਂ ਨੇ ਰਾਸ਼ਟਰੀ ਅਤੇ ਅੰਤਰ-ਯੂਨੀਵਰਸਿਟੀ ਸੱਭਿਆਚਾਰਕ ਮੁਕਾਬਲਿਆਂ ਵਿੱਚ ਪ੍ਰਾਪਤੀਆਂ ਕੀਤੀਆਂ ਹਨ, ਵਰਸਿਟੀ ਵੱਲੋਂ ਉਹਨਾਂ ਕਲਾਕਾਰ ਵਿਦਿਆਰਥੀਆਂ ਨੂੰ ਸਮ੍ਰਿਤੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਸਮਾਰੋਹ ਵਿੱਚ ਪੰਜਾਬੀ ਲੋਕ-ਨਾਚ ਗਿੱਧੇ ਅਤੇ ਭੰਗੜੇ ਦੀ ਧਮਾਲ ਨੇ ਦਰਸ਼ਕਾਂ ਨੂੰ ਨੱਚਣ ਲਾ ਦਿੱਤਾ। ਵਿਸ਼ੇਸ਼ ਤੌਰ ਤੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਲੋਕ-ਗੀਤ ਅਤੇ ਫੋਟੋ ਪ੍ਰਦਸ਼ਰਨੀ ਮਹਿਮਾਨਾਂ ਦੀ ਖਿੱਚ ਦਾ ਕੇਂਦਰ ਰਹੀ। ਸਮਾਰੋਹ ਵਿੱਚ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਸਵੈ-ਲਿਖਤ ਕਵਿਤਾਵਾਂ ਅਤੇ ਸ਼ਾਇਰੀ ਨੇ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ।

## ਨਗਰ ਕੌਂਸਲ ਤਪਾ ਤੋਂ 5 'ਆਪ', 2 ਅਕਾਲੀ ਦਲ ਅਤੇ 8 ਆਜ਼ਾਦ ਉਮੀਦਵਾਰ ਰਹੇ ਜੇਤੂ, ਕਾਂਗਰਸ ਅਤੇ ਬੀਜੇਪੀ ਦਾ ਨਹੀਂ ਖੁੱਲ੍ਹਿਆ ਖਾਤਾ

ਤਪਾ ਮੰਡੀ, 29 ਮਈ (ਰਾਜੂ ਮਹਿਰਾ) : ਨਗਰ ਕੌਂਸਲ ਤਪਾ ਦੇ 15 ਵਾਰਡਾਂ ਨਾਲ ਸਬੰਧਤ ਉਮੀਦਵਾਰਾਂ ਦੇ ਆਏ ਚੋਣ ਨਤੀਜਿਆਂ ਅਨੁਸਾਰ 5 ਆਮ ਆਦਮੀ ਪਾਰਟੀ, 2 ਸ਼੍ਰੋਮਣੀ ਅਕਾਲੀ ਦਲ ਅਤੇ 8 ਆਜ਼ਾਦ ਉਮੀਦਵਾਰ ਜੇਤੂ ਰਹੇ, ਜਦ ਕਿ ਕਾਂਗਰਸ ਅਤੇ ਬੀਜੇਪੀ ਦਾ ਖਾਤਾ ਹੀ ਨਹੀਂ ਖੁੱਲ੍ਹਿਆ। ਰਿਟਰਨਿੰਗ ਅਫਸਰ-ਕਮ ਐਸ.ਡੀ.ਐਮ ਤਪਾ ਆਯੂਸ਼ ਗੋਇਲ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਕਮ ਤਹਿਸੀਲਦਾਰ ਮਨਮੋਹਨ ਸਿੰਘ ਅਨੁਸਾਰ ਵਾਰਡ ਨੰਬਰ 1 ਤੋਂ ਆਜ਼ਾਦ ਉਮੀਦਵਾਰ ਮਾਇਆ ਰਾਣੀ ਜੇਤੂ ਰਹੀ, ਜਿਨ੍ਹਾਂ ਨੂੰ 253 ਵੋਟਾਂ, ਆਪ ਉਮੀਦਵਾਰ ਸੰਗੀਤਾ ਨੂੰ 13 ਵੋਟਾਂ, ਅਕਾਲੀ ਦਲ ਦੀ ਉਮੀਦਵਾਰ ਸੰਦੀਪ ਕੌਰ ਨੂੰ 70 ਵੋਟਾਂ, ਕਾਂਗਰਸ ਦੀ ਉਮੀਦਵਾਰ ਸੁਖਪ੍ਰੀਤ ਕੌਰ ਨੂੰ 79 ਵੋਟਾਂ, ਆਜ਼ਾਦ ਉਮੀਦਵਾਰ ਸੁਖਵਿੰਦਰ ਕੌਰ ਨੂੰ 63 ਵੋਟਾਂ, ਪਰਮਜੀਤ ਕੌਰ ਨੂੰ 136 ਵੋਟਾਂ, ਮਨਦੀਪ ਕੌਰ ਨੂੰ 29 ਵੋਟਾਂ, ਅਤੇ ਰਾਜ ਕੌਰ ਨੂੰ 39 ਵੋਟਾਂ ਪਈਆਂ। ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਜੋਨੀ ਕੁਮਾਰ ਜੇਤੂ ਰਹੇ, ਜਿਨਾਂ ਨੂੰ 261 ਵੋਟਾਂ, ਆਪ ਦੀ ਉਮੀਦਵਾਰ ਜਸਪਾਲ ਕੌਰ ਨੂੰ 161 ਵੋਟਾਂ ,ਅਕਾਲੀ ਦਲ ਦੇ ਉਮੀਦਵਾਰ ਸੋਨੂੰ ਸਿੰਘ ਨੂੰ 250 ਵੋਟਾਂ, ਬੀਜੇਪੀ ਦੇ ਉਮੀਦਵਾਰ ਮੱਖਣ ਲਾਲ ਨੂੰ 67 ਵੋਟਾਂ, ਆਜ਼ਾਦ ਉਮੀਦਵਾਰ ਧਰਮਪਾਲ ਨੂੰ 43 ਵੋਟਾਂ, ਮੰਜੀ ਕੁਮਾਰ ਨੂੰ 52 ਅਤੇ ਬਿੱਟੂ ਨੂੰ 15 ਵੋਟਾਂ ਪਈਆਂ। ਵਾਰਡ ਨੰਬਰ 3 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪੁਸ਼ਪ ਲਤਾ ਜੇਤੂ ਰਹੀ, ਜਿਨ੍ਹਾਂ ਨੂੰ 313 ਵੋਟਾਂ, ਆਪ ਦੀ ਉਮੀਦਵਾਰ ਗੁਰਮੇਲ ਕੌਰ ਨੂੰ 205 ਵੋਟਾਂ, ਕਾਂਗਰਸ ਦੀ ਉਮੀਦਵਾਰ ਪ੍ਰਵੀਨ ਕੁਮਾਰੀ ਨੂੰ 142 ਵੋਟਾਂ, ਬੀਜੇਪੀ ਦੀ ਉਮੀਦਵਾਰ ਪਿੰਕੀ ਨੂੰ 84 ਵੋਟਾਂ ਅਤੇ ਆਜ਼ਾਦ ਉਮੀਦਵਾਰ ਲਕਸ਼ਮੀ ਦੇਵੀ ਨੂੰ 246 ਵੋਟਾਂ ਪਈਆਂ। ਵਾਰਡ ਨੰਬਰ 4 ਤੋਂ ਆਜ਼ਾਦ ਉਮੀਦਵਾਰ ਧਰਮਪਾਲ ਸ਼ਰਮਾ ਜੇਤੂ ਰਹੇ, ਜਿਨ੍ਹਾਂ ਨੂੰ 463 ਵੋਟਾਂ ਅਤੇ ਆਪ ਪਾਰਟੀ ਦੇ ਉਮੀਦਵਾਰ ਰਾਜਕੁਮਾਰ ਨੂੰ 431 ਵੋਟਾਂ ਪਈਆਂ।ਵਾਰਡ ਨੰਬਰ 5 ਤੋਂ ਆਜਾਦ ਉਮੀਦਵਾਰ ਸਰਸਵਤੀ ਦੇਵੀ ਜੇਤੂ ਰਹੇ, ਜਿਨ੍ਹਾਂ ਨੂੰ 529 ਵੋਟਾਂ ਅਤੇ ਆਪ ਉਮੀਦਵਾਰ ਡਾਕਟਰ ਸੋਨਿਕਾ ਬਾਂਸਲ ਨੂੰ 460 ਵੋਟਾਂ ਪਈਆਂ। ਵਾਰਡ ਨੰਬਰ 6 ਤੋਂ ਆਪ ਉਮੀਦਵਾਰ ਮਨੀਸ਼ ਕੁਮਾਰ ਗਰਗ ਜੇਤੂ ਰਹੇ, ਜਿਨਾਂ ਨੂੰ 466 ਵੋਟਾਂ, ਬੀਜੇਪੀ ਉਮੀਦਵਾਰ ਸੋਮਨਾਥ ਸ਼ਰਮਾ ਨੂੰ 201 ਵੋਟਾਂ, ਆਜ਼ਾਦ ਉਮੀਦਵਾਰ ਪ੍ਰਵੀਨ ਕੁਮਾਰ ਨੂੰ 9 ਵੋਟਾਂ ਅਤੇ ਮਨੀਸ਼ ਕੁਮਾਰ ਨੂੰ 267 ਵੋਟਾਂ ਪਈਆਂ। ਵਾਰਡ ਨੰਬਰ 7 ਤੋਂ ਆਪ ਉਮੀਦਵਾਰ ਦੀਪਿਕਾ ਮਿੱਤਲ ਜੇਤੂ ਰਹੇ, ਜਿਨ੍ਹਾਂ ਨੂੰ 472 ਵੋਟਾਂ ਤੇ ਆਜ਼ਾਦ ਉਮੀਦਵਾਰ ਗੀਤਾ ਰਾਣੀ ਨੂੰ 314 ਵੋਟਾਂ ਪਈਆਂ।ਵਾਰਡ ਨੰਬਰ 8 ਤੋਂ ਅਕਾਲੀ ਦਲ ਦੇ ਉਮੀਦਵਾਰ ਗੁਰਮੀਤ ਸਿੰਘ ਰੋੜ ਜੇਤੂ ਰਹੇ ,ਜਿਨ੍ਹਾਂ ਨੂੰ 289 ਵੋਟਾਂ ,ਆਪ ਉਮੀਦਵਾਰ ਸੱਤਪਾਲ ਨੂੰ 203 ਵੋਟਾਂ, ਕਾਂਗਰਸ ਦੇ ਉਮੀਦਵਾਰ ਸੁਰਜੀਤ ਸਿੰਘ ਨੂੰ 57 ਵੋਟਾਂ,ਆਜ਼ਾਦ ਉਮੀਦਵਾਰ ਨਵਦੀਪ ਸਿੰਘ ਨੂੰ 222 ਵੋਟਾਂ ਅਤੇ ਨਾਜ਼ਮ ਹੁਸੈਨ ਨੂੰ 75 ਵੋਟਾਂ ਪਈਆਂ। ਵਾਰਡ ਨੰਬਰ 9 ਤੋਂ ਆਜ਼ਾਦ ਉਮੀਦਵਾਰ ਸੁਨੀਤਾ ਰਾਣੀ ਉਰਫ ਸੀਤਾ ਜੇਤੂ ਰਹੀ, ਜਿਨ੍ਹਾਂ ਨੂੰ 322 ਵੋਟਾਂ, ਆਪ ਉਮੀਦਵਾਰ ਅਮਨਦੀਪ ਕੌਰ ਨੂੰ 317 ਵੋਟਾਂ, ਅਕਾਲੀ ਦਲ ਦੀ ਉਮੀਦਵਾਰ ਸਵਿਤਾ ਰਾਣੀ ਨੂੰ 274 ਵੋਟਾਂ,ਆਜ਼ਾਦ ਉਮੀਦਵਾਰ ਕਰਮਜੀਤ ਕੌਰ ਨੂੰ 24 ਵੋਟਾਂ ਪਈਆਂ। ਵਾਰਡ ਨੰਬਰ 10 ਤੋਂ ਆਪ ਉਮੀਦਵਾਰ ਬਲਜੀਤ ਸਿੰਘ ਬਾਸੀ ਜੇਤੂ ਰਹੇ,ਜਿਨ੍ਹਾਂ ਨੂੰ 598 ਵੋਟਾਂ,ਆਜ਼ਾਦ ਉਮੀਦਵਾਰ ਹਰਪ੍ਰੀਤ ਪੰਜੂ ਨੂੰ 165 ਵੋਟਾਂ ਅਤੇ ਜਸਵਿੰਦਰ ਸਿੰਘ ਨੂੰ 69 ਵੋਟਾਂ ਪਈਆਂ। ਵਾਰਡ ਨੰਬਰ 11 ਤੋਂ ਆਪ ਉਮੀਦਵਾਰ ਰੀਸ਼ੂ ਰਾਣੀ ਜੇਤੂ ਰਹੀ, ਜਿਨ੍ਹਾਂ ਨੂੰ 490 ਵੋਟਾਂ ਪਾਈਆਂ ਅਤੇ ਆਜ਼ਾਦ ਉਮੀਦਵਾਰ ਗੁਰਲੀਨ ਕੌਰ ਸੰਧੂ ਨੂੰ 481 ਵੋਟਾਂ ਪਈਆਂ।ਵਾਰਡ ਨੰਬਰ 12 ਤੋਂ ਆਪ ਉਮੀਦਵਾਰ ਹੈਪੀ ਸਿੰਘ ਜੇਤੂ ਰਹੇ,ਜਿਨ੍ਹਾਂ ਨੂੰ 389 ਵੋਟਾਂ, ਕਾਂਗਰਸ ਦੇ ਉਮੀਦਵਾਰ ਜਗਸੀਰ ਸਿੰਘ ਨੂੰ 25 ਵੋਟਾਂ, ਵਾਰਡ ਨੰਬਰ 15 ਤੋਂ ਆਜ਼ਾਦ ਉਮੀਦਵਾਰ ਸੁਨੀਤਾ ਰਾਣੀ ਜੇਤੂ ਰਹੀ,ਜਿਨ੍ਹਾਂ ਨੂੰ 649 ਵੋਟਾਂ ਪਈਆਂ, ਜਦਕਿ ਆਜ਼ਾਦ ਉਮੀਦਵਾਰ ਰਾਜਕੁਮਾਰੀ ਨੂੰ 244 ਵੋਟਾਂ ਪਈਆਂ।

## ਬਰਨਾਲਾ ਨਗਰ ਨਿਗਮ ਚੋਣਾਂ 'ਚ 'ਆਪ' ਦੀ ਇਕਤਰਫ਼ਾ ਜਿੱਤ, 36 ਵਾਰਡਾਂ 'ਤੇ ਕਬਜ਼ਾ

ਬਰਨਾਲਾ, 29 ਮਈ (ਬਘੇਲ ਸਿੰਘ ਧਾਲੀਵਾਲ) : ਨਗਰ ਨਿਗਮ ਬਰਨਾਲਾ ਦੇ ਚੋਣ ਨਤੀਜੇ ਵੀ ਸਿਆਸੀ ਮਾਹਰਾਂ ਵੱਲੋ ਲਾਇਆ ਜਾ ਰਹਿਆ ਕਿਆਸਅਰਾਈਆਂ ਦੇ ਅਨੁਸਾਰ ਹੀ ਆਏ ਹਨ। ਨਗਰ ਨਿਗਮ ਦੇ ਕੁੱਲ 50 ਵਾਰਡਾਂ ਵਿੱਚੋਂ ਆਮ ਆਦਮੀ ਪਾਰਟੀ ਨੇ 36 ਵਾਰਡਾਂ 'ਤੇ ਜਿੱਤ ਦਰਜ ਕਰਕੇ ਸਪੱਸ਼ਟ ਬਹੁਮਤ ਹਾਸਲ ਕੀਤਾ। ਭਾਜਪਾ ਨੇ 7 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ, ਜਦਕਿ 5 ਵਾਰਡਾਂ ਵਿੱਚ ਆਜ਼ਾਦ ਉਮੀਦਵਾਰ ਜੇਤੂ ਰਹੇ। ਕਾਂਗਰਸ ਨੂੰ ਸਿਰਫ਼ 2 ਸੀਟਾਂ 'ਤੇ ਹੀ ਕਾਮਯਾਬੀ ਮਿਲੀ। ਸ਼੍ਰੋਮਣੀ ਅਕਾਲੀ ਦਲ ਇਸ ਵਾਰ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕਿਆ। ਇਸ ਦੌਰਾਨ ਵਾਰਡ ਨੰਬਰ 1 ਤੋਂ ਪਰਮਜੀਤ ਕੌਰ, 2 ਤੋਂ ਜਸਵਿੰਦਰ ਸਿੰਘ, 3 ਤੋਂ ਕਰਮਜੀਤ ਕੌਰ, 4 ਤੋਂ ਗੁਰਪ੍ਰੀਤ ਸਿੰਘ, ਵਾਰਡ ਨੰਬਰ 5 ਤੋਂ ਅਮਰਜੀਤ ਕੌਰ, 6 ਤੋਂ ਸਿਮਰਤ ਪਾਲ ਸਿੰਘ ਜੰਡੂ, 7 ਤੋਂ ਅਮਨਦੀਪ ਕੌਰ, ਵਾਰਡ ਨੰਬਰ 8 ਤੋਂ ਕੁਲਦੀਪ ਸਿੰਘ ਧਰਮਾ, 9 ਤੋਂ ਰੇਣੂ ਧਰਮਾ, ਵਾਰਡ ਨੰਬਰ 10 ਤੋਂ ਰਾਕੇਸ਼ ਕੁਮਾਰ ਗੋਲੂ 'ਆਪ' ਦੇ, 11 ਤੋਂ ਸ਼ਰਨਜੀਤ ਸਿੰਘ ਲਾਡੀ ਨੇ ਆਜ਼ਾਦ, 12 ਤੋਂ ਜਸਪ੍ਰੀਤ ਸਿੰਘ ਜੈਸੋ 'ਆਪ', 13 ਤੋਂ ਹਰਮਿੰਦਰ ਕੌਰ 'ਆਪ', 14 ਤੋਂ ਰਣਜੀਤ ਕੌਰ 'ਆਪ', 15 ਤੋਂ ਦੀਪੇਂਦਰ ਕੌਰ ਭਾਜਪਾ, 16 ਤੋਂ ਜਗਸੀਰ ਸਿੰਘ ਸਰਪੰਚ 'ਆਪ', 17 ਤੋਂ ਰਣਜੀਤ ਕੌਰ ਨੇ ਆਜ਼ਾਦ, 18 ਤੋਂ ਗੁਰਜੀਤ ਸਿੰਘ ਰਾਮਨਵਾਸੀਆ 'ਆਪ', 19 ਤੋਂ ਹਰਦੀਪ ਕੌਰ 'ਆਪ', 20 ਤੋਂ ਪਰਮਜੀਤ ਸਿੰਘ 'ਆਪ', 21 ਤੋਂ ਹਰਵਿੰਦਰ ਰਾਣੀ ਨੇ ਆਜ਼ਾਦ, 22 ਤੋਂ ਲਖਵੀਰ ਸਿੰਘ 'ਆਪ', 23 ਤੋਂ ਵਰਿੰਦਰ ਸਿੰਘ 'ਆਪ', 24 ਤੋਂ ਹਰਪ੍ਰੀਤ ਧਾਲੀਵਾਲ 'ਆਪ', 25 ਤੋਂ ਮਮਤਾ ਰਾਣੀ 'ਆਪ', 26 ਤੋਂ ਰਾਜੀਵ ਕੁਮਾਰ ਲੂਬੀ 'ਆਪ', 27 ਤੋਂ ਸੁਖਦਿਆਲ ਕੌਰ ਭਾਜਪਾ, 28 ਤੋਂ ਧਰਮ ਸਿੰਘ ਭਾਜਪਾ ਦੇ ਉਮੀਦਵਾਰ ਵਜੋਂ ਜੇਤੂ ਐਲਾਨੇ ਗਏ। 29 ਤੋਂ ਊਸ਼ਾ ਰਾਣੀ ਕਾਂਗਰਸ ਦੀ ਉਮੀਦਵਾਰ ਵਜੋਂ ਚੋਣ ਜਿੱਤ ਗਈ। 30 ਤੋਂ ਰਾਜੂ ਚੌਧਰੀ ਭਾਜਪਾ ਦੇ ਉਮੀਦਵਾਰ ਵਜੋਂ ਜੇਤੂ ਰਹੇ। ਵਾਰਡ ਨੰਬਰ 31 ਤੋਂ ਨੀਰਜ ਜਿੰਦਲ 'ਆਪ', 32 ਤੋਂ ਹੇਮ ਰਾਜ ਗਰਗ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੀ। ਵਾਰਡ ਨੰਬਰ 33 ਤੋਂ ਗੀਟਾ ਰਾਣੀ 'ਆਪ' ਦੀ ਉਮੀਦਵਾਰ ਵਜੋਂ ਜੇਤੂ ਰਹੀ, ਜ਼ਿਕਰਯੋਗ ਹੈ ਕਿ ਪਹਿਲਾਂ ਹੋਈ ਗਿਣਤੀ ਵਿੱਚ ਵਾਰਡ ਨੰਬਰ 33 ਤੋਂ ਅਜ਼ਾਦ ਉਮੀਦਵਾਰ ਉਰਮਲਾ ਦੇਵੀ ਪਤਨੀ ਹੇਮਰਾਜ ਗਰਗ ਨੂੰ ਜੇਤੂ ਐਲਾਨ ਦਿੱਤਾ ਗਿਆ ਸੀ ਪ੍ਰੰਤੂ ਦੁਬਾਰਾ ਕੀਤੀ ਗਿਣਤੀ ਤੋਂ ਬਾਅਦ ਇਹ ਸੀਟ ਮੁੜ 'ਆਪ' ਦੇ ਖਾਤੇ ਵਿੱਚ ਪੈ ਗਈ। 34 ਤੋਂ ਗਗਨਦੀਪ ਸਿੰਘ 'ਆਪ', 35 ਤੋਂ ਸਿਮਰਨਜੀਤ ਕੌਰ 'ਆਪ', 36 ਤੋਂ ਮੋਨਿਕਾ ਬਾਂਸਲ 'ਆਪ', 37 ਤੋਂ ਕੁਲਦੀਪ ਕੌਰ ਕਾਂਗਰਸ ਦੀ ਉਮੀਦਵਾਰ ਵਜੋਂ ਚੋਣ ਜਿੱਤਣ ਵਿੱਚ ਸਫਲ ਰਹੀ। 38 ਤੋਂ ਦੀਪ ਮਾਲਾ 'ਆਪ', ਵਾਰਡ ਨੰਬਰ 39 ਤੋਂ ਕਿਰਨ 'ਆਪ', 40 ਤੋਂ ਬਾਰੂ ਸਿੰਘ ਭਾਜਪਾ, ਵਾਰਡ ਨੰਬਰ 41 ਤੋਂ ਸਨੇਹ ਲਤਾ ਭਾਜਪਾ, 42 ਤੋਂ ਪਰਮਜੀਤ ਸਿੰਘ ਢਿੱਲੋਂ 'ਆਪ', ਵਾਰਡ ਨੰਬਰ 43 ਤੋਂ ਪਰਮਜੀਤ ਕੌਰ 'ਆਪ', 44 ਤੋਂ ਹਸਨਪ੍ਰੀਤ ਭਾਰਦਵਾਜ਼ 'ਆਪ', ਵਾਰਡ ਨੰਬਰ 45 ਤੋਂ ਅਮਰਜੀਤ ਕੌਰ ਨੇ ਆਜ਼ਾਦ, 46 ਤੋਂ ਲਵਪ੍ਰੀਤ ਸਿੰਘ 'ਆਪ', 47 ਤੋਂ ਪ੍ਰਿਯੰਕਾ ਭਾਜਪਾ, 48 ਤੋਂ ਰਾਜਿੰਦਰ ਸਿੰਘ 'ਆਪ', 49 ਤੋਂ ਸੁਖਵੀਰ ਕੌਰ 'ਆਪ' 50 ਤੋਂ ਸੁਖਜੀਤ ਕੌਰ 'ਆਪ' ਦੀ ਉਮੀਦਵਾਰ ਵਜੋਂ ਜੇਤੂ ਐਲਾਨੀ ਗਈ।

ਨਗਰ ਨਿਗਮ ਬਰਨਾਲਾ ਦੇ ਚੋਣ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਸਭ ਤੋਂ ਵੱਡੇ ਦਲ ਵਜੋਂ ਆਪਣੀ ਮਜ਼ਬੂਤ ਪਕੜ ਸਾਬਤ ਕੀਤੀ ਹੈ। ਭਾਜਪਾ ਨੇ 7 ਸੀਟਾਂ 'ਤੇ ਜਿੱਤ ਦਰਜ ਕਰਕੇ ਆਪਣੀ ਮੌਜੂਦਗੀ ਦਰਸਾਈ, ਜਦਕਿ ਕਾਂਗਰਸ ਨੂੰ ਸਿਰਫ਼ 2 ਸੀਟਾਂ 'ਤੇ ਹੀ ਕਾਮਯਾਬੀ ਮਿਲੀ। 5 ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਦੀ ਜਿੱਤ ਵੀ ਚਰਚਾ ਦਾ ਵਿਸ਼ਾ ਬਣੀ ਰਹੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦਾ ਖਾਤਾ ਨਾ ਖੁੱਲ੍ਹਣ ਨਾਲ ਪਾਰਟੀ ਨੂੰ ਵੱਡਾ ਝਟਕਾ ਲੱਗਿਆ ਹੈ।

## ਨਸ਼ਾ ਵਿਰੋਧੀ ਮੁਹਿੰਮ ਤਹਿਤ ਜਾਗਰੂਕਤਾ ਸੈਸ਼ਨ



ਬਰਨਾਲਾ, 29 ਮਈ (ਬਘੇਲ ਸਿੰਘ ਧਾਲੀਵਾਲ) : ਮਾਨਯੋਗ ਹਾਈ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਰੀਆਭੱਟਾ ਕਾਲਜ ਵੱਲੋਂ ਨਸ਼ਿਆਂ ਨੂੰ ਨਾ ਕਹੋ ਮੁਹਿੰਮ ਤਹਿਤ ਵਿਦਿਆਰਥੀਆਂ ਲਈ ਵਿਸ਼ੇਸ਼ ਕਾਊਂਸਲਿੰਗ ਅਤੇ ਜਾਗਰੂਕਤਾ ਸੈਸ਼ਨ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾ ਕੇ ਸਿਹਤਮੰਦ ਅਤੇ ਜ਼ਿੰਮੇਵਾਰ ਜੀਵਨ ਵੱਲ ਪ੍ਰੇਰਿਤ ਕਰਨਾ ਸੀ। ਇਹ ਸੈਸ਼ਨ ਚੇਅਰਮੈਨ ਰਾਕੇਸ਼ ਗੁਪਤਾ ਦੀ ਰਹਿਨੁਮਾਈ ਅਤੇ ਕੈਂਪਸ ਡਾਇਰੈਕਟਰ ਡਾ. ਅਜੈ ਮਿੱਤਲ ਦੀ ਦੇਖਰੇਖ ਹੇਠ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੀ ਕੋਆਰਡੀਨੇਸ਼ਨ ਨੋਡਲ ਅਫਸਰ ਪ੍ਰੋ. ਸੁਖਪ੍ਰੀਤ ਸਿੰਘ ਨੇ ਡੀਨ ਅਕੈਡਮਿਕ ਅਫੇਅਰਜ਼ ਡਾ. ਭਵੇਤ ਗਰਗ ਦੇ ਸਹਿਯੋਗ ਨਾਲ ਕੀਤੀ। ਸੈਸ਼ਨ ਦੌਰਾਨ ਪ੍ਰੋ. ਸੁਖਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਬੂਤ ਇਰਾਦੇ, ਸਹੀ ਸੰਗਤ ਅਤੇ ਜਾਗਰੂਕਤਾ ਰਾਹੀਂ ਹੀ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਸਕਦੇ ਹਨ। ਚੇਅਰਮੈਨ ਇਰ. ਰਾਕੇਸ਼ ਗੁਪਤਾ ਨੇ ਕਿਹਾ ਕਿ ਨਸ਼ੇ ਨਾ ਸਿਰਫ ਵਿਅਕਤੀ ਦੀ ਜ਼ਿੰਦਗੀ ਬਰਬਾਦ ਕਰਦੇ ਹਨ, ਸਗੋਂ ਪਰਿਵਾਰ ਅਤੇ ਸਮਾਜ 'ਤੇ ਵੀ ਮਾੜਾ ਅਸਰ ਪਾਂਦੇ ਹਨ। ਕੈਂਪਸ ਡਾਇਰੈਕਟਰ ਡਾ. ਅਜੈ ਮਿੱਤਲ ਨੇ ਭਾਵਨਾਤਮਕ ਸੰਤੁਲਨ ਅਤੇ ਚੰਗੇ ਮਾਹੌਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਕਿਸੇ ਵੀ ਸਮੱਸਿਆ ਦੌਰਾਨ ਅਧਿਆਪਕਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਹੈ। ਇਸ ਮੌਕੇ ਪ੍ਰੋ. ਗਗਨਦੀਪ ਕੌਰ, ਪ੍ਰੋ. ਵੀਰਪਾਲ, ਪ੍ਰੋ. ਮਨਜੀਤ ਕੌਰ, ਪ੍ਰੋ. ਭਾਵੁਕਤਾ ਸ਼ਰਮਾ, ਡਾ. ਜਸ਼ਨਜੋਤ ਗੋਯਲ ਅਤੇ ਪ੍ਰੋ. ਰਜਨੀਸ਼ ਨਰੂਲਾ ਸਮੇਤ ਕਾਲਜ ਦੇ ਹੋਰ ਅਧਿਆਪਕ ਵੀ ਮੌਜੂਦ ਰਹੇ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਨਸ਼ਾ-ਮੁਕਤ ਜੀਵਨ ਜੀਣ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਉਣ ਦਾ ਸੰਦੇਸ਼ ਦਿੱਤਾ ਗਿਆ।

## ਨੰਬਰ ਲੂਡੋ ਰਾਹੀਂ ਐਲ.ਕੇ.ਜੀ. ਬੱਚਿਆਂ ਨੇ ਸਿੱਖੇ ਗਣਿਤ ਦੇ ਪਾਠ



ਬਰਨਾਲਾ, 29 ਮਈ (ਹਮੀਰ ਸਿੰਘ) : ਬੀ.ਵੀ.ਐਮ ਇੰਟਰਨੈਸ਼ਨਲ ਸਕੂਲ ਵਿੱਚ ਐਲ.ਕੇ.ਜੀ ਵਿਦਿਆਰਥੀਆਂ ਲਈ ਨੰਬਰ ਲੂਡੋ ਅਧਾਰਤ ਵਿਸ਼ੇਸ਼ ਸਿੱਖਣ ਗਤੀਵਿਧੀ ਕਰਵਾਈ ਗਈ। ਇਸ ਦੌਰਾਨ ਬੱਚਿਆਂ ਨੂੰ ਖੇਡ-ਖੇਡ ਵਿੱਚ ਨੰਬਰ ਪਛਾਣ, ਗਿਣਤੀ ਅਤੇ ਕ੍ਰਮ ਸਿਖਾਇਆ ਗਿਆ। ਰੰਗੀਨ ਲੂਡੋ ਬੋਰਡ ਅਤੇ ਦਿਲਚਸਪ ਸਿੱਖਣ ਸਮੱਗਰੀ ਰਾਹੀਂ ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ। ਅਧਿਆਪਕਾਂ ਨੇ ਬੱਚਿਆਂ ਨੂੰ ਪਾਸਾ ਘੁੰਮਾਕੇ ਮਿਲੇ ਨੰਬਰ ਅਨੁਸਾਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ, ਜਿਸ ਨਾਲ ਸਿੱਖਣ ਦੀ ਪ੍ਰਕਿਰਿਆ ਹੋਰ ਮਜ਼ੇਦਾਰ ਬਣ ਗਈ। ਬੱਚਿਆਂ ਨੇ ਨਾ ਸਿਰਫ਼ ਨੰਬਰਾਂ ਦੀ ਪਛਾਣ ਕਰਨੀ ਸਿੱਖੀ, ਸਗੋਂ ਧੀਰਜ, ਨਿਯਮਾਂ ਦੀ ਪਾਲਣਾ ਅਤੇ ਸਮੂਹਿਕ ਸਹਿਯੋਗ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਸਕੂਲ ਪ੍ਰਬੰਧਨ ਨੇ ਕਿਹਾ ਕਿ ਖੇਡ-ਅਧਾਰਤ ਸਿੱਖਿਆ ਬੱਚਿਆਂ ਦੇ ਬੌਧਿਕ ਅਤੇ ਸਮਾਜਿਕ ਵਿਕਾਸ ਲਈ ਬਹੁਤ ਲਾਭਦਾਇਕ ਹੁੰਦੀ ਹੈ। ਸਕੂਲ ਵੱਲੋਂ ਹਮੇਸ਼ਾ ਸਿੱਖਿਆ ਨੂੰ ਦਿਲਚਸਪ ਅਤੇ ਬਾਲ-ਕੇਂਦ੍ਰਿਤ ਬਣਾਉਣ ਲਈ ਨਵੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

## ਸਾਈਬਰ ਧੋਖਾਧੜੀ ਤੋਂ ਬਚਣ ਲਈ ਸਾਈਬਰ ਕ੍ਰਾਈਮ ਬਾਰੇ ਜਾਣਕਾਰੀ ਜ਼ਰੂਰੀ



ਬਰਨਾਲਾ, 29 ਮਈ (ਸੁਖਵਿੰਦਰ ਸਿੰਘ ਭੰਡਾਰੀ) : ਸਮਾਜ ਸੇਵੀ ਮਹਿੰਦਰ ਪਾਲ ਗਰਗ, ਵਾਤਾਵਰਨ ਪ੍ਰੇਮੀ ਰਾਕੇਸ਼ ਜਿੰਦਲ ਐਮ ਡੀ ਜਿੰਦਲ ਸਟੀਲ ਇੰਡਸਟਰੀਜ਼ ਬਰਨਾਲਾ ਅਤੇ ਸਮਾਜ ਸੇਵੀ ਹਰਮਨਜੀਤ ਸਿੰਘ ਰੁਪਾਲ ਨੇ ਸਾਈਬਰ ਕਰਾਇਮ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਸਾਈਬਰ ਕਰਾਇਮ ਆਪਣੀ ਪਕੜ ਮਜਬੂਤ ਕਰ ਰਿਹਾ ਹੈ, ਦੇਸ਼ ਵਿੱਚ ਸਾਈਬਰ ਧੋਖਾਧੜੀ ਤੋਂ ਬਚਣ ਦੇ ਤਮਾਮ ਪ੍ਰਬੰਧ ਛੋਟੇ ਨਜ਼ਰ ਆ ਰਹੇ ਹਨ, ਆਏ ਦਿਨ ਸਾਈਬਰ ਠੱਗੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ, ਓ.ਟੀ.ਪੀ. ਫਰਾਡ, ਕ੍ਰੈਡਿਟ ਕਾਰਡ ਧੋਖਾਧੜੀ, ਈ-ਕਾਮਰਸ, ਫਰਜੀ ਪਛਾਣ ਪੱਤਰ ਬਣਾਉਣਾ, ਖਾਤੇ ਵਿੱਚੋਂ ਪੈਸੇ ਨਿਕਲਣਾ, ਫ਼ਰਜ਼ੀ ਮੋਬਾਇਲ ਸੰਪਰਕ, ਬਿਜਲੀ ਬਿੱਲ ਸਬੰਧੀ, ਆਧਾਰ ਕਾਰਡ ਅਪਡੇਟ ਕਰਨ ਸੰਬੰਧੀ ਆਦਿ ਅਨੇਕਾਂ ਘਟਨਾਵਾਂ ਸਾਇਬਰ ਠੱਗੀ ਦਾ ਕਾਰਨ ਬਣ ਗਿਆ ਹੈ। ਦੂਜੇ ਪਾਸੇ ਡਿਜਿਟਲ ਇੰਡੀਆ ਰਾਹੀਂ ਸਭ ਕੁੱਝ ਇੰਟਰਨੈਂਟ ਰਾਹੀਂ ਜੁੜ ਗਿਆ ਹੈ। ਲੈਣ-ਦੇਣ, ਬੈਂਕਿੰਗ ਪ੍ਰਣਾਲੀ ਇਸ ਦਾ ਮੁੱਖ ਹਿੱਸਾ ਹਨ, ਪਰ ਸਾਇਬਰ ਠੱਗੀ ਨੇ ਲੋਕਾਂ ਦੇ ਖਾਤੇ ਖਾਲੀ ਕਰ ਦਿੱਤੇ ਹਨ। ਹੁਣ ਨਕਦੀ ਦੇ ਨਾਲ ਨਾਲ ਸਾਈਬਰ ਠੱਗ ਇੰਟਰਨੈਂਟ ਡਾਟਾ ਵੀ ਚੋਰੀ ਕਰ ਰਹੇ ਹਨ। ਇਸ ਚ ਲੋਕਾਂ, ਕੰਪਨੀਆਂ ਅਦਾਰਿਆਂ ਦੇ ਕੰਪਿਊਟਰ ਨੈੱਟਵਰਕ ਤੋਂ ਸਾਇਬਰ ਹਮਲਾ ਕਰਕੇ ਆਪਣੇ ਕਬਜੇ ਵਿੱਚ ਕਰ ਲੈਣਾ, ਫਿਰ ਬਦਲੇ ਵਿੱਚ ਫਿਰੌਤੀ ਮੰਗਣਾ ਫਿਸ਼ਿੰਗ ਅਤੇ ਰੈਸਮਵੇਅਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਵਿਦੇਸ਼ਾਂ ਤੋਂ ਰਿਸ਼ਤੇਦਾਰ ਬਣ ਕੇ, ਗੂਗਲ ਪੇ ਦੀ ਮੰਗ ਕਰਕੇ, ਜਨਤਾ ਦੇ ਖਾਤਿਆਂ ਤੱਕ ਸੇਧ ਲਾ ਰਹੇ ਹਨ। ਲੋਕਾਂ ਦਾ ਡਾਟਾ ਜਿਵੇਂ ਮੋਬਾਇਲ ਨੰਬਰ ਆਦਿ ਵੇਚਣ ਅਤੇ ਖਰੀਦਣ ਦਾ ਵਪਾਰ ਅਰਬਾਂ ਰੁਪਏ ਦੀ ਗੱਲ ਸੁਣਦੇ ਹਾਂ। ਜਦ ਕੀ ਅਸੀਂ ਕਦੇ ਵੀ ਇਹਨਾਂ ਨਾਲ ਜੁੜੇ ਨਹੀਂ ਹੁੰਦੇ। ਇਸ ਲਈ ਸਾਇਬਰ ਠੱਗਾਂ ਤੋਂ ਬਚਣ ਲਈ ਕਦੇ ਵੀ ਕਿਸੇ ਆਫਰ ਦੇ ਲਾਲਚ ਵਿੱਚ ਨਾ ਆਵੋ, ਮੋਬਾਇਲ ਤੇ ਆਈ.ਪੀ. ਓ.ਟੀ.ਪੀ. ਕਿਸੇ ਨਾਲ ਸਾਂਝੀ ਨਾ ਕਰੋ, ਉਸ ਨੀਲੇ ਲਿੰਕ ਨੂੰ ਟੱਚ ਨਾ ਕਰੋ, ਜਿਸ ਵਾਰੇ ਤੁਸੀਂ ਜਾਣਦੇ ਨਹੀਂ।

## ਨਗਰ ਕੌਂਸਲ ਚੋਣਾਂ ਧਨੌਲਾ ਦੇ 13 ਵਾਰਡਾਂ ਵਿੱਚ ਅੱਠ 'ਤੇ 'ਆਪ' ਅਤੇ ਪੰਜ ਤੇ ਅਜ਼ਾਦ ਉਮੀਦਵਾਰ ਜਿੱਤੇ

ਧਨੌਲਾ, 29 ਮਈ (ਚਮਕੌਰ ਸਿੰਘ ਗੱਗੀ) : ਨਗਰ ਕੌਂਸਲ ਧਨੌਲਾ ਦੀਆਂ ਹੋਈਆਂ ਚੋਣਾਂ ਦੇ ਨਤੀਜਿਆਂ ਨੇ ਸਥਾਨਕ ਸਿਆਸਤ ਵਿੱਚ ਨਵਾਂ ਮਾਹੌਲ ਪੈਦਾ ਕਰ ਦਿੱਤਾ ਹੈ। 13 ਵਾਰਡਾਂ ਵਿੱਚੋਂ 8 ਵਾਰਡਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਦਰਜ ਕਰਕੇ ਕੌਂਸਲ ਵਿੱਚ ਆਪਣਾ ਦਬਦਬਾ ਬਣਾਇਆ, ਜਦਕਿ 5 ਵਾਰਡਾਂ ਵਿੱਚ ਅਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕਰਕੇ ਮੌਜੂਦਾ ਪਾਰਟੀਆਂ ਨੂੰ ਟੱਕਰ ਦਿੱਤੀ। ਇਸ ਦੌਰਾਨ ਦਿੱਗਜ ਆਪਣੇ ਉਮੀਦਵਾਰ ਜਿਤਾਉਣ ਵਿੱਚ ਅਸਫਲ ਰਹੇ, ਵਾਰਡ ਛੇ ਵਿੱਚ ਮੀਤ ਹੇਅਰ ਦੀ ਸੱਜੀ ਬਾਂਹ ਸੁਰਿੰਦਰ ਭੱਠਲ ਵੱਲੋਂ ਟਿਕਟ ਦਵਾ ਕੇ ਮੈਦਾਨ ਵਿੱਚ ਉਤਾਰੇ ਕੁਲਵਿੰਦਰ ਸਿੰਘ ਵੀ ਚੋਣ ਹਾਰ ਗਏ, ਅਤੇ ਵਾਰਡ ਸੱਤ ਵਿੱਚ ਮਹਿਲਾ ਵਿੰਗ ਦੀ ਸੀਨੀਅਰ ਆਗੂ ਅਤੇ ਜ਼ਿਲ੍ਹਾ ਪਲੇਨਿੰਗ ਬੋਰਡ ਦੀ ਮੈਂਬਰ ਨਿਸ਼ਾ ਸ਼ਰਮਾ ਵੀ ਚੋਣ ਹਾਰ ਗਏ, ਚੋਣ ਨਤੀਜਿਆਂ ਦੌਰਾਨ ਕਈ ਵਾਰਡਾਂ ਵਿੱਚ ਬਹੁਤ ਹੀ ਰੋਚਕ ਮੁਕਾਬਲੇ ਵੇਖਣ ਨੂੰ ਮਿਲੇ। ਵਾਰਡ ਨੰਬਰ 2 ਵਿੱਚ ਅਜ਼ਾਦ ਉਮੀਦਵਾਰ ਬਿਕਰਮ ਸਿੰਘ ਵਿੱਕੀ ਨੇ ਵਿੱਕੀ ਪਵਾਲ ਦੀ ਮਾਤਾ ਨੂੰ ਦੋ ਵੋਟਾਂ ਨਾਲ ਹਰਾ ਦਿੱਤਾ,। ਦੋ ਵੋਟਾਂ ਦੇ ਫਰਕ ਨੇ ਪੂਰੇ ਵਾਰਡ ਵਿੱਚ ਚਰਚਾ ਛੇੜ ਦਿੱਤੀ ਅਤੇ ਸਮਰਥਕਾਂ ਵਿੱਚ ਨਿਰਾਸ਼ਾ ਵੀ ਵੇਖਣ ਨੂੰ ਮਿਲੀ। ਲੋਕਾਂ ਦਾ ਕਹਿਣਾ ਸੀ ਕਿ ਜੇ ਕੁਝ ਹੋਰ ਵੋਟਾਂ ਮਿਲ ਜਾਂਦੀਆਂ ਤਾਂ ਨਤੀਜਾ ਬਦਲ ਸਕਦਾ ਸੀ। ਇਸ ਹਾਰ ਤੋਂ ਬਾਅਦ ਵਿਰੋਧੀ ਧਿਰਾਂ ਵੱਲੋਂ ਇਸਨੂੰ ਲੋਕਾਂ ਦਾ ਫੈਸਲਾ ਕਰਾਰ ਦਿੱਤਾ ਜਾ ਰਿਹਾ ਹੈ, ਜਦਕਿ ਆਪ ਸਮਰਥਕ ਇਸਨੂੰ ਨਜ਼ਦੀਕੀ ਮੁਕਾਬਲਾ ਦੱਸ ਰਹੇ ਹਨ। ਚੋਣ ਨਤੀਜੇ ਆਉਣ ਨਾਲ ਹੀ ਧਨੌਲਾ ਵਿੱਚ ਜਸ਼ਨਾਂ ਦਾ ਮਾਹੌਲ ਬਣ ਗਿਆ। ਜਿੱਤ ਹਾਸਲ ਕਰਨ ਵਾਲੇ ਉਮੀਦਵਾਰਾਂ ਦੇ ਸਮਰਥਕਾਂ ਨੇ ਢੋਲ ਨਗਾੜਿਆਂ ਨਾਲ ਖੁਸ਼ੀ ਮਨਾਈ ਅਤੇ ਇੱਕ ਦੂਜੇ ਨੂੰ ਲੱਡੂ ਵੰਡੇ। ਦੂਜੇ ਪਾਸੇ ਹਾਰੇ ਹੋਏ ਉਮੀਦਵਾਰਾਂ ਦੇ ਸਮਰਥਕਾਂ ਵਿੱਚ ਮਾਯੂਸੀ ਵੀ ਦਿਖਾਈ ਦਿੱਤੀ। ਇਸ ਬਾਰ 13 ਵਾਰਡਾਂ ਵਿੱਚ 58 ਉਮੀਦਵਾਰ ਆਪਣੀ ਕਿਸਮਤ ਅਜਮਾ ਰਹੇ ਸਨ, ਜਿਹਨਾਂ ਵਿੱਚੋਂ 13 ਉਮੀਦਵਾਰ ਜਿੱਤੇ ਹਨ, 13 ਉਮੀਦਵਾਰਾਂ ਵਿੱਚੋਂ 8 ਚਿਹਰੇ ਨਵੇਂ ਜਿੱਤੇ ਹਨ, ਜਿਹਨਾਂ ਵਿੱਚ ਵਾਰਡ ਇਕ ਵਿੱਚ ਸਾਬਕਾ ਪ੍ਰਧਾਨ ਰਣਜੀਤ ਕੌਰ ਸੋਢੀ, ਵਾਰਡ ਦੋ ਬਿਕਰਮਜੀਤ ਸਿੰਘ ਵਿੱਕੀ, ਵਾਰਡ ਤਿੰਨ ਬਿੱਲੂ ਖਾਂ, ਵਾਰਡ ਚਾਰ ਸਾਹਿਬਜੀਤ ਸਿੰਘ ਸੋਢੀ, ਵਾਰਡ ਪੰਜ ਹਰਵਿੰਦਰ ਕੌਰ ਫਤਿਹ, ਵਾਰਡ 6 ਮਨੀਸ਼ ਕੁਮਾਰ ਬਾਂਸਲ, ਵਾਰਡ ਸੱਤ ਜਸਵੀਰ ਕੌਰ, ਵਾਰਡ ਅੱਠ ਸੁਰਜੀਤ ਸਿੰਘ ਸੀਤਾ, ਵਾਰਡ ਨੌ ਰੋਮਾ ਦੀਕਸ਼ਤ, ਵਾਰਡ 10 ਕੁਲਦੀਪ ਕੌਰ, ਵਾਰਡ 11 ਬੂਟਾ ਸਿੰਘ ਢਿੱਲੋਂ, ਵਾਰਡ 12 ਧਰਮਿੰਦਰ ਸਿੰਘ, ਵਾਰਡ 13 ਜਸਪ੍ਰੀਤ ਕੌਰ , ਜੇਤੂ ਰਹੇ, ਨਤੀਜੇ ਆਉਣ ਨਾਲ ਹੀ ਜਿੱਤਣ ਵਾਲੇ ਉਮੀਦਵਾਰਾਂ ਦੇ ਸਮਰਥਕਾਂ ਨੇ ਢੋਲ ਨਗਾੜਿਆਂ ਨਾਲ ਖੁਸ਼ੀ ਮਨਾਈ ਅਤੇ ਲੱਡੂ ਵੰਡ ਕੇ ਜਸ਼ਨ ਮਨਾਏ। ਹੁਣ ਸਭ ਦੀ ਨਜ਼ਰ ਨਗਰ ਕੌਂਸਲ ਦੇ ਪ੍ਰਧਾਨਗੀ ਅਹੁਦੇ ਅਤੇ ਆਉਣ ਵਾਲੀਆਂ ਸਿਆਸੀ ਰਣਨੀਤੀਆਂ 'ਤੇ ਟਿਕੀ ਹੋਈ ਹੈ। ਕੌਣ ਬੈਠੇਗਾ ਪ੍ਰਧਾਨ ਦੀ ਕੁਰਸੀ 'ਤੇ ਉਹ ਆਉਣ ਵਾਲਾ ਸਮਾਂ ਦਸੇਗਾ

## ਹੈਲਿਕਸ ਇੰਸਟੀਚਿਊਟ ਵੱਲੋਂ ਮਦਰ ਟੀਚਰ ਸਕੂਲ ਨੂੰ ਐਕਸੀਲੈਂਸ ਐਵਾਰਡ ਨਾਲ ਸਨਮਾਨਿਤ



ਬਰਨਾਲਾ, 29 ਮਈ (ਇਸ਼ੇਨ ਕੰਗ) : ਮਦਰ ਟੀਚਰ ਸਕੂਲ ਨੇ ਇੱਕ ਵਾਰ ਫਿਰ ਸ਼ਾਨਦਾਰ ਉਪਲਬਧੀ ਹਾਸਲ ਕਰਦਿਆਂ ਹੈਲਿਕਸ ਇੰਸਟੀਚਿਊਟ ਵੱਲੋਂ ਉੱਤਰੀ ਖੇਤਰ ਵਿੱਚ ਸ਼ਾਨਦਾਰ ਅਕਾਦਮਿਕ ਭਾਗੀਦਾਰੀ ਅਤੇ ਪ੍ਰਦਰਸ਼ਨ ਲਈ ਐਕਸੀਲੈਂਸ ਐਵਾਰਡ ਪ੍ਰਾਪਤ ਕੀਤਾ ਹੈ। ਸਕੂਲ ਨੇ ਹੈਲਿਕਸ ਪ੍ਰੀਖਿਆ ਵਿੱਚ 491 ਵਿਦਿਆਰਥੀਆਂ ਦੀ ਪ੍ਰਭਾਵਸ਼ਾਲੀ ਭਾਗੀਦਾਰੀ ਨਾਲ ਸਿੱਖਿਆ ਪ੍ਰਤੀ ਆਪਣੀ ਲਗਨ ਅਤੇ ਸਮਰਪਣ ਦਾ ਪ੍ਰਮਾਣ ਦਿੱਤਾ। ਇਨ੍ਹਾਂ ਵਿੱਚੋਂ 41 ਵਿਦਿਆਰਥੀਆਂ ਨੇ ਉਤਕ੍ਰਿਸ਼ਟ ਪ੍ਰਦਰਸ਼ਨ ਕਰਦਿਆਂ ਕੁੱਲ ?67,100 ਦੀ ਨਕਦ ਰਕਮ, ਟ੍ਰਾਫੀਆਂ ਅਤੇ ਭਾਗੀਦਾਰੀ ਸਰਟੀਫਿਕੇਟ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਮਦਰ ਟੀਚਰ ਸਕੂਲ ਦੇ ਪ੍ਰਬੰਧਕਾਂ ਅਤੇ ਸਟਾਫ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇਸ ਸ਼ਾਨਦਾਰ ਉਪਲਬਧੀ ਲਈ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀ ਮਿਹਨਤ ਅਤੇ ਸਹਿਯੋਗ ਦੀ ਸਲਾਹਿਤਾ ਕੀਤੀ। ਸਕੂਲ ਨੇ ਹੈਲਿਕਸ ਇੰਸਟੀਚਿਊਟ ਦਾ ਧੰਨਵਾਦ ਵੀ ਕੀਤਾ, ਜਿਸ ਨੇ ਵਿਦਿਆਰਥੀਆਂ ਨੂੰ ਆਪਣੀ ਯੋਗਤਾ ਦਰਸਾਉਣ ਲਈ ਇੱਕ ਪ੍ਰੇਰਣਾਦਾਇਕ ਮੰਚ ਪ੍ਰਦਾਨ ਕੀਤਾ। ਇਹ ਉਪਲਬਧੀ ਸਕੂਲ ਦੀ ਗੁਣਵੱਤਾ ਭਰੀ ਸਿੱਖਿਆ, ਸਰਵ-ਪੱਖੀ ਵਿਕਾਸ ਅਤੇ ਵਿਦਿਆਰਥੀਆਂ ਵਿੱਚ ਅਕਾਦਮਿਕ ਪ੍ਰਤਿਭਾ ਨੂੰ ਨਿਖਾਰਨ ਪ੍ਰਤੀ ਲਗਾਤਾਰ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਨਗਰ ਕੌਂਸਲ ਭਦੌੜ ਦੀਆਂ ਚੋਣਾਂ ਦੌਰਾਨ 8 ਸੀਟਾਂ 'ਤੇ 'ਆਪ' ਪਾਰਟੀ ਨੇ ਕੀਤਾ ਕਬਜ਼ਾ



ਭਦੌੜ, 29 ਮਈ (ਸੁਖਵਿੰਦਰ ਪਲਾਹਾ) : ਨਗਰ ਕੌਂਸਲ ਭਦੌੜ ਦੀਆਂ ਚੋਣਾਂ ਦੇ ਆਏ ਨਤੀਜਿਆਂ ਨੂੰ ਲੈਕੇ ਸਵੇਰ ਤੋਂ ਪੁਲਿਸ ਪ੍ਰਸ਼ਾਸਨ ਵੱਲੋਂ ਸਖ਼ਤ ਪ੍ਰਬੰਧ ਕੀਤੇ ਹੋਏ ਸਨ । ਇਸ ਸਮੇ ਰਿੰਟਰਨਿੰਗ ਅਫਸਰ ਐਸ.ਡੀ.ਐਮ. ਮੈਡਮ ਕ੍ਰਿਤਿਕਾ ਗੋਇਲ ਆਈ.ਏ.ਐਸ. ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਨਗਰ ਕੌਂਸਲ ਭਦੌੜ ਦੇ 13 ਵਾਰਡਾਂ ਵਿੱਚੋਂ ਆਏ ਨਤੀਜਿਆਂ ਵਿਚ ਆਮ ਆਦਮੀ ਪਾਰਟੀ ਨੂੰ 8 ਸੀਟਾਂ , ਬੀਜੇਪੀ ਨੂੰ 1 ਅਤੇ ਆਜ਼ਾਦ ਉਮੀਦਵਾਰਾਂ ਦੇ ਹਿੱਸੇ ਵਿਚ 4 ਸੀਟਾਂ ਆਈਆਂ ਹਨ । ਉਨ੍ਹਾਂ ਅੱਗੇ ਕਿਹਾ ਕਿ ਜੇਕਰ ਗੱਲ ਜਿੱਤ ਹਾਰ ਨਤੀਜਿਆਂ ਦੀ ਕੀਤੀ ਜਾਵੇ ਤਾਂ ਵਾਰਡ ਨੰਬਰ 1 ਵਿਚੋਂ ਅਜਾਦ ਉਮੀਦਵਾਰ ਜਸਵੀਰ ਕੌਰ ਨੇ 91 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ , ਵਾਰਡ ਨੰਬਰ 2 ਵਿਚੋਂ 'ਆਪ' ਦੇ ਉਮੀਦਵਾਰ ਜਗਦੀਪ ਸਿੰਘ ਜੱਗੀ ਨੇ 85 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ, ਵਾਰਡ ਨੰਬਰ 3 ਵਿਚੋਂ ਆਪ ਦੇ ਉਮੀਦਵਾਰ ਅਮਨਦੀਪ ਕੌਰ ਨੇ 212 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ, ਵਾਰਡ ਨੰਬਰ 4 ਵਿਚੋਂ 'ਆਪ' ਦੇ ਉਮੀਦਵਾਰ ਤਰਲੋਚਨ ਸਿੰਘ ਜੱਗਾ 63 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ, ਵਾਰਡ ਨੰਬਰ 5 ਵਿੱਚੋਂ 'ਆਪ' ਦੀ ਉਮੀਦਵਾਰ ਹਰਮਨਜੀਤ ਕੌਰ ਨੇ 7 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ, ਵਾਰਡ ਨੰਬਰ 6 ਵਿਚੋਂ ਆਪ ਦੇ ਉਮੀਦਵਾਰ ਭੋਲਾ ਸਿੰਘ ਨੇ 154 ਵੋਟਾਂ ਦੇ ਫਰਕ ਨਾਲ ਪ੍ਰਾਪਤ ਕੀਤੀ , ਵਾਰਡ ਨੰਬਰ 7 ਵਿੱਚੋ ਆਪ ਦੀ ਉਮੀਦਵਾਰ ਗੀਤੂ ਸ਼ਰਮਾ ਨੇ 35 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ, ਵਾਰਡ ਨੰਬਰ 8 ਵਿੱਚੋਂ ਆਜ਼ਾਦ ਉਮੀਦਵਾਰ ਸੁਖਪਾਲ ਸਿੰਘ ਨੇ 29 ਵੋਟਾਂ ਫਰਕ ਨਾਲ ਜਿਤ ਪ੍ਰਾਪਤ ਕੀਤੀ , ਵਾਰਡ ਨੰਬਰ 9 ਵਿਚੋਂ ਆਜ਼ਾਦ ਉਮੀਦਵਾਰ ਰਮਨਦੀਪ ਕੌਰ ਨੇ 138 ਵੋਟਾਂ ਫਰਕ ਨਾਲ ਜਿੱਤ ਪ੍ਰਾਪਤ ਕੀਤੀ , ਵਾਰਡ ਨੰਬਰ 10 ਵਿਚੋਂ ਬੀਜੇਪੀ ਦੇ ਉਮੀਦਵਾਰ ਨੇਬਲਜੀਤ ਸਿੰਘ ਘਾਰੂ-ਹਨੀ ਨੇ 21 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ, ਵਾਰਡ ਨੰਬਰ 11 ਵਿਚੋਂ ਅਜਾਦ ਉਮੀਦਵਾਰ ਸ੍ਰੀਮਤੀ ਸਿਰਾਜ ਗਰਗ ਨੇ ਸਭ ਤੋਂ ਵੱਧ 483 ਵੋਟਾਂ ਫਰਕ ਨਾਲ ਜਿੱਤ ਪ੍ਰਾਪਤ ਕੀਤੀ , ਵਾਰਡ ਨੰਬਰ 12 ਤੋਂ ਆਪ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਗਿੱਲ ਨੇ 323 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਅਤੇ ਵਾਰਡ ਨੰਬਰ 13 ਵਿਚੋਂ ਆਪ ਦੇ ਉਮੀਦਵਾਰ ਕੁਲਵਿੰਦਰ ਸਿੰਘ ਕਿੰਦਾ ਨੇ 126 ਵੋਟਾਂ 'ਤੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਹੈ । ਜਿੱਤ ਹਾਸਲ ਕਰਨ ਵਾਲੇ ਸਮੂਹ ਉਮੀਦਵਾਰਾਂ ਨੇ ਆਪਣੇ-ਆਪਣੇ ਵਾਰਡਾਂ 'ਚ ਆਪਣੇ ਸਮਰਥਕਾਂ ਨਾਲ ਦੌਰਾ ਕਰਕੇ ਵੋਟਰਾਂ ਧੰਨਵਾਦ ਕੀਤਾ ।

## ਆਰੀਆ ਭੱਟਾ ਗਰੁੱਪ ਆਫ ਇੰਸਟੀਚਿਊਟਸ ਵਿੱਚ ਦਾਖਲਿਆਂ ਲਈ ਵਿਦਿਆਰਥੀਆਂ ਦੀ ਆਮਦ ਸ਼ੁਰੂ



ਬਰਨਾਲਾ, 29 ਮਈ (ਹਮੀਰ ਸਿੰਘ) : ਜ਼ਿਲ੍ਹੇ ਦੇ ਪ੍ਰਸਿੱਧ ਸਿੱਖਿਆ ਸੰਸਥਾਨ ਆਰੀਆਭੱਟਾ ਗਰੁੱਪ ਆਫ ਇੰਸਟੀਚਿਊਟਸ, ਬਰਨਾਲਾ ਵਿੱਚ ਸੈਸ਼ਨ 2026-27 ਲਈ ਦਾਖਲਿਆਂ ਨੂੰ ਲੈ ਕੇ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਦਾਖਲਾ ਪ੍ਰਕਿਰਿਆ ਦੇ ਸ਼ੁਰੂਆਤੀ ਦੌਰ ਤੋਂ ਹੀ ਸੰਸਥਾ ਨੂੰ ਵੱਡੀ ਗਿਣਤੀ ਵਿੱਚ ਅਰਜ਼ੀਆਂ ਪ੍ਰਾਪਤ ਹੋ ਰਹੀਆਂ ਹਨ, ਜਿਸ ਨਾਲ ਸੰਸਥਾ ਦੀ ਵਧਦੀ ਲੋਕਪ੍ਰਿਯਤਾ ਅਤੇ ਭਰੋਸੇਯੋਗਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸੰਸਥਾ ਦੇ ਚੇਅਰਮੈਨ ਇੰਜੀਨੀਅਰ ਰਾਕੇਸ਼ ਗੁਪਤਾ ਨੇ ਦੱਸਿਆ ਕਿ ਇਸ ਵਾਰ ਵਿਦਿਆਰਥੀਆਂ ਵਿੱਚ ਇੰਜੀਨੀਅਰਿੰਗ, ਕੰਪਿਊਟਰ ਸਾਇੰਸ, ਮੈਨੇਜਮੈਂਟ, ਬੀ.ਸੀ.ਏ., ਬੀ.ਬੀ.ਏ., ਬੀ.ਕਾਮ., ਐਮ.ਐੱਸ.ਸੀ. ਮੈਥ., ਐਮ.ਬੀ.ਏ. ਅਤੇ ਹੋਰ ਪ੍ਰੋਫੈਸ਼ਨਲ ਅਤੇ ਹੁਨਰ-ਅਧਾਰਿਤ ਕੋਰਸਾਂ ਲਈ ਖਾਸ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਡਾਇਰੈਕਟਰ ਡਾ. ਅਜੇ ਕੁਮਾਰ ਮਿੱਤਲ ਨੇ ਕਿਹਾ ਕਿ ਸੰਸਥਾ ਹਮੇਸ਼ਾ ਗੁਣਵੱਤਾ-ਪੂਰਨ ਸਿੱਖਿਆ, ਤਜਰਬੇਕਾਰ ਫੈਕਲਟੀ, ਆਧੁਨਿਕ ਲੈਬੋਰਟਰੀਆਂ, ਡਿਜ਼ੀਟਲ ਕਲਾਸਰੂਮ ਅਤੇ ਪ੍ਰੈਕਟੀਕਲ ਟ੍ਰੇਨਿੰਗ ਲਈ ਜਾਣੀ ਜਾਂਦੀ ਹੈ। ਡੀਨ ਅਕਾਦਮਿਕ ਡਾ. ਭਾਵੇਤ ਨੇ ਦੱਸਿਆ ਕਿ ਅੱਜ ਦੇ ਮੁਕਾਬਲੇਭਰੇ ਯੁੱਗ ਵਿੱਚ ਸਿਰਫ਼ ਡਿਗਰੀ ਨਹੀਂ, ਸਗੋਂ ਹੁਨਰ ਅਤੇ ਤਕਨੀਕੀ ਗਿਆਨ ਵੀ ਬਹੁਤ ਜ਼ਰੂਰੀ ਹੈ। ਕੋਆਰਡੀਨੇਟਰ ਡਾ. ਜਸ਼ਨਜੋਤ ਅਤੇ ਅਕਾਊਂਟਸ ਅਫਸਰ ਜਤਿੰਦਰ ਦਹੀਆ ਨੇ ਦੱਸਿਆ ਕਿ ਕਾਲਜ ਵਿੱਚ ਪ੍ਰੋਜੈਕਟ ਅਧਾਰਿਤ ਸਿੱਖਿਆ ਅਤੇ ਉਦਯੋਗਿਕ ਮਾਹਿਰਾਂ ਨਾਲ ਇੰਟਰਐਕਸ਼ਨ ਰਾਹੀਂ ਵਿਦਿਆਰਥੀਆਂ ਨੂੰ ਰੋਜ਼ਗਾਰ ਯੋਗ ਬਣਾਇਆ ਜਾਂਦਾ ਹੈ। ਐਡਮਿਸ਼ਨ ਵਿਭਾਗ ਦੇ ਅਨੁਸਾਰ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਤੋਂ ਬਾਅਦ ਵਿਦਿਆਰਥੀਆਂ ਦੀਆਂ ਪੁੱਛਗਿੱਛਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ ਅਤੇ ਹਰ ਰੋਜ਼ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਮਾਪੇ ਕੈਂਪਸ ਦਾ ਦੌਰਾ ਕਰ ਰਹੇ ਹਨ। ਚੇਅਰਮੈਨ ਇੰਜੀਨੀਅਰ ਰਾਕੇਸ਼ ਗੁਪਤਾ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਦਾਖਲਾ ਪ੍ਰਕਿਰਿਆ ਪੂਰੀ ਕਰਕੇ ਗੁਣਵੱਤਾ-ਪੂਰਨ ਸਿੱਖਿਆ ਅਤੇ ਉਜਲੇ ਭਵਿੱਖ ਵੱਲ ਕਦਮ ਵਧਾਉਣ।

## ਲੱਖਾਂ ਰੁਪਏ ਦੇ ਕੇ ਖਰੀਦ ਕੀਤੀ ਜ਼ਮੀਨ ਦਾ ਕਬਜ਼ਾ ਨਾ ਦੇਣ ਅਤੇ ਅਸਲਾ ਦਿਖਾ ਧਮਕਾਉਣ ਕਾਰਨ ਪਰਿਵਾਰ ਵੱਲੋਂ ਇਨਸਾਫ਼ ਦੀ ਗੁਹਾਰ



ਬਰਨਾਲਾ, 29 ਮਈ (ਚਮਕੌਰ ਸਿੰਘ ਗੱਗੀ) : ਪਿੰਡ ਕੈਰੇ ਵਿਖੇ ਇੱਕ ਐਨ ਆਰ ਆਈ ਪੰਜਾਬੀ ਵੀਰ ਲਖਵੀਰ ਸਿੰਘ ਵੱਲੋਂ ਦਿਨ-ਰਾਤ ਦੀ ਮਿਹਨਤ ਨਾਲ ਖਰੀਦ ਕੀਤੀ ਗਈ ਲੱਖਾਂ ਰੁਪਏ ਦੀ ਜਾਇਦਾਦ ਦੇ ਮਾਮਲੇ ਵਿੱਚ ਵੇਚਣ ਵਾਲੀ ਧਿਰ ਵੱਲੋਂ ਕਬਜ਼ਾ ਨਾ ਦੇਣ ਕਾਰਨ ਕਾਨੂੰਨੀ ਉਲੰਘਣਾ ਅਤੇ ਪਰਿਵਾਰ ਨੂੰ ਡਰਾਉਣ-ਧਮਕਾਉਣ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਅੱਜ ਬਰਨਾਲਾ ਵਿਖੇ ਪੀੜਤ ਲਖਵੀਰ ਸਿੰਘ ਲੱਖੀ ਅਤੇ ਭਾਰਤੀ ਸੰਵਿਧਾਨ ਚੇਤਨਾ ਮੰਚ ਦੇ ਜ਼ਿਲ੍ਹਾ ਸਕੱਤਰ, ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਕੈਰੇ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹ ਪਿਛਲੇ 10 ਸਾਲਾਂ ਤੋਂ ਦੱਖਣੀ ਕੋਰੀਆ ਵਿੱਚ ਆਪਣਾ ਘਰ-ਬਾਰ, ਛੋਟੇ ਬੱਚਿਆਂ ਅਤੇ ਪਰਿਵਾਰ ਨੂੰ ਛੱਡ ਕੇ ਵਿਦੇਸ਼ੀ ਧਰਤੀ 'ਤੇ ਮਿਹਨਤ ਕਰਕੇ ਕੁਝ ਪੈਸੇ ਜੋੜੇ ਸਨ ਜਿਹਨਾਂ ਦਾ ਮੈਂ ਪਿੰਡ ਕੇਰੇ ਘਰ ਦੇ ਨਾਲ ਲਗਦਾ ਪਲਾਟ ਅੰਮ੍ਰਿਤ ਪਾਲ ਸਿੰਘ ਪੁੱਤਰ ਰਘੁਵੀਰ ਸਿੰਘ ਪਾਸੋਂ ਖਰੀਦ ਕੀਤਾ ਜਿਸ ਦੀ ਅਦਾਇਗੀ ਬੈਂਕ ਖਾਤਿਆਂ ਵਿਚ ਟਰਾਂਸਫਰ ਕਰ ਕਰਕੇ ਕਾਨੂੰਨੀ ਤਰੀਕੇ ਨਾਲ ਤਹਿਸੀਲਦਾਰ ਜੀ ਕੋਲ ਰਜਿਸਟਰੀ ਕਰਵਾਈ, ਅਤੇ ਇੰਤਕਾਲ ਵੀ ਸਾਡੇ ਨਾਮ ਚੜ ਗਿਆ, ਲਖਵੀਰ ਸਿੰਘ ਨੇ ਕਿਹਾ ਕਿ ਜਦੋਂ ਅਸੋ ਆਪਣੀ ਖਰੀਦ ਕੀਤੀ ਜਮੀਨ ਵਿੱਚ 27 ਮਈ ਨੂੰ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ, ਤਾਂ ਵੇਚਣ ਵਾਲੀ ਧਿਰ ਦੇ ਵਿਅਕਤੀ ਅੰਮ੍ਰਿਤਪਾਲ ਸਿੰਘ ਨੇ ਅਣਪਛਾਤੇ ਵਿਅਕਤੀਆਂ ਨੂੰ ਨਾਲ ਲੈ ਕੇ ਅਸਲੇ ਦੀ ਨੋਕ 'ਤੇ ਕੰਮ ਰੁਕਵਾ ਦਿੱਤਾ। ਉਹਨਾਂ ਕਿਹਾ ਕਿ ਉਕਤ ਵਿਅਕਤੀ ਮੇਰੇ ਅਤੇ ਮੇਰੇ ਪਰਿਵਾਰ ਨੂੰ ਡਰਾਉਂਦਾ ਧਮਕਾਉਂਦਾ ਹੈ ਅਤੇ ਅਸਲਾ ਦਿਖਾ ਕੇ ਸਾਡੇ ਵੱਲੋਂ ਖ਼ਰੀਦ ਕਿਤੇ ਪਲਾਟ ਵਿੱਚ ਕੰਮ ਕਰ ਰਹੇ ਮਿਸਤਰੀਆਂ ਨੂੰ ਵੀ ਬਾਹਰ ਕੱਢਿਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ, ਪਰਮਜੀਤ ਸਿੰਘ ਕੇਰੇ ਨੇ ਕਿਹਾ ਕਿ ਖਰੀਦਣ ਵਾਲੀ ਧਿਰ ਲਖਬੀਰ ਸਿੰਘ ਐਨ ਆਰ ਆਈ ਨੇ ਮੈਨੂੰ ਪਾਵਰ ਆਫ ਅਟਾਰਨੀ ਦਿੱਤੀ ਹੈ ਜਿਸ ਦੀ ਉਹ ਪੈਰਵਾਈ ਕਰ ਰਹੇ ਹਨ, ਇਸ ਵਿੱਚ ਪੁਲਿਸ ਪਾਰਟੀ ਦੀ ਭੂਮਿਕਾ ਵੀ ਸ਼ੱਕੀ ਹੈ ,ਜਿਸ ਨੇ ਸਾਡੇ ਕਾਗਜ਼ਾਤ ਚੈੱਕ ਕਰਨ ਦੀ ਬਜਾਏ ਸਾਨੂੰ ਹੀ ਡਰਾਉਣਾ ਸ਼ੁਰੂ ਕਰ ਦਿੱਤਾ ਤੇ ਕੰਮ ਬੰਦ ਕਰਵਾਕੇ ਚਲੇ ਗਏ, ਕਿਹਾ ਕਿ ਜੇਕਰ ਸਾਨੂੰ ਆਪਣੀ ਹੀ ਜਮੀਨ ਵਿੱਚ ਨਹੀਂ ਵੜਨ ਦਿੱਤਾ ਜਾ ਰਿਹਾ, ਅਜਿਹਾ ਕਰ ਕੇ ਸਾਡੇ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦੀ ਨੀਅਤ ਨਾਲ ਧਮਕਾਇਆ ਜਾ ਰਿਹਾ। ਉਹਨਾਂ ਪੁਲਿਸ ਕੋਲ ਦਰਖਾਸਤ ਦੇ ਕੇ ਇਨਸਾਫ਼ ਦੀ ਗੁਹਾਰ ਲਾਉਂਦਿਆਂ ਕਿਹਾ ਕਿ ਸਾਨੂੰ ਸਾਡਾ ਕਬਜਾ ਦਿਵਾਇਆ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਇਨਸਾਫ਼ ਨਾ ਦਿੱਤਾ, ਤਾਂ 'ਭਾਰਤੀ ਸੰਵਿਧਾਨ ਚੇਤਨਾ ਮੰਚ' ਅਗਲੇ ਕਾਨੂੰਨੀ ਕਦਮ ਚੁੱਕਣ ਲਈ ਮਜਬੂਰ ਹੋਵੇਗਾ,ਜਦੋਂ ਇਸ ਸਬੰਧੀ ਵੇਚਣ ਵਾਲੀ ਧਿਰ ਅੰਮ੍ਰਿਤਪਾਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕੋਈ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਫ਼ੋਨ ਕੱਟ ਦਿੱਤਾ। ਇਸ ਸਬੰਧੀ ਚੌਂਕੀ ਇੰਚਾਰਜ ਬਲਜਿੰਦਰ ਸਿੰਘ ਦਾ ਪੱਖ ਜਾਨਣਾ ਚਾਹਿਆ ਤਾਂ ਕਿਹਾ ਕਿ ਅੰਮ੍ਰਿਤ ਪਾਲ ਸਿੰਘ ਵੱਲੋਂ ਦਰਖਾਸਤ ਦਿੱਤੀ ਗਈ ਸੀ, ਜਿਸ ਦੀ ਪੜਤਾਲ ਕੀਤੀ ਜਾ ਰਹੀ ਹੈ , ਵੋਟਾਂ ਦੇ ਨਤੀਜਿਆਂ ਤੋਂ ਬਾਅਦ ਦੋਵਾਂ ਨੂੰ ਬੁਲਾਇਆ ਜਾਵੇਗਾ।

## ਵਾਈ.ਐੱਸ. ਸਕੂਲ ਦੇ ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਅਦਾਲਤ ਕੰਪਲੈਕਸ ਦਾ ਦੌਰਾ



ਬਰਨਾਲਾ,29 ਮਈ (ਹਮੀਰ ਸਿੰਘ) : ਸਿੱਖਿਆ ਨੂੰ ਕਿਤਾਬੀ ਪਰਿਭਾਸ਼ਾਵਾਂ ਤੋਂ ਅੱਗੇ ਲਿਜਾਣ ਅਤੇ ਅਸਲ-ਜੀਵਨ ਦੀ ਸਮਝ ਦੇਣ ਦੇ ਮਕਸਦ ਨਾਲ, ਵਾਈ.ਐੱਸ. ਸਕੂਲ, ਬਰਨਾਲਾ ਦੇ ਗਿਆਰਵੀਂ ਜਮਾਤ ਦੇ ਲੀਗਲ ਸਟੱਡੀਜ਼ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਜ਼ਿਲ੍ਹਾ ਅਦਾਲਤ ਕੰਪਲੈਕਸ ਦਾ ਵਿੱਦਿਅਕ ਦੌਰਾ ਕੀਤਾ। ਇਸ ਤਜਰਬੇ-ਅਧਾਰਤ ਦੌਰੇ ਨੇ ਨੌਜਵਾਨ ਵਿਦਿਆਰਥੀਆਂ ਨੂੰ ਭਾਰਤੀ ਨਿਆਂ ਪ੍ਰਣਾਲੀ ਦੇ ਕੰਮ ਕਰਨ ਦੇ ਤਰੀਕੇ ਨੂੰ ਨੇੜਿਓਂ ਦੇਖਣ ਅਤੇ ਇਹ ਸਮਝਣ ਦਾ ਮੌਕਾ ਦਿੱਤਾ ਕਿ ਜ਼ਮੀਨੀ ਪੱਧਰ 'ਤੇ ਇਨਸਾਫ਼ ਕਿਵੇਂ ਦਿੱਤਾ ਜਾਂਦਾ ਹੈ। ਦਿਨ ਦਾ ਸਭ ਤੋਂ ਖਾਸ ਪਲ ਲਾਈਵ ਅਦਾਲਤੀ ਸੁਣਵਾਈਆਂ ਵਿੱਚ ਹਾਜ਼ਰ ਹੋਣਾ ਸੀ। ਅਦਾਲਤ ਦੇ ਕਮਰੇ ਦੀ ਗੈਲਰੀ ਵਿੱਚ ਚੁੱਪਚਾਪ ਬੈਠ ਕੇ, ਵਿਦਿਆਰਥੀਆਂ ਨੇ ਕਾਨੂੰਨੀ ਬਹਿਸਾਂ ਨੂੰ ਹੁੰਦੇ ਦੇਖਿਆ ਅਤੇ ਸਮਝਿਆ ਕਿ ਕਾਨੂੰਨ ਦੇ ਢਾਂਚਾਗਤ ਸਿਧਾਂਤ, ਕਾਨੂੰਨੀ ਵਿਆਖਿਆ ਅਤੇ ਸਬੂਤ ਦੇ ਨਿਯਮ ਅਸਲ-ਜੀਵਨ ਦੇ ਵਿਵਾਦਾਂ ਤੇ ਕਿਵੇਂ ਲਾਗੂ ਹੁੰਦੇ ਹਨ। ਆਪਣੇ ਅਕਾਦਮਿਕ ਸਿਲੇਬਸ ਅਤੇ ਅਸਲ ਅਭਿਆਸ ਵਿਚਕਾਰ ਪਾੜੇ ਨੂੰ ਪੂਰਨ ਲਈ, ਲੀਗਲ ਸਟੱਡੀਜ਼ ਦੇ ਇਸ ਬੈਚ ਨੇ ਜ਼ਿਲ੍ਹਾ ਨਿਆਂਪਾਲਿਕਾ ਦੇ ਢਾਂਚਾਗਤ ਦਰਜਾਬੰਦੀ ਨੂੰ ਸਮਝਣ ਵਿੱਚ ਕਾਫ਼ੀ ਸਮਾਂ ਲਗਾਇਆ। ਵਕੀਲਾਂ ਨੇ ਕੇਸ ਦੀ ਖੋਜ, ਜਿਰਹ ਦੀ ਕਲਾ, ਅਤੇ ਕਾਨੂੰਨੀ ਪੇਸ਼ੇ ਦੀਆਂ ਨੈਤਿਕ ਜ਼ਿੰਮੇਵਾਰੀਆਂ ਬਾਰੇ ਅਮਲੀ ਜਾਣਕਾਰੀ ਸਾਂਝੀ ਕੀਤੀ। ਉਥੇ ਹੀ, ਜੱਜਾਂ ਨੇ ਨਿਆਂਇਕ ਅਖ਼ਤਿਆਰ ਅਤੇ ਨਿਰਪੱਖਤਾ ਦੇ ਮੁੱਢਲੇ ਸੰਕਲਪਾਂ ਨੂੰ ਸਮਝਾਇਆ, ਅਤੇ ਨਾਲ ਹੀ ਵਿਦਿਆਰਥੀਆਂ ਨੂੰ ਸਮਾਜ ਦੀ ਸੇਵਾ ਲਈ ਨਿਆਂਪਾਲਿਕਾ ਵਿੱਚ ਕਰੀਅਰ ਬਣਾਉਣ ਲਈ ਉਤਸ਼ਾਹਿਤ ਕੀਤਾ। ਗਿਆਰਵੀਂ ਜਮਾਤ ਦੇ ਲੀਗਲ ਸਟੱਡੀਜ਼ ਦੇ ਵਿਦਿਆਰਥੀਆਂ ਲਈ, ਅਦਾਲਤੀ ਪ੍ਰਕਿਰਿਆਵਾਂ ਨੂੰ ਦੇਖਣਾ, ਕਾਨੂੰਨੀ ਫਾਈਲਾਂ ਪੜ੍ਹਨਾ, ਅਤੇ ਅਸਲ ਸਮੇਂ ਵਿੱਚ ਕਾਨੂੰਨੀ ਭਾਸ਼ਾ ਨੂੰ ਸੁਣਨਾ, ਅਦਾਲਤ ਦੇ ਅਮੂਰਤ ਸੰਕਲਪਾਂ ਨੂੰ ਇੱਕ ਦਿਲਚਸਪ ਹਕੀਕਤ ਵਿੱਚ ਬਦਲ ਗਿਆ।

## ਅਜ਼ਾਦ ਉਮੀਦਵਾਰ ਸ਼ਿਰਾਜ ਗਰਗ ਨੇ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਹਾਸਿਲ ਕੀਤੀ



ਭਦੌੜ, 29 ਮਈ (ਸੁਖਵਿੰਦਰ ਪਲਾਹਾ) : ਬੀਤੀ 26 ਮਈ ਨੂੰ ਹੋਈਆਂ ਨਗਰ ਕੌਂਸਲ ਭਦੌੜ ਦੀਆਂ ਚੋਣਾਂ ਵਿੱਚ 55 ਉਮੀਦਵਾਰਾਂ ਨੇ ਆਪਣੀ-ਆਪਣੀ ਕਿਸਮਤ ਅਜਮਾਈ ਕੀਤੀ ਸੀ ਜਿਸਦੇ ਤਹਿਤ ਅੱਜ ਨਗਰ ਕੌਂਸਲ ਚੋਣਾਂ ਦੀ ਹੋਈ ਗਿਣਤੀ ਵਿੱਚ ਇੱਕ ਅਜਾਦ ਉਮੀਦਵਾਰ ਨੇ ਹੋਰਨਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਠਿੱਬੀ ਲਾਉਂਦੇ ਹੋਏ ਵਾਰਡ ਨੰਬਰ 11 ਵਿੱਚੋਂ ਸਭ ਤੋਂ ਵੱਡੇ ਫਰਕ ਨਾਲ ਜਿੱਤ ਹਾਸਿਲ ਕਰਕੇ ਇਤਿਹਾਸ ਰਚ ਦਿੱਤਾ । ਇਸ ਵਾਰਡ ਵਿੱਚ ਨਗਰ ਕੌਂਸਲ ਭਦੌੜ ਦੇ ਸਾਬਕਾ ਪ੍ਰਧਾਨ ਮੁਨੀਸ਼ ਕੁਮਾਰ ਗਰਗ ਦੀ ਧਰਮਪਤਨੀ ਸ੍ਰੀਮਤੀ ਸ਼ਿਰਾਜ ਗਰਗ ਨੇ ਆਪਣੇ ਨਿਕਟਤਮ ਵਿਰੋਧੀ ਨੂੰ 483 ਵੋਟਾਂ ਦੇ ਫਰਕ ਨਾਲ ਹਰਾਕੇ ਨਾ ਟੁੱਟਣ ਵਾਲਾ ਰਿਕਾਰਡ ਕਾਇਮ ਕਰ ਦਿੱਤਾ । ਇਸ ਵਾਰਡ ਵਿੱਚ 626 ਵੋਟਾਂ ਸ੍ਰੀਮਤੀ ਸ਼ਿਰਾਜ ਗਰਗ ਅਤੇ ਵਿਰੋਧੀ ਉਮੀਦਵਾਰ ਨੂੰ ਸਿਰਫ 143 ਵੋਟਾਂ 'ਤੇ ਹੀ ਸਬਰ ਕਰਨਾ ਪਿਆ । ਜਿਕਰਯੋਗ ਹੈ ਕਿ 2021 ਵਿੱਚ ਹੋਈਆਂ ਨਗਰ ਕੌਂਸਲ ਦੀਆਂ ਚੋਣਾ ਵਿੱਚ ਸ੍ਰੀਮਤੀ ਸ਼ਿਰਾਜ ਗਰਗ ਦੇ ਪਤੀ ਨਗਰ ਕੌਂਸਲ ਭਦੌੜ ਦੇ ਸਾਬਕਾ ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਸਾਰੇ ਉਮੀਦਵਾਰਾਂ ਤੋਂ ਵੱਧ 511 ਵੋਟਾਂ ਫਰਕ ਨਾਲ ਜਿੱਤ ਹਾਸਿਲ ਕੀਤੀ ਸੀ । ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਭਦੌੜ ਸਹਿਰ ਵਿੱਚ ਕੀਤੇ ਵਿਕਾਸ ਕਾਰਜਾਂ ਕਰਕੇ ਮਨੀਸ਼ ਕੁਮਾਰ ਦੀ ਹਰਮਨ ਪਿਆਰਤਾ ਇੰਨੀ ਵਧ ਚੁੱਕੀ ਸੀ ਕਿ ਭਦੌੜ ਦੇ ਸਾਰੇ ਵਾਰਡਾਂ ਦੇ ਲੋਕ ਆਪਣੇ ਵਾਰਡ ਦਾ ਉਮੀਦਵਾਰ ਮਨੀਸ਼ ਕੁਮਾਰ ਗਰਗ ਨੂੰ ਬਣਾਉਣਾ ਚਾਹੁੰਦੇ ਸਨ, ਜਿਸ ਕਰਕੇ ਭਦੌੜ ਵਿੱਚ ਕੀਤੇ ਕੰਮਾਂ ਕਾਰਨ ਹੀ ਉਨ੍ਹਾਂ ਦੀ ਪਤਨੀ ਸ੍ਰੀਮਤੀ ਸ਼ਿਰਾਜ ਗਰਗ ਨੂੰ ਵਾਰਡ ਵਾਸੀਆਂ ਨੇ ਇੰਨਾ-ਪਿਆਰ ਸਤਿਕਾਰ ਦਿੱਤਾ ਹੈ । ਉਮੀਦਵਾਰ ਸ਼ਿਰਾਜ ਗਰਗ ਨੂੰ ਜਿੱਤਣ ਉਪਰੰਤ ਰਿੰਟਰਨਿੰਗ ਅਫਸਰ ਐਸ.ਡੀ.ਐਮ. ਮੈਡਮ ਕ੍ਰਿਤਿਕਾ ਗੋਇਲ ਆਈ.ਏ.ਐਸ. ਵੱਲੋਂ ਕੌਂਸਲਰ ਬਣਨ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ।



# ਪਟਿਆਲਾ–ਆਸ/ਪਾਸ



# ਨਗਰ ਕੌਂਸਲ ਪਾਤੜਾਂ ਚੋਣਾਂ 'ਚ 'ਆਪ' 10 , ਕਾਂਗਰਸ 4, ਭਾਜਪਾ 2 ਤੇ 1 ਆਜ਼ਾਦ ਉਮੀਦਵਾਰ ਨੇ ਚੋਣ ਜਿੱਤੀ

## 'ਆਪ' ਦੇ ਜੇਤੂ ਉਮੀਦਵਾਰਾਂ ਨੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨਾਲ ਕੀਤੀ ਮੁਲਾਕਾਤ



ਪਾਤੜਾਂ, 29 ਮਈ (ਹਰਮਿੰਦਰ ਕਰਤਾਰਪੁਰ): ਨਗਰ ਕੌਂਸਲ ਪਾਤੜਾਂ ਦੀਆਂ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ ਅੱਜ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਸਰਕਾਰੀ ਕਿਰਤੀ ਕਾਲਜ ਨਿਆਲ (ਪਾਤੜਾਂ) 'ਚ ਸਵੇਰੇ 8 ਵਜੇ ਸ਼ੁਰੂ ਹੋਈ।ਨਗਰ ਕੌਂਸਲ ਚੋਣਾਂ ਦੇ ਐਲਾਨੇ ਗਏ ਨਤੀਜਿਆਂ ਵਿੱਚ ਕੁੱਲ 17 ਸੀਟਾਂ ਵਿੱਚੋਂ ਆਮ ਆਦਮੀ ਪਾਰਟੀ ਨੂੰ 10 ਸੀਟਾਂ ਉੱਪਰ ਜਿੱਤ ਨਸੀਬ ਹੋਈ ਜਦ ਕਿ ਕਾਂਗਰਸ 4 ਸੀਟਾਂ, ਭਾਜਪਾ 2 ਸੀਟਾਂ ਅਤੇ 1 ਸੀਟ ਉੱਪਰ ਅਜ਼ਾਦ ਉਮੀਦਵਾਰ ਚੋਣ ਜਿੱਤ ਕੇ ਕੌਂਸਲਰ ਬਣਨ ਵਿੱਚ ਕਾਮਯਾਬ ਰਿਹਾ।ਚੋਣ ਅਧਿਕਾਰੀਆਂ ਵੱਲੋਂ ਐਲਾਨੇ ਗਏ ਚੋਣ ਨਤੀਜਿਆਂ ਵਿੱਚ ਵਾਰਡ ਨੰਬਰ 1 ਤੋਂ ਕਾਂਗਰਸ ਦੇ ਕੁਲਦੀਪ ਸਿੰਘ ਖਿੰਦ (ਆਪ),ਵਾਰਡ ਨੰਬਰ 2 ਤੋਂ ਅਮ੍ਰਿਤਪਾਲ ਓਮ ਸ਼ਾਂਤੀ (ਕਾਂਗਰਸ), ਵਾਰਡ ਨੰਬਰ 3 ਤੋਂ ਬੀਬੀ ਰੁਚੀ ਗਰਗ (ਆਪ) ,ਵਾਰਡ ਨੰਬਰ 4 ਅੰਮ੍ਰਿਤਪਾਲ ਸਿੰਘ ਕਾਲੇਕਾ (ਆਪ),ਵਾਰਡ ਨੰਬਰ 5 ਬੀਬੀ ਪ੍ਰਮਜੀਤ ਕੌਰ ਬਦੇਸ਼ਾ (ਆਪ),ਵਾਰਡ ਨੰਬਰ 6 ਨਰਿੰਦਰ ਕੁਮਾਰ ਸਿੰਗਲਾ (ਕਾਂਗਰਸ),ਵਾਰਡ ਨੰਬਰ 7 ਬੀਬੀ ਪ੍ਰੇਮ ਲਤਾ (ਅਜ਼ਾਦ),ਵਾਰਡ ਨੰਬਰ 8 ਮਨਵੀਰ ਸਿੰਘ ਮੰਨਾ ਸੰਧੂ ਮੌਲਵੀਵਾਲਾ (ਆਪ), ਵਾਰਡ 9 ਡਾਕਟਰ ਸਤਨਾਮ (ਭਾਜਪਾ),ਵਾਰਡ ਨੰਬਰ 10 ਜਗਦੀਪ ਛੋਟੂ (ਭਾਜਪਾ),ਵਾਰਡ ਨੰਬਰ 11 ਮਿੰਨੀ ਅਰੋੜਾ (ਆਪ),ਵਾਰਡ ਨੰਬਰ 12 ਅਨੁਵਿੰਦਰ ਸਿੰਘ ਕਰਮਾ ਗੁਜ਼ਰ ,ਵਾਰਡ ਨੰਬਰ 13 ਰੇਨੂੰ ਵਧਵਾ (ਆਪ),ਵਾਰਡ ਨੰਬਰ 14 ਰਾਜ ਸਿੰਘ (ਕਾਂਗਰਸ),ਵਾਰਡ ਨੰਬਰ 15 ਪ੍ਰੀਤੀ ਜੈਨ (ਆਪ), ਵਾਰਡ ਨੰਬਰ 16 ਕ੍ਰਿਸ਼ਨ ਕੁਮਾਰ (ਕਾਂਗਰਸ),ਵਾਰਡ ਨੰਬਰ 17 ਬੀਬੀ ਰਾਜਵਿੰਦਰ ਕੌਰ ਕਾਲੇਕਾ (ਆਪ) ਚੋਣ ਜਿੱਤਣ ਵਿੱਚ ਕਾਮਯਾਬ ਰਹੇ। ਚੋਣ ਨਤੀਜੇ ਐਲਾਨੇ ਜਾਣ ਤੋਂ ਬਾਅਦ ਜੇਤੂ ਉਮੀਦਵਾਰਾਂ ਵੱਲੋਂ ਆਪੋ ਆਪਣੀਆਂ ਵਾਰਡਾਂ ਵਿੱਚ ਵੋਟਰਾਂ ਦਾ ਧੰਨਵਾਦ ਕਰਨ ਤੋਂ ਬਾਅਦ ਧਾਰਮਿਕ ਸਥਾਨਾਂ ਉੱਪਰ ਨਤਮਸਤਕ ਹੋ ਕੇ ਅਸ਼ੀਰਵਾਦ ਲਿਆ ਗਿਆ। ਚੋਣ ਨਤੀਜਿਆਂ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ, ਭਾਜਪਾ ਆਗੂ ਨਰਾਇਣ ਸਿੰਘ ਨਰਸੋਤ, ਸਾਬਕਾ ਅਧਿਕਾਰੀ ਕਰਨ ਸਿੰਘ ਡੀਟੀਓ, ਕਾਂਗਰਸ ਦੇ ਆਗੂ ਦਰਬਾਰਾ ਸਿੰਘ ਬੰਨਵਾਲਾ, ਨਛੱਤਰ ਸਿੰਘ ਅਰਾਈ ਮਾਜਰਾ ਅਤੇ ਅਕਾਲੀ ਆਗੂ ਕਬੀਰ ਦਾਸ ਵੱਲੋਂ ਸ਼ਹਿਰ ਦੇ ਵੋਟਰਾਂ ਅਤੇ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਜੇਤੂ ਕੌਂਸਲਰਾਂ ਨੂੰ ਵਧਾਈਆਂ ਦਿੱਤੀਆਂ ਗਈਆਂ ।ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਜੇਤੂ ਕੌਂਸਲਰਾਂ ਸਿਰੋਪਾਓ ਨਾਲ ਸਨਮਾਨਿਤ ਕਰਦਿਆਂ ਕਿਹਾ ਕਿ ਇਹ ਜਿੱਤ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਲੋਕ ਪੱਖੀ ਨੀਤੀਆਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਪਾਤੜਾਂ ਦਾ ਨਵਾਂ ਪ੍ਰਧਾਨ ਸ਼ਹਿਰ ਦੇ ਵਿਕਾਸ ਲਈ ਵਚਨਬੱਧ ਰਹੇਗਾ।

# ਨਗਰ ਨਿਗਮ/ਨਗਰ ਕੌਂਸਲ ਚੋਣਾਂ 'ਚ ਲੋਕਾਂ ਨੇ 'ਆਪ' ਦੇ ਕੰਮਾਂ 'ਤੇ ਲਗਾਈ ਮੋਹਰ: ਹਰਚੰਦ ਸਿੰਘ ਬਰਸਟ

➢ਚੇਅਰਮੈਨ ਨੇ ਸ਼ਾਨਦਾਰ ਜਿੱਤ ਲਈ ਜੇਤੂ ਉਮੀਦਵਾਰਾਂ ਅਤੇ ਲੋਕਾਂ ਨੂੰ ਦਿੱਤੀ ਵਧਾਈ

ਸਮਾਣਾ, 29 ਮਈ (ਵਿਜੇ ਕੁਮਾਰ/ ਜਵੰਦਾ) : ਪੰਜਾਬ ਵਿੱਚ ਹਾਲ ਹੀ ਵਿੱਚ ਹੋਈਆਂ ਨਗਰ ਨਿਗਮ/ਨਗਰ ਕੌਂਸਲ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ (ਆਪ) ਵੱਲੋਂ ਦਰਜ ਕੀਤੀ ਗਈ ਵੱਡੀ ਅਤੇ ਸ਼ਾਨਦਾਰ ਜਿੱਤ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਸਮੂਹ ਪੰਜਾਬੀਆਂ, ਜੇਤੂ ਉਮੀਦਵਾਰਾਂ ਅਤੇ ਪਾਰਟੀ ਵਰਕਰਾਂ ਨੂੰ ਦਿਲੋਂ ਮੁਬਾਰਕਬਾਦ ਦਿੱਤੀ ਹੈ। ਸ. ਹਰਚੰਦ ਸਿੰਘ ਬਰਸਟ ਨੇ ਵਿਸ਼ੇਸ਼ ਤੌਰ 'ਤੇ ਸਮਾਣਾ ਦੇ ਸਮੂਹ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਆਮ ਲੋਕਾਂ ਦੀ ਜਿੱਤ ਹੈ ਅਤੇ ਪੰਜਾਬ ਦੇ ਲੋਕਾਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਹ ਵਿਕਾਸ, ਪਾਰਦਰਸ਼ੀ ਪ੍ਰਸ਼ਾਸਨ ਅਤੇ ਇਮਾਨਦਾਰ ਰਾਜਨੀਤੀ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਹਿਤੈਸ਼ੀ ਕੰਮਾਂ 'ਤੇ ਲੋਕਾਂ ਨੇ ਮੋਹਰ ਲਗਾਈ ਹੈ।



ਸੂਬਾ ਜਨਰਲ ਸਕੱਤਰ ਨੇ ਸਮਾਣਾ ਦੇ ਸਾਰੇ ਜੇਤੂਆਂ ਨੂੰ ਅਪੀਲ ਕੀਤੀ ਕਿ ਉਹ ਹੁਣ ਬਿਨਾਂ ਕਿਸੇ ਦੇਰੀ ਦੇ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਵੱਧ-ਚੜ੍ਹ ਕੇ ਜੁੱਟ ਜਾਣ। ਜਿਨ੍ਹਾਂ ਉਮੀਦਾਂ ਨਾਲ ਸਮਾਣਾ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇਹ ਵੱਡੀ ਜਿੱਤ ਦਵਾਈ ਹੈ, ਸਾਨੂੰ ਉਨ੍ਹਾਂ ਉਮੀਦਾਂ 'ਤੇ ਖ਼ਰਾ ਉਤਰਨਾ ਪਵੇਗਾ। ਸ਼ਹਿਰ ਅੰਦਰ ਟਰੈਫਿਕ, ਟੁੱਟੀਆਂ ਸੜਕਾਂ ਦੀ ਮੁਰੰਮਤ, ਗਲੀਆਂ-ਨਾਲੀਆਂ ਦੀ ਮੁਰੰਮਤ, ਸੀਵਰੇਜ਼ ਪ੍ਰਣਾਲੀ ਵਿੱਚ ਸੁਧਾਰ, ਪੀਣ ਵਾਲੇ ਸਾਫ਼ ਪਾਣੀ, ਨਵੇਂ ਪਾਰਕਾਂ ਦੀ ਉਸਾਰੀ ਸਮੇਤ ਸ਼ੈਡ, ਪਬਲਿਕ ਟਾਇਲਟਸ ਸਮੇਤ ਬੁਨਿਆਦੀ ਸਹੂਲਤਾਂ ਜਲਦ ਤੋਂ ਜਲਦ ਮੁਹੱਈਆ ਕਰਵਾਈਆਂ ਜਾਣਗੀਆਂ, ਤਾਂ ਜੋ ਸਥਾਨਕ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇ। ਸਮਾਣਾ ਸ਼ਹਿਰ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਵਿਕਾਸ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਤੇਜ਼ ਰਫਤਾਰ ਮੋਟਰਸਾਈਕਲ ਦੀ ਟੱਕਰ ਨਾਲ ਜ਼ਖ਼ਮੀ

ਪਟਿਆਲਾ, 29 ਮਈ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਕੋਲ ਖੇਮ ਚੰਦ ਪੁੱਤਰ ਸੁਗਨ ਚੰਦ ਵਾਸੀ ਮੰਗਲਪੁਰਾ ਬਸਾਰੀ ਖੁਰਦ ਥਾਣਾ ਸਦਰ ਸਿਕਸਰ ਰਾਜਸਥਾਨ ਨੇ ਮੋਟਰਸਾਈਕਲ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਸੜ੍ਹਕਾ ਪਰ ਵਾਇਟ ਮਾਰਕਿੰਗ (ਚਿੱਟੀ ਪੱਟੀ) ਲਗਾਉਣ ਦਾ ਕੰਮ ਕਰਦਾ ਹੈ, ਆਪਣੇ ਸਾਥੀਆ ਸਮੇਤ ਭਾਦਸੋ ਰੋਡ ਪਰ ਲਾਅ ਯੂਨੀਵਰਸਿਟੀ ਪਾਸ ਕੰਮ ਕਰ ਰਿਹਾ ਸੀ ਤਾਂ ਅਣਪਛਾਤੇ ਡਰਾਈਵਰ ਨੇ ਆਪਣਾ ਮੋਟਰਸਾਇਕਲ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦਾ ਸਾਥੀ ਨਰੇਸ਼ ਕੁਮਾਰ ਪੁੱਤਰ ਬਿਹਾਰੀ ਲਾਲ ਵਾਸੀ ਰਾਜਸਥਾਨ ਵਿੱਚ ਲਿਆ ਕੇ ਮਾਰਿਆ, ਜਿਸ ਕਾਰਨ ਉਸਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਰਾਸ਼ਟਰੀ ਕਿਸ਼ੋਰ ਸਵਾਸਥ ਪ੍ਰੋਗਰਾਮ ਤਹਿਤ ਵਿਸ਼ਵ ਮਾਹਵਾਰੀ ਸਵੱਛਤਾ ਦਿਵਸ ਮੌਕੇ ਸੈਮੀਨਾਰ



ਪਟਿਆਲਾ, 29 ਮਈ (ਚ.ਨ.ਸ) : ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਡਾ.ਸ਼ੈਲੀ ਜੇਤਲੀ ਦੇ ਹੁਕਮਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਵਿਖੇ ਜ਼ਿਲ੍ਹੇ ਦੀ ਆਰ.ਬੀ.ਐਸ.ਕੇ. ਦੀ ਟੀਮ ਵੱਲੋਂ ਰਾਸ਼ਟਰੀ ਕਿਸ਼ੋਰ ਸਵਾਸਥ ਕਾਰਿਆਕ੍ਰਮ ਤਹਿਤ ਵਿਸ਼ਵ ਮਾਹਵਾਰੀ ਸਵੱਛਤਾ ਦਿਵਸ ਮੌਕੇ ਸੈਮੀਨਾਰ ਕੀਤਾ ਗਿਆ। ਜ਼ਿਲ੍ਹਾ ਟੀਕਾਕਰਨ ਅਫਸਰ ਡਾ.ਕੁਸ਼ਲਦੀਪ ਗਿੱਲ ਨੇ ਦੱਸਿਆ ਕਿ ਮਾਹਵਾਰੀ ਸਵੱਛਤਾ ਦਿਵਸ ਦਾ ਮਕਸਦ ਔਰਤਾਂ ਨੂੰ ਮਾਹਵਾਰੀ ਦੌਰਾਨ ਸਫਾਈ ਦੇ ਮਹੱਤਵ ਨੂੰ ਸਮਝਾਉਣਾ ਹੈ। ਇਸ ਦਿਨ ਅਜਿਹਾ ਮਾਹੌਲ ਬਣਾਉਣ ਦੀ ਕੋਸ਼ਿਸ ਕੀਤੀ ਜਾਂਦੀ ਹੈ ਕਿ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਮਾਹਵਾਰੀ ਕੋਈ ਅਪਰਾਧ ਨਹੀਂ ਹੈ, ਸਗੋਂ ਇਹ ਇਕ ਆਮ ਸਰੀਰਕ ਪ੍ਰਕਿਰਿਆ ਹੈ। ਉਹਨਾਂ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਰਹਿਣ ਵਾਲੀਆਂ ਲੱਖਾਂ ਔਰਤਾਂ ਮੈਨਸਟ੍ਰਰਅਲ ਹਾਈਜੀਨ ਹੈਲਥ ਨਾਲ ਜੁੜੀਆਂ ਕਈ ਅਹਿਮ ਜਾਣਕਾਰੀਆਂ ਤੋਂ ਅਜੇ ਵੀ ਅਣਜਾਣ ਹਨ ਅਤੇ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੀ ਮਾਮੂਲੀ ਜਿਹੀ ਲਾਪਰਵਾਹੀ ਉਨ੍ਹਾਂ ਲਈ ਹੈਪੇਟਾਈਟਸ ਬੀ, ਸਰਵਾਈਕਲ ਕੈਂਸਰ, ਯੋਨੀ ਦੀ ਲਾਗ ਵਰਗੀਆਂ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਇਸ ਦਾ ਅਸਰ ਨਾ ਸਿਰਫ ਔਰਤਾਂ ਨੂੰ ਸਰੀਰਕ ਤੌਰ 'ਤੇ ਸਗੋਂ ਮਾਨਸਿਕ ਤੌਰ 'ਤੇ ਵੀ ਲੰਬੀ ਉਮਰ ਤਕ ਪ੍ਰਭਾਵਿਤ ਕਰ ਸਕਦਾ ਹੈ। ਐਮ.ਓ ਡਾ.ਕਿਰਨਪ੍ਰੀਤ ਕੌਰ ਨੇ ਦੱਸਿਆ ਕਿ ਨੌਜਵਾਨ ਲੜਕੀਆਂ ਅਤੇ ਔਰਤਾਂ ਨੂੰ ਮਾਹਵਾਰੀ ਦੌਰਾਨ ਸਫਾਈ ਦਾ ਧਿਆਨ ਰੱਖਣ ਲਈ ਲੋੜੀਂਦੀ ਜਾਣਕਾਰੀ ਹੋਣਾ ਜ਼ਰੂਰੀ ਹੈ।

## ਹੈਰੋਇਨ ਬ੍ਰਾਮਦ

ਪਟਿਆਲਾ, 29 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪੁਲਿਸ ਨੇ ਕਥਿਤ ਦੋਸ਼ੀ ਜਗਦੀਪ ਸਿੰਘ ਵਾਸੀ ਨਿਊ ਗਰੀਨ ਪਾਰਕ ਕਲੋਨੀ ਸਰਹਿੰਦ ਰੋਡ ਪਟਿਆਲਾ ਵਿਰੁੱਧ ਧਾਰਾ 21, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਹਰਸ਼ਰਨਵੀਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਫੇਸ-2 ਮਾਰਕਿਟ ਅਰਬਨ ਅਸਟੇਟ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈੱਕ ਕਰਨ ਪਰ ਦੋਸ਼ੀ ਪਾਸੋਂ 4 ਗ੍ਰਾਮ ਚਿੱਟਾ ਹੈਰੋਇਨ ਬ੍ਰਾਮਦ ਹੋਇਆ।

## ਬੱਚਿਆਂ ਦੀ ਸੁਰੱਖਿਆ ਸਬੰਧੀ ਪੋਕਸੋ ਐਕਟ ਬਾਰੇ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਮਲੇਰਕੋਟਲਾ, 29 ਮਈ (ਬਲਜੀਤ ਸਿੰਘ ਟਿੱਬਾ) : ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਗਿੱਲ ਦੀਆਂ ਹਦਾਇਤਾਂ ਅਨੁਸਾਰ ਡੀ.ਏ.ਵੀ. ਪਬਲਿਕ ਸਕੂਲ ਵਿਖੇ ਪੋਕਸੋ ਐਕਟ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਸਟਾਫ ਨੂੰ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਇਸ ਮੌਕੇ ਬੱਚਿਆਂ ਨੂੰ ਦੱਸਿਆ ਗਿਆ ਕਿ ਪੋਕਸੋ ਐਕਟ (Protection of Children from Sexual Offences Act) ਬੱਚਿਆਂ ਨੂੰ ਯੌਨ ਸ਼ੋਸ਼ਣ, ਛੇੜਛਾੜ ਅਤੇ ਹੋਰ ਅਪਰਾਧਾਂ ਤੋਂ ਸੁਰੱਖਿਆ ਪ੍ਰਦਾਨ ਕਰਨ ਲਈ ਬਣਾਇਆ ਗਿਆ ਹੈ। ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਕਿਸੇ ਵੀ ਤਰ੍ਹਾਂ ਦੀ ਗਲਤ ਹਰਕਤ ਜਾਂ ਦੁਰਵਿਵਹਾਰ ਦੀ ਸਥਿਤੀ ਵਿੱਚ ਚੁੱਪ ਨਾ ਰਿਹਾ ਜਾਵੇ ਅਤੇ ਤੁਰੰਤ ਆਪਣੇ ਮਾਪਿਆਂ, ਅਧਿਆਪਕਾਂ ਜਾਂ ਭਰੋਸੇਯੋਗ ਵਿਅਕਤੀ ਨਾਲ ਗੱਲ ਕੀਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਚਾਈਲਡ ਹੈਲਪਲਾਈਨ 1098 ਬਾਰੇ ਵੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਹ ਸੇਵਾ ਬੱਚਿਆਂ ਦੀ ਮਦਦ ਲਈ 24 ਘੰਟੇ ਉਪਲੱਬਧ ਹੈ। ਜ਼ਿਲ੍ਹਾ ਬਾਲ ਸੁਰੱਖਿਆ ਟਾਸਕ ਫੋਰਸ ਟੀਮ ਵੱਲੋਂ ਬੱਚਿਆਂ ਨੂੰ ਗੁੱਡ ਟੱਚ ਅਤੇ ਬੈੱਡ ਟੱਚ ਬਾਰੇ ਸੌਖੀ ਭਾਸ਼ਾ ਵਿੱਚ ਸਮਝਾਇਆ ਗਿਆ ਤਾਂ ਜੋ ਉਹ ਆਪਣੀ ਸੁਰੱਖਿਆ ਪ੍ਰਤੀ ਜਾਗਰੂਕ ਹੋ ਸਕਣ। ਬਾਲ ਸੁਰੱਖਿਆ ਵਿਭਾਗ ਦੀ ਟੀਮ ਵੱਲੋਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਨਾਲ ਹੋਣ ਵਾਲੀ ਕਿਸੇ ਵੀ ਗਲਤ ਘਟਨਾ ਨੂੰ ਲੁਕਾਉਣ ਦੀ ਬਜਾਏ ਤੁਰੰਤ ਸੂਚਿਤ ਕਰਨ, ਤਾਂ ਜੋ ਸਮੇਂ ਸਿਰ ਕਾਰਵਾਈ ਕਰਕੇ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।ਇਸ ਮੌਕੇ ਸੋਸ਼ਲ ਵਰਕਰ ਗੁਰਜੰਟ ਸਿੰਘ, ਆਊਟ ਰੀਚ ਵਰਕਰ ਕਰਮਵੀਰ ਕੌਰ, ਕਾਊਂਸਲਰ ਰਵਿੰਦਰ ਕੌਰ ਹਾਜ਼ਰ ਰਹੇ।



## ਚਨਾਬ-ਬਿਆਸ ਲਿੰਕ ਪ੍ਰੋਜੈਕਟ ਪੰਜਾਬ ਲਈ ਇਤਿਹਾਸਕ ਕਦਮ : ਗੁਰਜੀਤ ਸਿੰਘ ਕੋਹਲੀ

ਪਟਿਆਲਾ, 29 ਮਈ (ਰੁਪਾਣਾ) : ਭਾਰਤੀ ਜਨਤਾ ਪਾਰਟੀ ਦੇ ਪਟਿਆਲਾ ਦਿਹਾਤੀ ਹਲਕੇ ਤੋਂ ਸਰਗਰਮ ਲੀਡਰ ਗੁਰਜੀਤ ਸਿੰਘ ਕੋਹਲੀ ਨੇ ਕੇਂਦਰ ਸਰਕਾਰ ਵੱਲੋਂ ਮਨਜ਼ੂਰ ਕੀਤੇ ਗਏ ਚਨਾਬ-ਬਿਆਸ ਲਿੰਕ ਪ੍ਰਾਜੈਕਟ ਦਾ ਸਵਾਗਤ ਕਰਦਿਆਂ ਇਸ ਨੂੰ ਪੰਜਾਬ ਦੇ ਪਾਣੀ ਸੰਕਟ ਦੇ ਹੱਲ ਵੱਲ ਇਕ ਇਤਿਹਾਸਕ ਅਤੇ ਦੂਰਅੰਦੇਸ਼ੀ ਫੈਸਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲਗਪਗ 2620 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਇਹ ਪ੍ਰਾਜੈਕਟ ਪੰਜਾਬ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਸਾਬਤ ਹੋਵੇਗਾ। ਇਸ ਨਾਲ ਨਾ ਸਿਰਫ ਪਾਣੀ ਦੇ ਪ੍ਰਬੰਧਨ ਨੂੰ ਮਜ਼ਬੂਤੀ ਮਿਲੇਗੀ, ਸਗੋਂ ਕਿਸਾਨਾਂ ਅਤੇ ਖੇਤੀਬਾੜੀ ਖੇਤਰ ਨੂੰ ਵੀ ਵੱਡਾ ਲਾਭ ਪਹੁੰਚੇਗਾ। ਸ. ਕੋਹਲੀ ਨੇ ਕਿਹਾ ਕਿ ਪੰਜਾਬ ਇਸ ਵੇਲੇ ਭੂਗਰਭ ਜਲ ਦੇ ਘਟਦੇ ਪੱਧਰ ਅਤੇ ਪਾਣੀ ਦੀ ਕਮੀ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਸ ਵੇਲੇ ਕੇਂਦਰ ਸਰਕਾਰ ਵੱਲੋਂ ਲਿਆ ਗਿਆ ਇਹ ਫੈਸਲਾ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਵੱਡੀ ਰਰਾਹਤ ਸਾਬਤ ਹੋਵੇਗਾ।



## 'ਯੁੱਧ ਨਸ਼ਿਆਂ ਵਿਰੁੱਧ' ਪ੍ਰੋਗਰਾਮ ਤਹਿਤ ਈ-ਰਿਕਸ਼ਾ ਮੁਹਿੰਮ ਦੀ ਸ਼ੁਰੂਆਤ



ਪਟਿਆਲਾ, 29 ਮਈ (ਚ.ਨ.ਸ) : ਵਾਰਡ ਨੰਬਰ 6 ਦੇ ਕੌਂਸਲਰ ਜਸਬੀਰ ਗਾਂਧੀ ਅਤੇ ਹਰੀਸ਼ ਸੁਖੀਜਾ ਵਾਰਡ ਇੰਚਾਰਜ ਦੀ ਦੇਖ-ਰੇਖ ਵਿੱਚ ਆਨੰਦ ਨਗਰ ਤ੍ਰਿਪੜੀ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਪ੍ਰੋਗਰਾਮ ਤਹਿਤ ਈ -ਰਿਕਸ਼ਾ ਮੁਹਿੰਮ ਦੀ ਸ਼ੁਰੂਆਤ ਕਰਵਾਈ, ਨਸ਼ਿਆਂ ਵਿਰੁੱਧ ਹਲਕਾ ਦਿਹਾਤੀ ਦੇ ਇੰਚਾਰਜ ਪ੍ਰਿੰਸ ਤਿਆਗੀ ਵਿਸ਼ੇਸ਼ ਤੌਰ 'ਤੇ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਉਹਨਾਂ ਨੇ ਇਸ ਮੌਕੇ ਦੱਸਿਆ ਕਿ ਇਹ ਮੁਹਿੰਮ ਭਗਵੰਤ ਮਾਨ ਸਰਕਾਰ ਵੱਲੋਂ ਸਾਰੇ ਪੰਜਾਬ ਵਿੱਚ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਹੁਣ ਤੱਕ ਸੈਂਕੜਿਆਂ ਦੀ ਗਿਣਤੀ ਵਿੱਚ ਨਸ਼ਿਆਂ ਦੇ ਸੌਦਾਗਰਾਂ ਨੂੰ ਉਹਨਾਂ ਖਿਲਾਫ ਕੇਸ ਦਰਜ ਕਰਕੇ ਜੇਲਾਂ ਵਿੱਚ ਭੇਜਿਆ ਗਿਆ ਹੈ, ਉਹਨਾਂ ਅੱਗੇ ਦੱਸਿਆ ਕਿ ਈ -ਰਿਕਸ਼ਾ ਤੇ ਬੋਕਸ ਰੱਖਿਆ ਗਿਆ ਹੈ ਜੇ ਕਿਸੇ ਨੂੰ ਨਸ਼ੇ ਪ੍ਰਤੀ ਕੋਈ ਜਾਣਕਾਰੀ ਹੈ ।ਉਨ੍ਹਾਂ ਨੇ ਇਸ ਮੌਕੇ ਇਹ ਵੀ ਦੱਸਿਆ ਕਿ ਸਰਕਾਰ ਆਪਣੇ ਖਰਚੇ 'ਤੇ ਨਸ਼ਾ ਗ੍ਰਸਤਾਂ ਨੂੰ ਹਸਪਤਾਲਾਂ ਵਿੱਚ ਭੇਜ ਕੇ ਉਹਨਾਂ ਦਾ ਇਲਾਜ ਕਰਵਾ ਰਹੀ ਹੈ। ਇਸ ਮੌਕੇ ਯੁੱਧ ਨਸ਼ਿਆਂ ਵਿਰੁੱਧ ਪ੍ਰੋਗਰਾਮ ਵਿੱਚ ਵਾਰਡ ਨੰਬਰ ਛੇ ਦੇ ਇਨਚਾਰਜ ਹਰੀਸ਼ ਸੁਖੇਜਾ, ਗੱਜਣ ਸਿੰਘ ਮੀਡੀਆ ਇੰਚਾਰਜ, ਕੌਂਸਲਰ ਵਿਜਿੰਦਰ ਕੌਰ, ਕੌਂਸਲਰ ਮਨਦੀਪ ਵਿਰਦੀ ਤੋਂ ਇਲਾਵਾ ਕੁਲਦੀਪ ਕੌਰ, ਸ਼ੀਖਾ ਸ਼ਰਮਾ, ਰੀਤੂ ਸੁੱਖੇਜਾ, ਰੇਖਾ ਰਾਣੀ, ਇੰਦਰਪਾਲ ਸਿੰਘ, ਪ੍ਰਿਤਪਾਲ ਸਿੰਘ, ਕਾਕਾ ਸਿੰਘ, ਰਜਿੰਦਰ ਸਿੰਘ ਅਤੇ ਦਲਬੀਰ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਐਲੀਮੈਂਟਰੀ ਸਕੂਲ ਦਾਣਾ ਮੰਡੀ ਵਿਖੇ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ

ਪਟਿਆਲਾ, 29 ਮਈ (ਚ.ਨ.ਸ) :ਗੋਇਲਜ਼ ਚੈਰੀਟੇਬਲ ਫਾਊਂਡੇਸ਼ਨ ਟਰੱਸਟ ਰਜਿਸਟਰਡ, ਜਦੋਂ ਤੋਂ ਟਰੱਸਟ ਹੋਂਦ ਵਿੱਚ ਆਇਆ ਹੈ, ਸਮਾਜ ਦੇ ਹਿੱਤ ਲਈ ਬਹੁਤ ਕੁਝ ਕਰ ਰਿਹਾ ਹੈ। ਇਸ ਅਧੀਨ, ਛੋਟੇ ਬੱਚਿਆਂ ਦੀ ਸਿਹਤ ਲਈ ਖਾਸ ਕਰਕੇ ਉਨ੍ਹਾਂ ਦੀਆਂ ਅੱਖਾਂ ਦੀ ਦੇਖਭਾਲ ਲਈ (ਕਲਾਸ ਪਹਿਲੀ ਤੋਂ ਪੰਜਵੀਂ ਤੱਕ) ਇੱਕ ਵਿਸ਼ੇਸ਼ ਕੰਮ ਆਪਣੇ ਹੱਥਾਂ ਵਿੱਚ ਲਿਆ ਗਿਆ ਹੈ । ਸਾਡੇ ਟਰੱਸਟ ਨੇ ਆਪਣੇ ਅੱਖਾਂ ਦੀ ਦੇਖਭਾਲ ਪ੍ਰੋਗਰਾਮ ਦੇ ਮਿਸ਼ਨ ਦੇ ਤਹਿਤ ਸਥਾਈ ਤੌਰ 'ਤੇ ਵੱਖ-ਵੱਖ ਸਕੂਲਾਂ ਵਿੱਚ ਪਹਿਲਾਂ ਹੀ 12 ਅੱਖਾਂ ਦੇ ਚੈੱਕਅੱਪ ਕੈਂਪ (ਜਿਸ ਵਿੱਚ ਲਗਭਗ 1900 ਵਿਦਿਆਰਥੀਆਂ/ਸਟਾਫ਼ ਦੀ ਜਾਂਚ ਕੀਤੀ ਗਈ ਸੀ) ਲਗਾਏ ਹਨ, ਜੋ ਹਰ ਮਹੀਨੇ ਇੱਕ ਵਾਰ ਆਯੋਜਿਤ ਕੀਤੇ ਜਾਂਦੇ ਹਨ। ਸਰਕਾਰੀ ਐਲੀਮੈਂਟਰੀ



ਸਕੂਲ ਦਾਣਾ ਮੰਡੀ ਪਟਿਆਲਾ ਵਿੱਚ ਹਾਲ ਹੀ ਵਿੱਚ ਆਯੋਜਿਤ 13ਵੇਂ ਕੈਂਪ ਵਿੱਚ 92 ਬੱਚਿਆਂ ਅਤੇ 15 ਸਟਾਫ਼ ਮੈਂਬਰਾਂ/ਅਧਿਆਪਕਾਂ (ਕੁੱਲ 107) ਦੀ ਜਾਂਚ ਕੀਤੀ ਗਈ ਅਤੇ ਇਨ੍ਹਾਂ ਵਿੱਚੋਂ 9 ਬੱਚਿਆਂ ਨੂੰ ਘੱਟ ਨਜ਼ਰ ਵਾਲੀਆਂ ਅੱਖਾਂ ਦੀਆਂ ਸਮੱਸਿਆਵਾਂ ਸਨ, ਜੋ ਅਧਿਆਪਕਾਂ/ਮਾਪਿਆਂ ਦੇ ਗਿਆਨ ਵਿੱਚ ਨਹੀਂ ਸਨ ਜਿਨ੍ਹਾਂ ਨੂੰ ਤੁਰੰਤ ਦੇਖਭਾਲ ਦੀ ਲੋੜ ਹੈ। ਮੁੱਖ ਅਧਿਆਪਕਾ ਸ਼੍ਰੀਮਤੀ ਇੰਦਰਜੀਤ ਕੌਰ ਖੋਖਰ ਨੇ ਦਿਲਚਸਪੀ ਲਈ ਅਤੇ ਘੱਟ ਨਜ਼ਰ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹੋਰ ਸਹਾਇਤਾ ਲਈ ਇਕੱਠਾ ਕੀਤਾ ਤਾਂ ਜੋ ਇਸ ਛੋਟੀ ਉਮਰ ਵਿੱਚ ਨਜ਼ਰ ਦਾ ਹੋਰ ਨੁਕਸਾਨ ਜਾਂ ਹੋਰ ਕਿਸੇ ਤਰ੍ਹਾਂ ਦਾ ਨੁਕਸਾਨ ਹੋਣ ਤੋਂ ਬਚਿਆ ਜਾ ਸਕੇ। ਡਾ. ਅਮਨਦੀਪ ਗਰਗ ਅਤੇ ਟੀਮ, ਪ੍ਰਸਿੱਧ ਅੱਖਾਂ ਦੇ ਮਾਹਰ, ਇੱਕ ਸਮਾਜਿਕ ਸੰਕੇਤ ਵਜੋਂ ਇਸ ਕਾਰਨ ਲਈ ਆਪਣੀਆਂ ਸੇਵਾਵਾਂ ਲਈ ਕਾਫ਼ੀ ਦਿਆਲੂ ਰਹੇ ਹਨ।

## ਅਨਮੋਲ ਰਤਨ ਸਿੰਘ ਨੇ ਸਕੇਟਿੰਗ 'ਚ ਜਿੱਤਿਆ ਬਰਾਊਂਜ਼ ਮੈਡਲ



ਨਾਭਾ, 29 ਮਈ (ਬਲਜਿੰਦਰ ਮਾਨ) : ਸੱਤਵੀਂ ਸ਼ਿਮਲਾ ਸਕੇਟਿੰਗ ਚੈਂਪੀਅਨਸ਼ਿਪ ਜੋ ਕਿ ਸਕੇਟਿੰਗ ਗਰਾਉਂਡ ਔਕਲੈਂਡ ਹਾਊਸ ਸਕੂਲ ਫਾਰ ਲੜਕੇ ਸ਼ਿਮਲਾ ਹਿਮਾਚਲ ਪ੍ਰਦੇਸ਼ ਵਿੱਚ ਹੋਈ। ਇਸ ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਸਕੂਲਾਂ ਦੇ 300 ਤੋਂ ਵਿਦਿਆਰਥੀਆਂ ਨੇ ਹਿੱਸਾ ਲਿਆ! ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਮੌਂਟ ਵਰਲਡ ਸਕੂਲ ਨਾਭਾ ਦੇ ਡਾਇਰੈਕਟਰ ਮੈਡਮ ਕਾਜਲ ਨੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ । ਉਹਨਾਂ ਦੱਸਿਆ ਕਿ ਇਸ ਸਕੂਲ ਦੇ ਛੇਵੀਂ ਕਲਾਸ ਦੇ ਵਿਦਿਆਰਥੀਆਂ ਸਾਨਵੀ ਨੇ ਗੋਲਡ ਮੈਡਲ ਅਤੇ ਅਨਮੋਲ ਰਤਨ ਸਿੰਘ ਨੇ ਬਰਾਊਂਜ਼ ਮੈਡਲ ਜਿੱਤਿਆ, ਜੋ ਕਿ ਮਾਣ ਵਾਲੀ ਗੱਲ ਹੈ । ਇਸ ਤੋਂ ਇਲਾਵਾ ਨਾਭਾ ਸ਼ਹਿਰ ਦੇ ਕੁੱਲ ਪੰਜ ਵਿਦਿਆਰਥੀਆਂ ਜੋ ਕਿ ਰਿਦਮ ਅਕੈਡਮੀ ਨਾਭਾ ਦੇ ਵਿੱਚ ਟ੍ਰੇਨਿੰਗ ਲੈ ਰਹੇ ਸਨ ਉਹਨਾਂ ਵੀ ਭਾਗ ਲਿਆ।

## ਸਿਹਤ ਟੀਮਾਂ ਵੱਲੋਂ ਹੁਣ ਤੱਕ 217325 ਘਰਾਂ/ਥਾਵਾਂ 'ਚ ਪਾਣੀ ਦੇ ਖੜ੍ਹੇ ਸਰੋਤਾਂ ਦੀ ਚੈਕਿੰਗ

ਪਟਿਆਲਾ, 29 ਮਈ (ਰੁਪਾਣਾ) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲ੍ਹਾ ਸਿਹਤ ਵਿਭਾਗ ਨੇ ਸਿਵਲ ਸਰਜਨ ਡਾ.ਸ਼ੈਲੀ ਜੇਤਲੀ ਦੀ ਅਗਵਾਈ ਹੇਠ ਡੇਂਗੂ ਬਿਮਾਰੀ ਦੀ ਰੋਕਥਾਮ ਲਈ ਵਿਸ਼ੇਸ ਤੌਰ ਤੇ ਡੇਂਗੂ ਵਿਰੋਧੀ ਮਾਸ ਜਾਗਰੂਕਤਾ ਡਰਾਈ ਡੇਅ ਅਭਿਆਨ ਚਲਾਇਆ ਜਾ ਰਿਹਾ ਹੈ। ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਸਕੂਲਾਂ/ਕਾਲਜ਼ਾਂ ਦੇ ਨਰਸਿੰਗ ਵਿਦਿਆਰਥੀਆਂ ਅਤੇ ਆਸ਼ਾ ਵਰਕਰ ਦੇ ਸਹਿਯੋਗ ਨਾਲ ਡੇਂਗੂ ਲਾਰਵੇ ਦੀ ਜਾਂਚ ਲਈ ਅੱਜ ਪਟਿਆਲਾ ਜਿਲੇ ਵਿੱਚ ਧਾਰਮਿਕ ਅਤੇ ਇਤਿਹਾਸਿਕ ਸਥਾਨ ਅਤੇ ਮੈਰਿਜ ਪੈਲੇਸਾਂ ਵਿਚ ਡੇਂਗੂ ਦੇ ਲਾਰਵੇ ਦੀ ਚੈਕਿੰਗ ਕੀਤੀ ਗਈ । ਜਿਨ੍ਹਾਂ ਥਾਵਾਂ ਤੇ ਡੇਂਗੂ ਦਾ ਲਾਰਵਾ ਮਿਲਿਆ, ਉਸ ਨੂੰ ਮੌਕੇ ਤੇ ਹੀ ਨਸ਼ਟ ਕੀਤਾ ਗਿਆ। ਸਿਵਲ ਸਰਜਨ ਡਾ.ਸ਼ੈਲੀ ਜੇਤਲੀ ਲੋਕਾਂ ਨੂੰ



ਅਪੀਲ ਕਰਦੇ ਹੋਏ ਕਿਹਾ ਕਿ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਕਬਾੜ ਆਦਿ ਸਮਾਨ ਵਿਚ ਪਾਣੀ ਜਮਾਂ ਨਾ ਹੋਣ ਦਿੱਤਾ ਜਾਵੇ, ਆਲੇ ਦੁਆਲੇ ਦੀ ਸਾਫ—ਸਫਾਈ ਵੱਲ ਖਾਸ ਧਿਆਨ ਦਿੱਤਾ ਜਾਵੇ ਅਤੇ ਕੂਲਰਾਂ ਦੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸੁਕਾਇਆ ਜਾਵੇ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਪਣੇ ਆਲੇ ਦੁਆਲੇ ਦੀ ਸਫਾਈ ਰੱਖੀ ਜਾਵੇ ਅਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ, ਪਾਣੀ ਦੀ ਨਿਕਾਸੀ ਕੀਤੀ ਜਾਵੇ। ਜਿਲ੍ਹਾ ਐਪੀਡੇਮੋਲੋਜੋਸਟ ਆਈ.ਡੀ.ਐਸ.ਪੀ ਡਾ.ਦਿਵਜੋਤ ਸਿੰਘ ਨੇ ਦੱਸਿਆ ਕਿ ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ ਨਾਲ ਨਰਸਿੰਗ ਵਿਦਿਆਰਥੀਆਂ ਵੱਲੋਂ ਜਿਲ੍ਹੇ ਭਰ ਦੇ 42433 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 155 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਖੁਸ਼ਕ ਦਿਵਸ ਮੁਹਿੰਮ ਤਹਿਤ 217325 ਤੋਂ ਵਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 683 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਕਿਸੇ ਕਿਸਮ ਦਾ ਬੁਖਾਰ ਹੋਣ ਤੇ ਜਾਂਚ ਕਰਵਾਉਣੀ ਚਾਹੀਦੀ ਹੈ, ਜੋ ਕਿ ਸਰਕਾਰੀ ਸਿਹਤ ਸੰਸ਼ਥਾਵਾਂ ਵਿੱਚ ਮੁਫਤ ਮੌਜੂਦ ਹੈ। ਬੁਖਾਰ ਹੋਣ ਦੀ ਸੂਰਤ ਵਿੱਚ ਪੈਰਾਸੀਟਾਮੋਲ ਦੀ ਗੋਲੀ ਹੀ ਲਈ ਜਾਵੇ, ਹੋਰ ਦਵਾਈ ਡਾਕਟਰੀ ਸਲਾਹ ਨਾਲ ਹੀ ਲਈ ਜਾਵੇ।

## ਸਨੌਰ ਦੇ ਗੁਰਦੁਆਰਾ ਸਾਹਿਬ ਦੇ ਨੇੜੇ ਖੁੱਲ੍ਹੇ ਠੇਕੇ ਕਾਰਨ ਸੰਗਤਾਂ 'ਚ ਭਾਰੀ ਰੋਸ

ਪਟਿਆਲਾ, 29 ਮਈ (ਚ.ਨ.ਸ) : ਪਟਿਆਲਾ ਦੇ ਸਨੌਰ ਰੋਡ 'ਤੇ ਸਥਿਤ ਆਲ ਇੰਡੀਆ ਪਿੰਗਲਾ ਆਸ਼ਰਮ ਵਰਗੀ ਮਹੱਤਵਪੂਰਨ ਸਮਾਜ ਸੇਵੀ ਸੰਸਥਾ ਅਤੇ ਗੁਰਦੁਆਰਾ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਦੀ ਮਹਿਜ਼ 50-60 ਮੀਟਰ ਦੀ ਦੂਰੀ ਦੀ ਹੱਦ ਅੰਦਰ ਨਵਾਂ ਸ਼ਰਾਬ ਦਾ ਠੇਕਾ ਖੋਲ੍ਹੇ ਜਾਣ ਦਾ ਮਾਮਲਾ ਗੰਭੀਰ ਰੂਪ ਅਖਤਿਆਰ ਕਰਦਾ ਜਾ ਰਿਹਾ ਹੈ। ਇਸ ਸੰਵੇਦਨਸ਼ੀਲ ਸਥਾਨ 'ਤੇ ਸ਼ਰਾਬ ਦੀ ਵਿਕਰੀ ਸ਼ੁਰੂ ਹੋਣ ਕਾਰਨ ਇਲਾਕੇ ਦੇ ਲੋਕਾਂ, ਸ਼ਰਧਾਲੂਆਂ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵਿਚ ਪ੍ਰਸ਼ਾਸਨ ਵਿਰੁੱਧ ਭਾਰੀ ਗੁੱਸਾ ਅਤੇ ਰੋਸ ਪਾਇਆ ਜਾ ਰਿਹਾ ਹੈ। ਇਸ ਠੇਕੇ ਦੇ ਬਿਲਕੁਲ ਨਜ਼ਦੀਕ ਨਵੀਂ ਫਲ ਅਤੇ ਸਬਜ਼ੀ ਮੰਡੀ ਸਥਿਤ ਹੈ, ਜਿਸ ਕਾਰਨ ਦਿਨ ਰਾਤ ਆਵਾਜਾਈ ਰਹਿੰਦੀ ਹੈ । ਸਥਾਨਕ ਨਿਵਾਸੀਆਂ ਅਨੁਸਾਰ, ਸ਼ਾਮ ਹੁੰਦਿਆਂ ਹੀ ਮੰਡੀ ਵਿਚ ਕੰਮ ਕਰਨ ਵਾਲੇ ਪ੍ਰਵਾਸੀ ਮਜ਼ਦੂਰਾਂ ਵੱਲੋਂ ਇਸ ਠੇਕੇ ਦੇ ਆਸ ਪਾਸ ਡੇਰਾ ਲਾ ਲਿਆ ਜਾਂਦਾ ਹੈ। ਇਨ੍ਹਾਂ ਪ੍ਰਵਾਸੀਆਂ ਵਿਚ ਕਈ ਵਾਰ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਵੀ ਸ਼ਾਮਲ ਹੁੰਦੇ ਹਨ,ਜੋ ਸ਼ਰੇਆਮ ਸ਼ਰਾਬ ਦਾ ਸੇਵਨ ਕਰਦੇ ਹਨ। ਇਸ ਹੁੱਲੜਬਾਜ਼ੀ ਕਾਰਨ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਆਉਣ ਵਾਲੀਆਂ ਔਰਤ ਸ਼ਰਧਾਲੂਆਂ ਅਤੇ ਆਸ਼ਰਮ ਵਿਚ ਰਹਿਣ ਵਾਲੀਆਂ ਔਰਤਾਂ ਦੀ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੋ ਗਿਆ ਹੈ।

## ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਰਾਜਨੀਤਿਕ ਪਾਰਟੀਆਂ ਨੂੰ ਐਸ.ਆਈ.ਆਰ. ਸਬੰਧੀ ਆਪਣੇ ਬੀ.ਐਲ.ਏਜ਼ ਲਗਾਉਣ ਦੀ ਅਪੀਲ

ਪਟਿਆਲਾ, 29 ਮਈ (ਚ.ਨ.ਸ) : ਭਾਰਤੀ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਕਰਵਾਈ ਜਾਣ ਵਾਲੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਸਬੰਧੀ ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਵਿੱਚ ਸਮੂਹ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕਰਕੇ ਐਸ.ਆਈ.ਆਰ. ਸਬੰਧੀ ਆਪਣੇ ਬੂਥ ਲੈਵਲ ਏਜੰਟ (ਬੀ.ਐਲ.ਏ.) ਲਗਾਉਣ ਦੀ ਅਪੀਲ ਕੀਤੀ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦਾ ਉਦੇਸ਼ ਹਰੇਕ ਯੋਗ ਨਾਗਰਿਕ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਅਤੇ ਅਯੋਗ ਵਿਅਕਤੀਆਂ ਨੂੰ ਸੂਚੀ ਵਿੱਚੋਂ ਬਾਹਰ ਕਰਨਾ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਦੋਹਰੀ ਵੋਟ ਰੱਖਣਾ ਭਾਰਤੀ ਸੰਵਿਧਾਨ ਅਨੁਸਾਰ ਅਪਰਾਧ ਹੈ ਜਿਸ ਲਈ ਇੱਕ ਸਾਲ ਤੱਕ ਦੀ ਕੈਦ ਦੀ ਸਜ਼ਾ ਹੈ, ਜਿਸ ਲਈ ਸਮੂਹ ਸਿਆਸੀ ਪਾਰਟੀਆਂ ਇਸ ਮਕਸਦ ਲਈ ਆਪਣਾ ਸਹਿਯੋਗ ਦੇਣ। ਇਸ ਬੈਠਕ ਤੋਂ ਬਾਅਦ ਐਸ.ਆਈ.ਆਰ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਅਧੀਨ ਪੰਜਾਬ ਰਾਜ ਵਿੱਚ 25 ਜੂਨ, 2026 ਤੋਂ 24 ਜੁਲਾਈ, 2026 ਤੱਕ ਬੀਐਲਓਜ਼ ਘਰੋਂ-ਘਰੀਂ ਜਾ ਕੇ ਵੋਟਰਜ਼ ਦੇ ਫਾਰਮ ਭਰਵਾਉਣਗੇ। ਇਸ ਕਾਰਜ ਲਈ ਜ਼ਿਲ੍ਹੇ ਅੰਦਰ 1786 ਬੀਐਲਓਜ਼, 185 ਸੁਪਰਵਾਈਜ਼ਰ, 8 ਈਆਰਓਜ਼ ਅਤੇ 16 ਏਈਆਰਓਜ਼ ਸਮੇਤ ਪੂਰਾ ਚੋਣ ਅਮਲਾ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਐਸ.ਆਈ.ਆਰ. ਸਬੰਧੀ ਬੀਐਲਓਜ਼ ਨੂੰ ਟ੍ਰੇਨਿੰਗ ਦੇਣ ਅਤੇ ਹੋਰ ਤਿਆਰੀਆਂ ਸਬੰਧੀ ਕੰਮ 15 ਜੂਨ, 2026 ਤੋਂ 24 ਜੂਨ, 2026 ਤੱਕ ਕੀਤਾ ਜਾਵੇਗਾ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਸਾਲ 2003 ਵਿੱਚ ਵੀ ਪੰਜਾਬ ਵਿੱਚ ਐਸ.ਆਈ.ਆਰ. ਹੋਈ ਸੀ। ਉਸ ਐਸ.ਆਈ.ਆਰ. ਨੂੰ ਆਧਾਰ ਮੰਨ ਕੇ ਮੌਜੂਦਾ ਐਸ.ਆਈ.ਆਰ. ਕੀਤੀ ਜਾ ਰਹੀ ਹੈ, ਇਸੇ ਅਧਾਰ ਉੱਪਰ ਪਟਿਆਲਾ ਅੰਦਰ 82.82 ਫ਼ੀਸਦੀ ਮੈਪਿੰਗ ਹੋ ਚੁੱਕੀ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਸਿਆਸੀ ਪਾਰਟੀਆਂ ਨੂੰ ਐਸ.ਆਈ.ਆਰ. ਸਬੰਧੀ ਅਹਿਮ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸ.ਆਈ.ਆਰ. ਸਬੰਧੀ ਬੂਥ ਲੈਵਲ ਏਜੰਟ (ਬੀ.ਐਲ.ਏ.) ਦੀਆਂ ਨਿਯੁਕਤੀਆਂ ਜਲਦ ਤੋਂ ਜਲਦ ਕਰ ਦੇਣ ਤਾਂ ਜੋ ਇਹਨਾਂ ਬੀ.ਐਲ.ਏਜ਼ ਨੂੰ ਬੀ.ਐਲ.ਓਜ਼ ਦੇ ਨਾਲ ਹੀ ਸਮਾਂ ਰਹਿੰਦਿਆਂ ਟ੍ਰੇਨਿੰਗ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਬੀ.ਐਲ.ਏਜ਼ ਦੀ ਭੂਮਿਕਾ ਬਹੁਤ ਅਹਿਮ ਹੈ ਅਤੇ ਐਸ.ਆਈ.ਆਰ. ਦੇ ਹਰੇਕ ਪੜਾਅ ਉੱਤੇ ਬੀ.ਐਲ.ਓ. ਵੱਲੋਂ ਬੀ.ਐਲ.ਏ. ਨਾਲ ਜਾਣਕਾਰੀਆਂ ਸਾਂਝੀਆਂ ਕੀਤੀਆਂ ਜਾਣਗੀਆਂ ਤਾਂ ਜੋ ਇਸ ਸਾਰੀ ਪ੍ਰਕਿਰਿਆ ਦੀ ਪਾਰਦਰਸ਼ਤਾ ਬਰਕਰਾਰ ਰਹੇ। ਉਨ੍ਹਾਂ ਰਾਜਨੀਤਿਕ ਪਾਰਟੀਆਂ ਨੂੰ ਕਿਹਾ ਕਿ ਬੀ.ਐਲ.ਏ.-1 ਦੀ ਨਿਯੁਕਤੀ ਸਬੰਧੀ ਵੀ ਪ੍ਰਕਿਰਿਆ ਨੂੰ ਵੀ ਜਲਦ ਮੁਕੰਮਲ ਕਰ ਲਿਆ ਜਾਵੇ। ਉਨ੍ਹਾਂ ਕਿਹਾ ਕਿ ਅੱਜ ਦੀ ਮਿਤੀ ਤੱਕ ਸਿਰਫ ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਪਾਰਟੀ ਵੱਲੋਂ ਹੀ ਜ਼ਿਲ੍ਹਾ ਪੱਧਰ 'ਤੇ ਪ੍ਰਤੀਨਿਧ ਨਿਯੁਕਤ ਕੀਤੇ ਗਏ ਹਨ। ਡਾ. ਅਗਰਵਾਲ ਨੇ ਕਿਹਾ ਕਿ ਐਸ.ਆਈ.ਆਰ. ਦੀ ਸਮੁੱਚੀ ਪ੍ਰਕਿਰਿਆ ਦੌਰਾਨ ਦਫ਼ਤਰ ਜ਼ਿਲ੍ਹਾ ਚੋਣ ਅਫ਼ਸਰ ਰਾਜਨੀਤਿਕ ਪਾਰਟੀਆਂ ਨਾਲ ਲਗਾਤਾਰ ਸੰਪਰਕ ਵਿੱਚ ਰਹੇਗਾ। ਇਸ ਮੌਕੇ ਉਨ੍ਹਾਂ ਵੋਟ ਸਬੰਧੀ ਅਧਿਕਾਰੀ ਬਾਰੇ ਵੀ ਰਾਜਨੀਤਿਕ ਪਾਰਟੀਆਂ ਨੂੰ ਜਾਣੂੰ ਕਰਵਾਇਆ। ਮੀਟਿੰਗ ਦੌਰਾਨ ਰਾਜਨੀਤਿਕ ਪਾਰਟੀਆਂ ਵੱਲੋਂ ਐਸ.ਆਈ.ਆਰ. ਸਬੰਧੀ ਕੁਝ ਸ਼ੰਕੇ ਪ੍ਰਗਟਾਏ ਗਏ ਜਿਹਨਾਂ ਨੂੰ ਡਾ. ਹਿਮਾਂਸ਼ੂ ਅਗਰਵਾਲ ਨੇ ਦੂਰ ਕਰਦਿਆਂ ਰਾਜਨੀਤਿਕ ਪਾਰਟੀਆਂ ਨੂੰ ਭਰੋਸਾ ਦਵਾਇਆ ਗਿਆ ਕਿ ਐਸ.ਆਈ.ਆਰ. ਦੀ ਸਮੁੱਚੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਹੀ ਨੇਪਰੇ ਚਾੜ੍ਹੀ ਜਾਵੇਗੀ।ਉਨ੍ਹਾਂ ਕਿਹਾ ਕਿ ਵੋਟਰਾਂ ਤੇ ਸਿਆਸੀ ਪਾਰਟੀਆਂ ਦੀ ਸਹੂਲਤ ਲਈ ਐਸ.ਆਈ.ਆਰ. ਦੌਰਾਨ 1950 ਟੋਲ-ਫਰੀ ਨੰਬਰ ਲਗਾਤਾਰ ਕੰਮ ਕਰੇਗਾ ਅਤੇ ਜ਼ਿਲ੍ਹਾ ਪੱਧਰ 'ਤੇ ਹੈਲਪ ਡੈਸਕ ਵੀ ਸਥਾਪਤ ਕੀਤਾ ਜਾ ਰਿਹਾ ਹੈ ਜੋ ਲੋਕਾਂ ਨੂੰ ਫੈਸਿਲੀਟੇਟ ਕਰਨਗੇ। ਮੀਟਿੰਗ ਦੌਰਾਨ ਆਮ ਆਦਮੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ, ਹਿੰਦੁਸਤਾਨ ਸ਼ਕਤੀ ਸੇਨਾ ਤੇ ਕਮਿਊਨਿਸਟ ਪਾਰਟੀ ਆਫ਼ ਇੰਡੀਆਂ (ਮਾਰਕਸਵਾਦੀ) ਦੇ ਨੁਮਾਇੰਦੇ ਅਤੇ ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਵੀ ਹਾਜ਼ਰ ਸਨ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਸਾਰੇ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬੀ.ਐਲ.ਓਜ਼ ਨੂੰ ਲੋੜੀਂਦੀ ਜਾਣਕਾਰੀ ਤੇ ਦਸਤਾਵੇਜ਼ ਉਪਲੱਬਧ ਕਰਵਾਉਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵੋਟਰਾਂ ਦੀ ਮੈਪਿੰਗ ਸਾਲ 2003 ਦੀ ਵੋਟਰ ਸੂਚੀ ਨਾਲ ਨਹੀਂ ਹੋ ਪਾਈ ਹੈ, ਉਨ੍ਹਾਂ ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਅਧਿਕਾਰਤ ਦਸਤਾਵੇਜ਼ ਦਿਖਾਉਣੇ ਹੋਣਗੇ। ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜਿਨ੍ਹਾਂ ਦਸਤਾਵੇਜ਼ਾਂ ਵਿੱਚ ਕਿਸੇ ਵੀ ਕੇਂਦਰੀ/ਰਾਜ ਸਰਕਾਰ/ ਪੀਐਸਯੂ ਦੇ ਨਿਯਮਤ ਕਰਮਚਾਰੀ/ ਪੈਨਸ਼ਨਰ ਨੂੰ ਜਾਰੀ ਕੀਤਾ ਗਿਆ ਕੋਈ ਵੀ ਪਛਾਣ ਪੱਤਰ/ਪੈਨਸ਼ਨ ਭੁਗਤਾਨ ਆਦੇਸ਼, ਭਾਰਤ ਵਿੱਚ ਸਰਕਾਰੀ/ ਸਥਾਨਕ ਅਧਿਕਾਰੀਆਂ/ਬੈਂਕਾਂ/ ਡਾਕਘਰ/ਐਲਆਈਸੀ, ਪੀਐਸਯੂ ਦੁਆਰਾ ਜਾਰੀ ਕੀਤਾ ਗਿਆ ਕੋਈ ਵੀ ਪਛਾਣ ਪੱਤਰ/ਪ੍ਰਮਾਣ ਪੱਤਰ/ ਦਸਤਾਵੇਜ਼, ਯੋਗ ਅਧਿਕਾਰੀ ਦੁਆਰਾ ਜਾਰੀ ਕੀਤੇ ਗਏ ਜਨਮ ਸਰਟੀਫਿਕੇਟ, ਪਾਸਪੋਰਟ, ਮਾਨਤਾ ਪ੍ਰਾਪਤ ਬੋਰਡਾਂ/ਯੂਨੀਵਰਸਿਟੀਆਂ ਦੁਆਰਾ ਜਾਰੀ ਕੀਤੇ ਗਏ ਮੈਟ੍ਰਿਕੂਲੇਸ਼ਨ/ਸਿੱਖਿਆ ਸਰਟੀਫਿਕੇਟ, ਯੋਗ ਰਾਜ ਅਧਿਕਾਰੀ ਦੁਆਰਾ ਜਾਰੀ ਕੀਤੇ ਗਏ ਸਥਾਈ ਨਿਵਾਸ ਸਰਟੀਫਿਕੇਟ, ਜੰਗਲ ਅਧਿਕਾਰ ਸਰਟੀਫਿਕੇਟ, ਓਬੀਸੀ, ਐਸ.ਸੀ, ਐਸ.ਟੀ ਜਾਂ ਯੋਗ ਰਾਜ ਅਧਿਕਾਰੀ ਦੁਆਰਾ ਜਾਰੀ ਕੀਤਾ ਗਿਆ ਕੋਈ ਵੀ ਜਾਤੀ ਸਰਟੀਫਿਕੇਟ, ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ (ਜਿੱਥੇ ਵੀ ਇਹ ਮੌਜੂਦ ਹੈ), ਪਰਿਵਾਰ ਰਜਿਸਟਰ, ਰਾਜ/ਸਥਾਨਕ ਅਧਿਕਾਰੀਆਂ ਦੁਆਰਾ ਤਿਆਰ ਕੀਤਾ ਗਿਆ ਅਤੇ ਸਰਕਾਰ ਦੁਆਰਾ ਕੋਈ ਵੀ ਜ਼ਮੀਨ/ਮਕਾਨ ਅਲਾਟਮੈਂਟ ਸਰਟੀਫਿਕੇਟ ਸ਼ਾਮਲ ਹਨ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ



ਡਾ. ਸਰਬ ਸਿੰਘ
ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ
ਅੱਜ ਦਾ ਪ੍ਰੋਗਰਾਮ
30-5-2026
ਦਿਨ-ਸ਼ਨੀਵਾਰ



ਭਾਈ ਤਖ਼ਤ ਸਿੰਘ ਜੀ
ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

ਗੁਰਦੁਆਰਾ ਸਾਹਿਬ ਆਹਲੂਵਾਲੀਆ (ਅਰਨਾ ਬਰਨਾ) ਪਟਿਆਲਾ।
ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।
ਸੰਪਰਕ ਕਰੋ : 98887-42047, 99157-70074
ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ



# ਪਟਿਆਲਾ-ਆਸ/ਪਾਸ



ਸਮਾਣਾ ਨਗਰ ਕੌਂਸਲ ਚੋਣਾਂ

## 'ਆਪ' ਨੇ 13, ਅਕਾਲੀ ਦਲ 3, ਬੀਜੇਪੀ 2, ਕਾਂਗਰਸ 2 ਤੇ ਇੱਕ ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ

ਸਮਾਣਾ, 29 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ) : 26 ਮਈ ਨੂੰ ਨਗਰ ਕੌਂਸਲ ਦੀਆਂ ਹੋਈਆਂ ਚੋਣਾਂ ਦੇ ਅੱਜ ਆਏ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੂੰ 13,ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ 3, ਭਾਰਤੀ ਜਨਤਾ ਪਾਰਟੀ ਨੂੰ 2,ਇੰਡੀਅਨ ਨੈਸ਼ਨਲ ਕਾਂਗਰਸ ਨੂੰ 2 'ਤੇ ਇੱਕ ਸੀਟ 'ਤੇ ਆਜਾਦ ਉਮੀਦਵਾਰ ਨੇ ਜਿੱਤ ਹਾਸਿਲ ਕੀਤੀ ਹੈ। ਵਾਰਡ ਨੰਬਰ ਇਕ ਤੋਂ ਆਮ ਆਦਮੀ ਪਾਰਟੀ ਦੀ ਰਾਣੀ ਦੇਵੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਰੇਖਾ ਨੂੰ 58 ਵੋਟਾਂ, ਵਾਰਡ ਨੰਬਰ ਦੋ ਤੋਂ ਪਾਰਸ ਕੁਮਾਰ ਨੇ ਕਾਂਗਰਸ ਦੇ ਗਗਨਦੀਪ ਨੂੰ 342 ਵੋਟਾਂ, ਵਾਰਡ ਨੰਬਰ ਤਿੰਨ ਤੋਂ ਭਾਰਤੀ ਜਨਤਾ ਪਾਰਟੀ ਦੀ ਰੇਨੂ ਸ਼ਰਮਾ ਨੇ ਆਮ ਆਦਮੀ ਪਾਰਟੀ ਦੀ ਰਮਨਦੀਪ ਸ਼ਰਮਾ ਨੂੰ 138 ਵੋਟਾਂ, ਵਾਰਡ ਨੰਬਰ ਚਾਰ ਤੋਂ ਆਮ ਆਦਮੀ ਪਾਰਟੀ ਦੇ ਗੋਪਾਲ ਕ੍ਰਿਸ਼ਨ ਨੇ ਭਾਰਤੀ ਜਨਤਾ ਪਾਰਟੀ ਦੇ ਪਵਨ ਕੁਮਾਰ ਨੂੰ 885 ਵੋਟਾਂ, ਵਾਰਡ ਨੰਬਰ ਪੰਜ ਤੋਂ ਭਾਰਤੀ ਜਨਤਾ ਪਾਰਟੀ ਦੀ ਪੂਜਾ ਸਿੰਗਲਾ ਨੇ ਆਮ ਆਦਮੀ ਪਾਰਟੀ ਦੀ ਜਸਵਿੰਦਰ ਕੌਰ ਨੂੰ 308 ਵੋਟਾਂ, ਵਾਰਡ ਨੰਬਰ ਛੇ ਤੋਂ ਆਮ ਆਦਮੀ ਪਾਰਟੀ ਦੇ ਕਪੂਰ ਚੰਦ ਨੇ




ਭਾਰਤੀ ਜਨਤਾ ਪਾਰਟੀ ਦੇ ਰਵੀ ਕੁਮਾਰ ਨੂੰ 791 ਵੋਟਾਂ, ਵਾਰਡ ਨੰਬਰ ਸੱਤ ਤੋਂ ਆਜ਼ਾਦ ਉਮੀਦਵਾਰ ਅਮਨਦੀਪ ਕੌਰ ਨੇ ਆਮ ਆਦਮੀ ਪਾਰਟੀ ਦੀ ਜਤਿੰਦਰ ਕੌਰ ਨੂੰ 285 ਵੋਟਾਂ, ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਮਨਜਿੰਦਰ ਸਿੰਘ ਨੇ ਕਾਂਗਰਸ ਪਾਰਟੀ ਦੇ ਗੁਰਪ੍ਰੀਤ ਸਿੰਘ ਨੂੰ 448 ਵੋਟਾਂ, ਵਾਰਡ ਨੰਬਰ 9 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮਨਜੀਤ ਕੌਰ ਨੇ ਕਾਂਗਰਸ ਦੀ ਰਾਜ ਰਾਣੀ ਨੂੰ 129 ਵੋਟਾਂ, ਵਾਰਡ ਨੰਬਰ 10 ਤੋਂ ਆਮ ਆਦਮੀ ਪਾਰਟੀ ਦੇ ਜਗਤਾਰ ਸਿੰਘ ਨੇ ਆਜਾਦ ਉਮੀਦਵਾਰ ਰਾਜੇਸ਼ ਜੈਨ ਹੀਰਾ ਨੂੰ 123 ਵੋਟਾਂ, ਵਾਰਡ ਨੰਬਰ 11 ਤੋਂ ਆਮ ਆਦਮੀ ਪਾਰਟੀ ਦੀ ਆਸ਼ਾ ਰਾਣੀ ਨੇ ਭਾਰਤੀ ਜਨਤਾ ਪਾਰਟੀ ਦੀ ਜੋਤੀ ਵਰਮਾ ਨੂੰ 487 ਵੋਟਾਂ, ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੇ ਧਰਮਪਾਲ ਨੇ ਭਾਰਤੀ ਜਨਤਾ ਪਾਰਟੀ ਦੀ ਰਿੰਕੂ ਰਾਣੀ ਨੂੰ 473 ਵੋਟਾਂ, ਵਾਰਡ ਨੰਬਰ 13 ਤੋਂ ਆਮ ਆਦਮੀ ਪਾਰਟੀ ਦੀ ਬਬਲੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਪਾਰੋ ਨੂੰ 213 ਵੋਟਾਂ, ਵਾਰਡ ਨੰਬਰ 14 ਤੋਂ ਹਰਪ੍ਰੀਤ ਸਿੰਘ ਕਾਂਗਰਸੀ ਉਮੀਦਵਾਰ ਨੇ ਆਮ ਆਦਮੀ ਪਾਰਟੀ ਦੇ ਗੁਰਦੀਪ ਸ਼ਰਮਾ ਨੂੰ 548 ਵੋਟਾਂ, ਵਾਰਡ ਨੰਬਰ 15 ਤੋਂ ਆਮ ਆਦਮੀ ਪਾਰਟੀ ਦੀ ਮਧੂਬਾਲਾ ਨੇ ਕਾਂਗਰਸ ਦੀ ਡਿੰਪੀ ਰਾਣੀ ਨੂੰ 567 ਵੋਟਾਂ, ਵਾਰਡ ਨੰਬਰ 16 ਤੋਂ ਕਾਂਗਰਸ ਦੇ ਬੇਅੰਤ ਸਿੰਘ ਨੇ ਬਹੁਜਨ ਸਮਾਜ ਪਾਰਟੀ ਦੇ ਮੋਹਨ ਲਾਲ ਨੂੰ 236 ਵੋਟਾਂ, ਵਾਰਡ ਨੰਬਰ 17 ਤੋਂ ਆਮ ਆਦਮੀ ਪਾਰਟੀ ਦੀ ਜੋਤੀ ਨੇ ਕਾਂਗਰਸ ਦੀ ਰਿੰਪੀ ਮੇਨਕਾ ਨੂੰ 160 ਵੋਟਾਂ, ਵਾਰਡ ਨੰਬਰ 18 ਤੋਂ ਕੋਮਲ ਮਹੰਤ ਨੇ ਆਮ ਆਦਮੀ ਪਾਰਟੀ ਦੇ ਰੋਹਿਤ ਕੁਮਾਰ ਤੇ ਕਾਂਗਰਸ ਦੇ ਸੁਮਨ ਕੁਮਾਰ ਨੂੰ 505 ਵੋਟਾਂ, ਵਾਰਡ ਨੰਬਰ 19 ਤੋਂ ਆਮ ਆਦਮੀ ਪਾਰਟੀ ਦੇ ਬਲਦੇਵ ਸਿੰਘ ਨੇ ਭਾਰਤੀ ਜਨਤਾ ਪਾਰਟੀ ਦੇ ਵਿਜੇ ਕੁਮਾਰ ਨੂੰ 211 ਵੋਟਾਂ, ਵਾਰਡ ਨੰਬਰ 20 ਤੋਂ ਆਮ ਆਦਮੀ ਪਾਰਟੀ ਦੇ ਬੇਅੰਤ ਸਿੰਘ ਨੇ ਭਾਰਤੀ ਜਨਤਾ ਪਾਰਟੀ ਦੇ ਸੁਭਾਸ਼ ਚੰਦ ਨੂੰ 265 ਵੋਟਾਂ ਤੇ ਵਾਰਡ ਨੰਬਰ 21 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਨਰਿੰਦਰ ਕੌਰ ਨੇ ਆਮ ਆਦਮੀ ਪਾਰਟੀ ਦੀ ਦਿਨੂ ਰਾਣੀ ਨੂੰ 211 ਵੋਟਾਂ ਦੇ ਫਰਕ ਨਾਲ ਹਰਾ ਕੇ ਆਪਣੇ ਆਪਣੇ ਵਾਰਡਾਂ ਵਿੱਚ ਜਿੱਤਾਂ ਹਾਸਲ ਕੀਤੀਆਂ ਹਨ। ਜ਼ਿਕਰਯੋਗ ਹੈ ਕਿ ਸ਼ਹਿਰ ਦੀਆਂ ਕੁੱਲ 47044 ਵੋਟਾਂ ਵਿੱਚੋਂ 26 ਮਈ ਨੂੰ 26089 ਵੋਟਰਾਂ ਨੇ ਆਪਣੀਆਂ ਵੋਟਾਂ ਦਾ ਇਸਤੇਮਾਲ ਕੀਤਾ ਸੀ, ਜਿਨਾਂ ਵਿੱਚੋਂ ਵੋਟਰਾਂ ਨੇ 170 ਵੋਟਾਂ ਨੋਟਾਂ ਨੂੰ ਤੇ 798 ਵੋਟਾਂ ਰੱਦ ਹੋਈਆਂ ਹਨ।

ਜ਼ਮੀਨੀ ਪੱਧਰ 'ਤੇ ਸਰਕਾਰ ਦੀ ਕਾਰਵਾਈ ਤੇਜ਼

## ਬਰਸਾਤੀ ਤਿਆਰੀਆਂ ਦਾ ਸਿਹਤ ਮੰਤਰੀ ਤੇ ਡੀ.ਸੀ. ਨੇ ਲਿਆ ਜਾਇਜ਼ਾ



ਪਟਿਆਲਾ, 29 ਮਈ (ਰੁਪਾਣਾ/ਅਮਰਜੀਤ) : ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸੁਰੱਖਿਆ ਅਤੇ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਸ਼ਹਿਰ ਦੇ ਵੱਖ-ਵੱਖ ਸੰਵੇਦਨਸ਼ੀਲ ਇਲਾਕਿਆਂ ਦਾ ਦੌਰਾ ਕਰਕੇ ਬਰਸਾਤੀ ਪਾਣੀ ਦੀ ਨਿਕਾਸੀ ਅਤੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨਾਲ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੀ ਡੀ ਏ ਦੇ ਮੁੱਖ ਪ੍ਰਸ਼ਾਸ਼ਕ ਮਿਸ ਅਪਰਨਾ, ਜੁਆਇੰਟ ਕਮਿਸ਼ਨਰ ਮਨਰੀਤ ਰਾਣਾ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ। ਸਿਹਤ ਮੰਤਰੀ ਨੇ ਟਿਵਾਣਾ ਚੌਕ, 100 ਫੁੱਟ ਰੋਡ, ਵੱਡੀ ਨਦੀ, ਛੋਟੀ ਨਦੀ, ਦੌਲਤਪੁਰ ਪੁਲ ਅਤੇ ਸ਼ਾਂਤੀ ਨਗਰ ਇਲਾਕੇ ਦਾ ਦੌਰਾ ਕਰਦਿਆਂ ਨਿਕਾਸੀ ਪ੍ਰਣਾਲੀ ਦਾ ਮੁਆਇਨਾ ਕੀਤਾ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੌਕੇ 'ਤੇ ਜਾ ਕੇ ਸੁਣਨ ਅਤੇ ਤੁਰੰਤ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਅਤੇ ਪਿੰਡਾਂ ਦੇ ਬੰਨ੍ਹਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਬਰਸਾਤੀ ਮੌਸਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਹੜ੍ਹ ਵਰਗੀ ਸਥਿਤੀ ਤੋਂ ਬਚਿਆ ਜਾ ਸਕੇ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਦੇ ਅਰਬਨ ਅਸਟੇਟ, ਬਾਬਾ ਦੀਪ ਸਿੰਘ ਨਗਰ, ਫਰੈਂਡਜ ਕਲੋਨੀ, ਕੋਹਿਨੂਰ ਐਨਕਲੇਵ ਅਤੇ ਤੇਜਬਾਗ ਕਲੋਨੀ ਵਰਗੇ ਇਲਾਕਿਆਂ ਵਿੱਚ ਪਹਿਲਾਂ ਆਉਣ ਵਾਲੀ ਪਾਣੀ ਦੀ ਸਮੱਸਿਆ ਦੇ ਪੱਕੇ ਹੱਲ ਲਈ ਪ੍ਰਸ਼ਾਸਨ ਵੱਲੋਂ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਗਿਆ ਹੈ ਅਤੇ ਹੁਣ ਲੋਕਾਂ ਨੂੰ ਬਰਸਾਤ ਦੌਰਾਨ ਵੱਡੀ ਰਾਹਤ ਮਿਲੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੱਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਗਰ ਨਿਗਮ, ਡਰੇਨੇਜ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਨਾਲ ਪੂਰੀ ਤਾਲਮੇਲ ਨਾਲ ਕੰਮ ਕੀਤਾ ਜਾ ਰਿਹਾ ਹੈ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਅਤੇ ਸ਼ਹਿਰ ਦੀਆਂ ਬੁਨਿਆਦੀ ਸੁਵਿਧਾਵਾਂ ਨੂੰ ਮਜ਼ਬੂਤ ਕਰਨਾ ਜ਼ਿਲ੍ਹਾ ਪ੍ਰਸ਼ਾਸਨ ਦੀ ਸਭ ਤੋਂ ਵੱਡੀ ਪਹਿਲ ਹੈ। ਉਨ੍ਹਾਂ ਦੱਸਿਆ ਕਿ ਮੁੱਖ ਅਤੇ ਅੰਦਰੂਨੀ ਸੜਕਾਂ ਦੀ ਮੁਰੰਮਤ, ਸੀਵਰੇਜ ਪ੍ਰਣਾਲੀ ਦੇ ਸੁਧਾਰ, ਵੱਡੀ ਅਤੇ ਛੋਟੀ ਨਦੀਆਂ ਦੀ ਸਫਾਈ ਅਤੇ ਸ਼ਹਿਰ ਦੀ ਸੁੰਦਰਤਾ ਨਾਲ ਜੁੜੇ ਸਾਰੇ ਵਿਕਾਸ ਕਾਰਜ ਨਿਰਧਾਰਿਤ ਸਮੇਂ ਅੰਦਰ ਪੂਰੇ ਕਰਨ ਲਈ ਟੀਮਾਂ ਲਗਾਤਾਰ ਮੈਦਾਨ ਵਿੱਚ ਡਟੀਆਂ ਹੋਈਆਂ ਹਨ। ਇਸ ਮੌਕੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਸੁਰੇਸ਼ ਰਾਏ, ਮੋਹਿਤ ਕੁਮਾਰ, ਤੋਂ ਇਲਾਵਾ ਡਰੇਨੇਜ, ਨਗਰ ਨਿਗਮ, ਫੋਰੈਸਟ,ਸੀਵਰੇਜ ਵਿਭਾਗਾਂ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਹਡਾਣਾ ਵੱਲੋਂ ਦੇਵੀਗੜ੍ਹ ਵਿਖੇ ਨਵੇਂ ਮੁੱਖ ਦਫ਼ਤਰ ਦਾ ਉਦਘਾਟਨ ਅੱਜ



ਦੇਵੀਗੜ੍ਹ, 29 ਮਈ (ਗੁਰਜੀਤ ਸਿੰਘ ਢੌਟ) : ਹਲਕਾ ਸਨੌਰ ਦੇ ਸਰਬਪੱਖੀ ਵਿਕਾਸ ਨੂੰ ਹੋਰ ਗਤੀ ਦੇਣ ਅਤੇ ਇਲਾਕੇ ਦੇ ਲੋਕਾਂ ਦੀਆਂ ਰੋਜ਼ਮਰ੍ਹਾ ਦੀਆਂ ਮੁਸ਼ਕਲਾਂ ਦਾ ਇੱਕੋ ਛੱਤ ਹੇਠ ਨਿਪਟਾਰਾ ਕਰਨ ਲਈ ਹਲਕਾ ਇੰਚਾਰਜ ਅਤੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਕੱਲ੍ਹ 30 ਮਈ ਦਿਨ ਸ਼ਨੀਵਾਰ ਨੂੰ ਨਵੀਂ ਅਨਾਜ ਮੰਡੀ, ਦੇਵੀਗੜ੍ਹ ਵਿਖੇ ਨਵੇਂ ਮੁੱਖ ਦਫ਼ਤਰ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਇਸ ਅਹਿਮ ਸਮਾਗਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਹਲਕੇ ਦੇ ਸਮੂਹ ਪੰਚਾਂ-ਸਰਪੰਚਾਂ, ਬਲਾਕ ਸੰਮਤੀ ਮੈਂਬਰਾਂ ਅਤੇ ਆਮ ਆਦਮੀ ਪਾਰਟੀ ਦੇ ਸਮੂਹ ਮਿਹਨਤੀ ਅਹੁਦੇਦਾਰਾਂ ਤੇ ਵਲੰਟੀਅਰਾਂ ਨੂੰ ਇਸ ਸਾਦੇ ਉਦਘਾਟਨ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਹੈ। ਸ. ਰਣਜੋਧ ਸਿੰਘ ਹਡਾਣਾ ਨੇ ਦੱਸਿਆ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀਆਂ ਬੂਹੇ 'ਤੇ ਜਾ ਕੇ ਸੇਵਾ ਕਰਨ ਦੀ ਸੋਚ 'ਤੇ ਕੰਮ ਕਰ ਰਹੀ ਹੈ। ਇਸੇ ਸੋਚ ਤਹਿਤ ਦੇਵੀਗੜ੍ਹ ਵਿਖੇ ਇਸ ਮੁੱਖ ਦਫ਼ਤਰ ਨੂੰ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ, ਤਾਂ ਜੋ ਇਲਾਕੇ ਦੇ ਲੋਕਾਂ ਨੂੰ ਇੱਕ ਅਜਿਹਾ ਸਾਂਝਾ ਪਲੇਟਫਾਰਮ ਮਿਲ ਸਕੇ ਜਿੱਥੇ ਉਹ ਬਿਨਾਂ ਕਿਸੇ ਝਿਜਕ ਦੇ ਆਪਣੀਆਂ ਪ੍ਰਸ਼ਾਸਨਿਕ ਅਤੇ ਵਿਕਾਸ ਸਬੰਧੀ ਮੁਸ਼ਕਲਾਂ ਦੱਸ ਸਕਣ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਟੀਚਾ ਸਨੌਰ ਹਲਕੇ ਨੂੰ ਵਿਕਾਸ ਦੇ ਮਾਮਲੇ ਵਿੱਚ ਪੰਜਾਬ ਦਾ ਨੰਬਰ ਇੱਕ ਹਲਕਾ ਬਣਾਉਣਾ ਹੈ। ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਹਲਕੇ ਦੇ ਲੋਕਾਂ ਵਿੱਚ ਇਸ ਨਵੇਂ ਦਫ਼ਤਰ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

## ਜਨਗਣਨਾ ਸਬੰਧੀ ਨਗਰ ਨਿਗਮ ਦੀ ਹੱਦ ਅੰਦਰ ਪਹਿਲੇ ਪੜਾਅ ਦਾ ਕੰਮ ਜ਼ੋਰਾਂ 'ਤੇ

> ਸ਼ਹਿਰ ਦੇ 60 ਵਾਰਡਾਂ ਨੂੰ 685 ਹਾਊਸ ਲਿਸਟਿੰਗ ਬਲਾਕਾਂ 'ਚ ਵੰਡਿਆ, 13 ਜੂਨ ਤੱਕ ਕੰਮ ਮੁਕੰਮਲ ਕਰਨ ਦਾ ਟੀਚਾ

ਪਟਿਆਲਾ, 29 ਮਈ (ਰੁਪਾਣਾ) : ਨਗਰ ਨਿਗਮ ਪਟਿਆਲਾ ਦੀ ਹੱਦ ਅੰਦਰ ਜਨਗਣਨਾ ਦੇ ਪਹਿਲੇ ਪੜਾਅ ਦਾ ਕਾਰਜ ਪੂਰੀ ਸਰਗਰਮੀ ਅਤੇ ਪਾਰਦਰਸ਼ਤਾ ਨਾਲ ਚੱਲ ਰਿਹਾ ਹੈ। ਇਸ ਸਬੰਧੀ ਪ੍ਰਸ਼ਾਸਨਿਕ ਪ੍ਰਬੰਧਾਂ ਦੀ ਜਾਣਕਾਰੀ ਦਿੰਦਿਆਂ ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਇਹ ਸਾਰੀ ਪ੍ਰਕਿਰਿਆ 15 ਮਈ ਤੋਂ 13 ਜੂਨ ਦੇ ਨਿਰਧਾਰਿਤ ਸਮੇਂ ਦੇ ਵਿੱਚ ਮੁਕੰਮਲ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਜਨਗਣਨਾ ਦੇ ਕੰਮ ਨੂੰ ਬਹੁਤ ਹੀ ਸੁਚੱਜੇ, ਆਧੁਨਿਕ ਅਤੇ ਡਿਜੀਟਲ ਢੰਗ ਨਾਲ ਨੇਪਰੇ ਚਾੜ੍ਹਨ ਲਈ ਨਗਰ ਨਿਗਮ ਵੱਲੋਂ ਸਾਰੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ।ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਜਨਗਣਨਾ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਅਤੇ ਕੰਮ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਨਗਰ ਨਿਗਮ ਦੇ ਅੰਤਰਗਤ ਆਉਂਦੇ



ਸਾਰੇ 60 ਵਾਰਡਾਂ ਨੂੰ 685 ਹਾਊਸ ਲਿਸਟਿੰਗ ਬਲਾਕਾਂ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ 685 ਬਲਾਕਾਂ ਵਿੱਚ ਇੰਨੇ ਹੀ (685) ਅਧਿਕਾਰਤ ਗਣਨਾਕਾਰ ਤਾਇਨਾਤ ਕੀਤੇ ਗਏ ਹਨ, ਜੋ ਰੋਜ਼ਾਨਾ ਹਰ ਵਾਰਡ ਦੇ ਘਰ-ਘਰ ਜਾ ਕੇ ਹਾਊਸ ਲਿਸਟਿੰਗ ਦਾ ਕੰਮ ਬੜੀ ਜ਼ਿੰਮੇਵਾਰੀ ਨਾਲ ਕਰ ਰਹੇ ਹਨ। ਸਾਰਾ ਸਟਾਫ਼ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਹੈ ਤਾਂ ਜੋ ਅੰਕੜੇ ਇਕੱਠੇ ਕਰਨ ਵਿੱਚ ਕੋਈ ਗਲਤੀ ਨਾ ਹੋਵੇ। ਜਨਗਣਨਾ ਦੇ ਕੰਮ ਦੀ ਗੁਣਵੱਤਾ ਅਤੇ ਪ੍ਰਗਤੀ ਨੂੰ ਜਾਂਚਣ ਲਈ ਅੱਜ ਸੈਂਸਸ ਦੀ ਡਿਸਟ੍ਰਿਕਟ ਕੋਆਰਡੀਨੇਟਰ ਪਟਿਆਲਾ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ ਗਿਆ। ਉਨ੍ਹਾਂ ਨੇ ਫੀਲਡ ਵਿੱਚ ਜਾ ਕੇ ਇਨੂਮੀਰੇਸ਼ਨ ਕਰ ਰਹੇ ਗਣਨਾਕਾਰਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ। ਕੋਆਰਡੀਨੇਟਰ ਨੇ ਮੁਲਾਜ਼ਮਾਂ ਵੱਲੋਂ ਦਰਜ ਕੀਤੇ ਜਾ ਰਹੇ ਵੇਰਵਿਆਂ ਨੂੰ ਖ਼ੁਦ ਦੇਖਿਆ ਅਤੇ ਫੀਲਡ ਸਟਾਫ਼ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਕੰਮ ਨੂੰ ਤੈਅ ਸਮੇਂ ਅੰਦਰ ਮੁਕੰਮਲ ਕਰਨ ਦੇ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ ਨੇ ਸਮੂਹ ਪਟਿਆਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਨਗਣਨਾ ਦੇ ਸਹੀ ਅੰਕੜੇ ਹੀ ਭਵਿੱਖ ਵਿੱਚ ਦੇਸ਼ ਅਤੇ ਸ਼ਹਿਰ ਦੇ ਵਿਕਾਸ ਦੀਆਂ ਯੋਜਨਾਵਾਂ, ਸਕੂਲ, ਹਸਪਤਾਲ ਅਤੇ ਸੜਕਾਂ ਬਣਾਉਣ ਦਾ ਮੁੱਖ ਆਧਾਰ ਬਣਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਜਨਗਣਨਾ ਵਿਭਾਗ ਦੇ ਕਰਮਚਾਰੀ ਤੁਹਾਡੇ ਘਰ ਆਉਣ, ਤਾਂ ਉਨ੍ਹਾਂ ਨੂੰ ਪਰਿਵਾਰ ਸਬੰਧੀ ਬਿਲਕੁਲ ਸਹੀ ਅਤੇ ਪੁਖ਼ਤਾ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਕੋਈ ਵੀ ਨਾਗਰਿਕ ਇਸ ਸੂਚੀ ਵਿੱਚੋਂ ਵਾਂਝਾ ਨਾ ਰਹੇ। ਇਸ ਮੌਕੇ ਨਗਰ ਨਿਗਮ ਦੇ ਸੁਪਰਵਾਈਜ਼ਰ, ਜਨਗਣਨਾ ਸੈੱਲ ਦੇ ਸੀਨੀਅਰ ਅਧਿਕਾਰੀ ਅਤੇ ਸੁਪਰਵਾਈਜ਼ਰੀ ਸਟਾਫ਼ ਵੀ ਫੀਲਡ ਚੈਕਿੰਗ ਦੌਰਾਨ ਮੌਜੂਦ ਸੀ।

## ਸਕੂਲ ਆਫ ਐਮੀਨੈਂਸ 'ਚ ਮਿਸ਼ਨ ਐਕਸੀਲੈਂਸ ਲਈ ਵਿਦਿਆਰਥੀਆਂ ਦੀ ਚੋਣ



ਭਾਦਸੋਂ, 29 ਮਈ (ਭਰਪੂਰ ਸਿੰਘ ਮੱਟਰਾਂ ) : ਸਕੂਲ ਆਫ ਐਮੀਨੈਂਸ ਭਾਦਸੋਂ ਵਿੱਚ ਅੱਜ ਸੈਸ਼ਨ 2026-27 ਲਈ ਮਿਸ਼ਨ ਐਕਸੀਲੈਂਸ ਅਧੀਨ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਸ ਮੌਕੇ ਚੁਣੇ ਗਏ ਵਿਦਿਆਰਥੀਆਂ ਨੂੰ ਗਰਮੀ ਦੀਆਂ ਛੁੱਟੀਆਂ ਦੌਰਾਨ ਪੜ੍ਹਾਈ ਨੂੰ ਹੋਰ ਮਜ਼ਬੂਤ ਬਣਾਉਣ ਲਈ ਐਕਸਟਰਾ ਸਟੱਡੀ ਮਟੀਰੀਅਲ ਵੀ ਮੁਹੱਈਆ ਕਰਵਾਇਆ ਗਿਆ, ਤਾਂ ਜੋ ਉਹ ਦਿੱਤੇ ਗਏ ਕੰਮ ਦੀ ਸੁਚੱਜੇ ਢੰਗ ਨਾਲ ਤਿਆਰੀ ਕਰ ਸਕਣ। ਸਕੂਲ ਦੇ ਪ੍ਰਿੰਸੀਪਲ ਪ੍ਰੀਤਇੰਦਰ ਘਈ ਨੇ ਪਿਛਲੇ ਸਾਲ ਦੇ ਬੋਰਡ ਪ੍ਰੀਖਿਆ ਨਤੀਜਿਆਂ ਦੀ ਸ਼ਾਨਦਾਰ ਸਫਲਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਵਾਰ ਵੀ ਵਿਦਿਆਰਥੀਆਂ ਨੂੰ ਸ਼ੁਰੂ ਤੋਂ ਹੀ ਮਿਸ਼ਨ ਐਕਸੀਲੈਂਸ ਨਾਲ ਜੋੜਿਆ ਜਾ ਰਿਹਾ ਹੈ, ਤਾਂ ਜੋ ਉਹ ਆਉਣ ਵਾਲੀਆਂ ਬੋਰਡ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਹੋਰ ਉੱਚਾ ਕਰ ਸਕਣ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਿਹਨਤ, ਲਗਨ ਅਤੇ ਨਿਯਮਿਤ ਅਭਿਆਸ ਹੀ ਸਫਲਤਾ ਦੀ ਕੁੰਜੀ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਮੇਂ ਦੀ ਕਦਰ ਕਰਦੇ ਹੋਏ ਪੂਰੀ ਤਨਦੇਹੀ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ।ਵਿਦਿਆਰਥੀਆਂ ਨੇ ਵੀ ਪੂਰੇ ਉਤਸ਼ਾਹ ਨਾਲ ਇਸ ਮੁਹਿੰਮ ਵਿੱਚ ਭਾਗ ਲਿਆ ਅਤੇ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਨਤੀਜੇ ਹਾਸਲ ਕਰਨ ਦਾ ਵਿਸ਼ਵਾਸ ਜਤਾਇਆ।

## ਨਗਰ ਕੌਂਸਲ ਮਲੇਰਕੋਟਲਾ 'ਚ 'ਆਪ' ਨੂੰ 20, ਕਾਂਗਰਸ 8, ਅਕਾਲੀ ਦਲ 1, ਭਾਜਪਾ 1 ਤੇ ਆਜ਼ਾਦ ਨੂੰ 3 ਸੀਟਾਂ ਪ੍ਰਾਪਤ

ਮਲੇਰਕੋਟਲਾ, 29 ਮਈ (ਬਲਜੀਤ ਸਿੰਘ ਟਿੱਬਾ) :ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲ ਮਾਲੇਰਕੋਟਲਾ,ਅਹਿਮਦਗੜ੍ਹ ਅਤੇ ਨਗਰ ਪੰਚਾਇਤ ਅਮਰਗੜ੍ਹ ਦੇ ਕੁੱਲ 61 ਵਾਰਡਾਂ ਤੋਂ ਜੇਤੂ ਉਮੀਦਵਾਰਾਂ ਦੇ ਨਤੀਜੇ ਅੱਜ ਅਧਿਕਾਰਿਕ ਤੌਰ 'ਤੇ ਘੋਸ਼ਿਤ ਕਰ ਦਿੱਤੇ ਗਏ ਹਨ। ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੀ ਪੂਰੀ ਪ੍ਰਕਿਰਿਆ ਅਮਨ, ਅਮਾਨ, ਪਾਰਦਰਸ਼ਤਾ ਅਤੇ ਸੁਚੱਜੇ ਪ੍ਰਬੰਧਾਂ ਹੇਠ ਸਫਲਤਾਪੂਰਵਕ ਸੰਪੰਨ ਹੋਈ। ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ੍ਰੀ ਵਿਰਾਜ ਐਸ. ਤਿੜਕੇ ਨੇ ਚੋਣ ਪ੍ਰਕਿਰਿਆ ਦੇ ਸੁਚੱਜੇ ਸੰਚਾਲਨ ਲਈ ਸਮੂਹ ਚੋਣ ਅਮਲੇ, ਰਿਟਰਨਿੰਗ ਅਫ਼ਸਰਾਂ, ਪੁਲਿਸ ਪ੍ਰਸ਼ਾਸਨ ਅਤੇ ਹੋਰ ਸੰਬੰਧਿਤ ਵਿਭਾਗਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ



ਚੋਣ ਅਮਲੇ ਵੱਲੋਂ ਦਿਨ-ਰਾਤ ਇੱਕ ਕਰਕੇ ਕੀਤੀ ਗਈ ਮਿਹਨਤ ਸਦਕਾ ਹੀ ਪੂਰੀ ਚੋਣ ਪ੍ਰਕਿਰਿਆ ਨਿਰਵਿਘਨ ਅਤੇ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚੜ੍ਹ ਸਕੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਕੌਂਸਲ ਮਾਲੇਰਕੋਟਲਾ ਦੇ 33 ਵਾਰਡਾਂ 'ਚ 20 ਆਮ ਆਦਮੀ ਪਾਰਟੀ ਨੂੰ, ਕਾਂਗਰਸ ਨੂੰ 8, ਸ੍ਰੋਮਣੀ ਅਕਾਲੀ ਦਲ ਨੂੰ 01, ਭਾਜਪਾ ਨੂੰ 01 ਅਤੇ ਅਜਾਦ ਨੂੰ 03 ਸੀਟਾਂ ਪ੍ਰਾਪਤ ਕੀਤੀਆਂ ਹਨ ਅਤੇ ਨਗਰ ਕੌਂਸਲ ਅਹਿਮਦਗੜ੍ਹ ਦੇ 17 ਵਾਰਡਾ 'ਚ ਆਮ ਆਦਮੀ ਪਾਰਟੀ ਨੂੰ 07, ਕਾਗਰਸ ਨੂੰ 06, ਸ੍ਰੋਮਣੀ ਅਕਾਲੀ ਦਲ ਨੂੰ 01, ਤੇ ਅਜਾਦ ਨੂੰ 03 ਸੀਟਾਂ ਪ੍ਰਾਪਤ ਅਤੇ ਨਗਰ ਪੰਚਾਇਤ ਅਮਰਗੜ੍ਹ ਦੇ 11 ਵਾਰਡਾਂ 'ਚ ਆਮ ਆਦਮੀ ਪਾਰਟੀ ਨੂੰ 3, ਕਾਂਗਰਸ ਨੂੰ 1, ਬਸਪਾ ਨੂੰ 1 ਅਤੇ ਅਜਾਦ ਨੂੰ 6 ਸੀਟਾਂ ਪ੍ਰਾਪਤ ਹੋਇਆ ਹਨ । ਉਨ੍ਹਾਂ ਹੋਰ ਦੱਸਿਆ ਕਿ ਸਾਰੇ ਜੇਤੂ ਉਮੀਦਵਾਰਾਂ ਦੇ ਪਾਰਟੀ ਨੁਮਾਇੰਦਿਆਂ ਨੂੰ ਸੰਬੰਧਤ ਰਿਟਰਨਿੰਗ ਅਫ਼ਸਰਾਂ ਵੱਲੋਂ ਸਰਟੀਫਿਕੇਟ ਆਫ ਇਲੈਕਸ਼ਨ ਜਾਰੀ ਕਰ ਦਿੱਤੇ ਗਏ ਹਨ।

## ਰਣਜੋਧ ਸਿੰਘ ਹਡਾਣਾ ਨੇ ਬਲਾਕ ਸੰਮਤੀ ਮੈਂਬਰਾਂ ਤੇ ਸਰਪੰਚਾਂ ਨਾਲ ਕੀਤੀ ਬੈਠਕ

ਦੇਵੀਗੜ੍ਹ, 29 ਮਈ (ਗੁਰਜੀਤ ਸਿੰਘ ਢੌਟ) : ਹਲਕਾ ਸਨੌਰ ਦੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਉਨ੍ਹਾਂ ਦੀ ਜ਼ਮੀਨੀ ਹਕੀਕਤ ਜਾਣਨ ਦੇ ਮਕਸਦ ਨਾਲ ਅੱਜ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਬਲਾਕ ਸੰਮਤੀ ਦਫ਼ਤਰ ਸਨੌਰ ਦੇ ਮੈਂਬਰਾਂ ਅਤੇ ਇਲਾਕੇ ਦੇ ਸਰਪੰਚਾਂ ਨਾਲ ਇੱਕ ਵਿਸ਼ੇਸ਼ ਅਤੇ ਅਹਿਮ ਮੀਟਿੰਗ ਕੀਤੀ ਗਈ। ਇਸ ਉੱਚ ਪੱਧਰੀ ਬੈਠਕ ਦੌਰਾਨ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਸਬੰਧੀ ਖੁੱਲ੍ਹ ਕੇ ਚਰਚਾ ਹੋਈ ਅਤੇ ਸ. ਹਡਾਣਾ ਨੇ ਸਮੂਹ ਮੈਂਬਰਾਂ ਤੇ ਸਰਪੰਚਾਂ ਪਾਸੋਂ ਕੰਮਾਂ ਦੀ ਸਹੀ ਤੇ ਪਾਰਦਰਸ਼ੀ ਪ੍ਰਗਤੀ ਰਿਪੋਰਟ ਮੰਗੀ। ਇਸ ਮੌਕੇ ਗੁਰਵਿੰਦਰ ਸਿੰਘ ਹੈਪੀ ਪਹਾੜੀਪੁਰ, ਵਾਈਸ ਚੇਅਰਮੈਨ ਕਿਰਨਜੀਤ ਕੌਰ ਘੁੰਮਣ, ਹਰਪ੍ਰੀਤ ਸਿੰਘ ਘੁੰਮਣ ਪਰਗਟ ਸਿੰਘ, ਜਸਵਿੰਦਰ ਕੌਰ, ਮਨਦੀਪ ਸਿੰਘ, ਰਾਜ ਕੁਮਾਰ, ਕਰਮਜੀਤ ਕੌਰ,ਪਿੰਕੀ ਰਾਣੀ, ਹਰਵਿੰਦਰ ਸਿੰਘ, ਸ਼ਸ਼ੀ, ਹਰਜੀਤ ਸਿੰਘ,ਗੀਤਾ ਰਾਣੀ,ਤਰਸੇਮ ਸਿੰਘ, ਜੋਗਿੰਦਰ ਕੌਰ,ਗੁਰਮੀਤ ਸਿੰਘ, ਸਰਬਜੀਤ ਕੌਰ,ਕੁਲਜੀਤ ਸਿੰਘ, ਗੁਰਜੰਟ ਸਿੰਘ, ਬਲਾਕ ਸੰਮਤੀ ਸਨੌਰ ਦੇ ਸੀਨੀਅਰ ਅਹੁਦੇਦਾਰ, ਵੱਖ-ਵੱਖ ਵਾਰਡਾਂ ਦੇ ਮੈਂਬਰ, ਵੱਖ-ਵੱਖ ਪਿੰਡਾਂ ਦੇ ਸਰਪੰਚ,ਵਿਭਾਗ ਦੇ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਹਾਜ਼ਰ ਸਨ। ਮੀਟਿੰਗ ਦੌਰਾਨ ਬਲਾਕ ਸੰਮਤੀ ਮੈਂਬਰਾਂ ਅਤੇ ਸਰਪੰਚਾਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕਰ ਰਹੀ ਹੈ। ਇਸ ਲਈ ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇੱਕ-ਇੱਕ ਪੈਸਾ ਇਮਾਨਦਾਰੀ ਨਾਲ ਲੋਕਾਂ ਦੀ ਸਹੂਲਤ ਲਈ ਖ਼ਰਚਿਆ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਅਧਿਕਾਰ ਖੇਤਰ ਅਤੇ ਪਿੰਡਾਂ ਵਿੱਚ ਚੱਲ ਰਹੇ ਕੰਮਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਬਿਲਕੁਲ ਸਹੀ ਰਿਪੋਰਟ ਸੌਂਪਣ। ਬੈਠਕ ਦੌਰਾਨ ਹਾਜ਼ਰ ਸਰਪੰਚਾਂ ਅਤੇ ਬਲਾਕ ਸੰਮਤੀ ਦੇ ਮੈਂਬਰਾਂ ਨੇ ਵੀ ਆਪਣੇ-ਆਪਣੇ ਇਲਾਕਿਆਂ ਨਾਲ ਸਬੰਧਿਤ ਸਮੱਸਿਆਵਾਂ, ਰੁਕੇ ਹੋਏ ਕੰਮਾਂ ਅਤੇ ਗਲੀਆਂ, ਨਾਲੀਆਂ, ਸੜਕਾਂ ਤੇ ਪੀਣ ਵਾਲੇ ਪਾਣੀ ਦੀਆਂ ਲੋੜਾਂ ਬਾਰੇ ਹਲਕਾ ਇੰਚਾਰਜ ਨੂੰ ਵਿਸਤਾਰ ਵਿੱਚ ਜਾਣੂੰ ਕਰਵਾਇਆ। ਸ. ਹਡਾਣਾ ਨੇ ਸਾਰਿਆਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਮੌਕੇ 'ਤੇ ਹੀ ਮੌਜੂਦ ਅਧਿਕਾਰੀਆਂ ਨੂੰ ਪਹਿਲ ਦੇ ਅਧਾਰ 'ਤੇ ਇਨ੍ਹਾਂ ਮੁਸ਼ਕਲਾਂ ਦਾ ਹੱਲ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਵਿਕਾਸ ਦੇ ਮਾਮਲੇ ਵਿੱਚ ਕਿਸੇ ਵੀ ਪਿੰਡ ਨਾਲ ਕੋਈ ਪੱਖਪਾਤ ਨਹੀਂ ਹੋਣ ਦਿੱਤਾ ਜਾਵੇਗਾ। ਚੇਅਰਮੈਨ ਹਡਾਣਾ ਨੇ ਕਿਹਾ ਕਿ 'ਆਮ ਆਦਮੀ ਪਾਰਟੀ' ਦੀ ਸਰਕਾਰ ਭ੍ਰਿਸ਼ਟਾਚਾਰ ਮੁਕਤ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਪਿੰਡਾਂ ਵਿੱਚ ਹੋ ਰਹੇ ਨਿਰਮਾਣ ਕਾਰਜਾਂ ਵਿੱਚ ਮਟੀਰੀਅਲ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਵਿਕਾਸ ਕਾਰਜਾਂ ਦੀ ਰਿਪੋਰਟ ਵਿੱਚ ਕੋਈ ਗੜਬੜੀ ਪਾਈ ਗਈ ਤਾਂ ਸਬੰਧਿਤ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।



## ਨਗਰ ਕੌਂਸਲ ਚੋਣਾਂ 'ਚ ਭਾਜਪਾ ਦੀ ਰੇਣੂ ਸ਼ਰਮਾ ਜੇਤੂ, ਵਾਰਡ ਵਾਸੀਆਂ ਦਾ ਕੀਤਾ ਧੰਨਵਾਦ

ਸਮਾਣਾ, 29 ਮਈ (ਵਿਜੇ ਕੁਮਾਰ) ਨਗਰ ਕੌਂਸਲ ਚੋਣਾਂ ਵਿੱਚ ਵਾਰਡ ਨੰਬਰ ਤਿੰਨ ਤੋਂ ਭਾਜਪਾ ਉਮੀਦਵਾਰ ਰੇਣੂ ਸ਼ਰਮਾ ਨੇ ਇੱਕ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਇਸ ਜਿੱਤ ਤੋਂ ਬਾਅਦ,ਰੇਣੂ ਸ਼ਰਮਾ ਆਪਣੇ ਸਮਰਥਕਾਂ ਅਤੇ ਪਾਰਟੀ ਵਰਕਰਾਂ ਨੀਰਜ ਜਿੰਦਲ, ਯਤਿੰਦਰ ਸ਼ਰਮਾ, ਅਭਿਨਵ ਗੁਪਤਾ, ਰਜੇਸ਼ ਜਿੰਦਲ, ਭਾਨੂ ਪ੍ਰਤਾਪ ਸਿੰਗਲਾ, ਮਨੀਸ਼ ਜਿੰਦਲ, ਆਸ਼ੀਸ਼ ਜਿੰਦਲ, ਵਿਕਾਸ ਸ਼ਰਮਾ, ਮੁਨੀਸ਼ ਰੌਕੀ, ਹਨੀ ਜਿੰਦਲ, ਪ੍ਰੀਕਸ਼ਿਤ ਪਾਠਕ, ਰਾਜਨ ਸਿੰਗਲਾ, ਨਿਸ਼ਾ ਗੁਪਤਾ, ਅੰਜਨਾ ਗੁਪਤਾ, ਰਜਨੀ ਗੁਪਤਾ, ਨਿਸ਼ਾ ਜਿੰਦਲ, ਧੀਰਜ ਸ਼ਰਮਾ, ਅਜੇ ਗੋਇਲ, ਨਿਤੀਸ਼ ਕੁਮਾਰ, ਬਲਰਾਮ ਅਤੇ ਪੂਜਾ ਰਾਣੀ ਦੇ ਨਾਲ ਜਸ਼ਨ ਮਨਾਉਂਦੇ ਹੋਏ । ਸਮਰਥਕਾਂ ਨੇ ਢੋਲ-ਢਮੱਕਿਆਂ ਦੇ ਨਾਲ ਉਹਨਾਂ ਦਾ ਸਵਾਗਤ ਕੀਤਾ ਅਤੇ ਉਨਾ ਦੇ ਫੁੱਲਾ ਦਾ ਹਾਰ ਪਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਰੇਣੂ ਸ਼ਰਮਾ ਨੇ ਆਪਣੀ ਜਿੱਤ ਲਈ ਵਾਰਡ ਵਾਸੀਆਂ ਦਾ ਧੰਨਵਾਦ ਕੀਤਾ ।



## ਜ਼ਿਲ੍ਹਾ ਤੇ ਸੈਸ਼ਨ ਜੱਜ ਅਵਤਾਰ ਸਿੰਘ ਵੱਲੋਂ ਸਮਾਣਾ ਅਦਾਲਤਾਂ ਦਾ ਦੌਰਾ

ਸਮਾਣਾ, 29 ਮਈ (ਵਿਜੇ ਕੁਮਾਰ/ਜਵੰਦਾ): ਸਮਾਣਾ ਦੀਆਂ ਨਿਆਂਇਕ ਅਦਾਲਤਾਂ 'ਚ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਟਿਆਲਾ ਅਵਤਾਰ ਸਿੰਘ ਵਿਸ਼ੇਸ਼ ਤੌਰ ਪਹੁੰਚੇ। ਜਿਨ੍ਹਾਂ ਦਾ ਅਦਾਲਤ ਕੰਪਲੈਕਸ ਵਿਖੇ ਪਹੁੰਚਣ 'ਤੇ ਬਾਰ ਐਸੋਸੀਏਸ਼ਨ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਦੀ ਅਗਵਾਈ ਵਿਚ ਵਕੀਲਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਐਡੀਸਨਲ ਸਿਵਲ ਜੱਜ ਸੀਨੀਅਰ ਡਿਵੀਜਨ ਸਮਾਣਾ ਮਨਦੀਪ ਸਿੰਘ, ਜੱਜ ਮੈਡਮ ਸਵੇਤਾ, ਜੱਜ ਮੈਡਮ ਰਾਜਵਿੰਦਰ ਕੌਰ, ਜੱਜ ਮੈਡਮ ਜਸਲੀਨ ਕੌਰ ਬਵੇਜਾ, ਜੱਜ ਮੈਡਮ ਮੋਹਣੀ ਗੋਇਲ ਅਤੇ ਜੱਜ ਮੈਡਮ ਡਿੰਪਲ ਗਰਗ ਵੀ ਵਿਸੇਸ਼ ਤੌਰ 'ਤੇ ਮੌਜੂਦ ਰਹੇ। ਸਮਾਗਮ ਦੀ ਸੁਰੂਆਤ ਵਿੱਚ ਬਾਰ ਐਸੋਸੀਏਸਨ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਅਤੇ ਮੀਤ ਪ੍ਰਧਾਨ ਐਡਵੋਕੇਟ ਸੰਦੀਪ ਜਿੰਦਲ ਨੇ ਆਏ ਮਹਿਮਾਨਾਂ ਨੂੰ ਜੀ-ਆਇਆਂ ਆਖਿਆ। ਇਸ ਦੌਰਾਨ ਬਾਰ ਐਸੋਸੀਏਸਨ ਦੇ ਪ੍ਰਧਾਨ ਨੇ ਵਕੀਲ ਭਾਈਚਾਰੇ ਨੂੰ ਰੋਜਾਨਾ ਦੇ ਕੰਮਕਾਜ ਦੌਰਾਨ ਆਉਣ ਵਾਲੀਆਂ ਦਰਪੇਸ ਮੁਸਕਿਲਾਂ ਨੂੰ ਮਾਨਯੋਗ ਜਿਲ੍ਹਾ ਅਤੇ ਸੈਸਨ ਜੱਜ ਦੇ ਧਿਆਨ ਵਿੱਚ ਲਿਆਂਦਾ ਅਤੇ ਉਨ੍ਹਾਂ ਦੇ ਜਲਦ ਨਿਪਟਾਰੇ ਦੀ ਮੰਗ ਕੀਤੀ। ਜਿਲ੍ਹਾ ਅਤੇ ਸੈਸ਼ਨ ਜੱਜ ਨੇ ਵਕੀਲਾਂ ਨੂੰ ਵਿਸਵਾਸ਼ ਦਿਵਾਇਆ ਕਿ ਉਨ੍ਹਾਂ ਨੂੰ ਅਦਾਲਤੀ ਕੰਮਕਾਜ ਦੌਰਾਨ ਕੋਈ ਵੀ ਮੁਸਕਿਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਮੰਚ ਸੰਚਾਲਨ ਬਾਰ ਐਸੋਸੀਏਸਨ ਸਮਾਣਾ ਦੇ ਸੈਕਟਰੀ ਕਸਮੀਰ ਸਿੰਘ ਚੂੰਬਰ ਨੇ ਬਾਖੂਬੀ ਢੰਗ ਨਾਲ ਕੀਤਾ। ਸਮਾਗਮ ਦੇ ਅਖੀਰ ਵਿੱਚ ਬਾਰ ਐਸੋਸੀਏਸਨ ਸਮਾਣਾ ਵੱਲੋਂ ਮਾਨਯੋਗ ਜਿਲ੍ਹਾ ਅਤੇ ਸੈਸਨ ਜੱਜ ਅਵਤਾਰ ਸਿੰਘ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਇੰਦਰਜੀਤ ਸਿੰਘ ਸਲੂਜਾ, ਰਾਜ ਕੁਮਾਰ ਭਾਨ, ਬਲਬੀਰ ਸਿੰਘ ਧਨੋਆ, ਜਸਪਾਲ ਸਿੰਘ ਸੰਧੂ, ਪਰਮਿੰਦਰ ਸਿੰਘ ਕੰਡਾ, ਜਸਵਿੰਦਰ ਸਿੰਘ ਗੋਲਣ, ਆਰਨਦੀਪ ਸਿੰਘ ਸੰਧੂ, ਐਡਵੋਕੇਟ ਨਿਰਲੇਪ ਕੌਰ, ਰੋਮੀ ਵਡੇਰਾ, ਹਰਿੰਦਰ ਪਾਲ ਸਿੰਘ, ਕੁਲਵਿੰਦਰ ਸਿੰਘ ਗਲੌਲੀ, ਹਰਮਨਦੀਪ ਸਿੰਘ ਸਿੱਧੂ, ਲਵਲੀ ਗਰਗ, ਬਘੇਲ ਸਿੰਘ ਸੰਧੂ, ਕੁਲਜੀਤ ਸਿੰਘ ਵਿਰਕ, ਖਵਾਬ ਸੋਨੀ , ਰਜਨੀ ਬਾਲਾ, ਵਿਕਾਸ ਸ਼ਰਮਾ, ਅਰਮਾਨ ਸਿੰਘ,ਅਰਵਿੰਦਰ ਸਿੰਘ, ਬਿਕਰਮਜੀਤ ਸਿੰਘ ਚਹਿਲ, ਹਰਤੇਜ ਸਿੰਘ ਸੰਧੂ ਰਵਿੰਦਰ ਕੁਮਾਰ ਸਹੋਤਾ ਹਾਜ਼ਰ ਸਨ।



## ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ



ਭਾਦਸੋਂ, 29 ਮਈ (ਭਰਪੂਰ ਸਿੰਘ ਮੱਟਰਾਂ) ਅੱਤ ਦੀ ਪੈ ਰਹੀ ਗਰਮੀ ਤੋਂ ਬਚਾਅ ਲਈ ਅੱਜ ਸਥਾਨਕ ਸ਼ਹਿਰ ਦੇ ਵਾਰਡ ਨੰਬਰ 1 ਅਤੇ 11 ਵਿਚ ਨੂਰ ਪਾਰਲਰ ਚਾਸਵਾਲ ਅਤੇ ਬੱਚਿਆ ਵਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ।ਇਸ ਦੌਰਾਨ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਠੰਡਾ ਮਿੱਠਾ ਜਲ ਛਕਾਇਆ ਗਿਆ ।ਇਸ ਮੌਕੇ ਪ੍ਰਭਨੂਰ ਸਿੰਘ, ਮਨਜੋਤ ਸਿੰਘ , ਕਰਮਜੀਤ ਸਿੰਘ,ਪ੍ਰਭਜੋਤ ਸਿੰਘ, ਜਸਮਨਜੋਤ ਸਿੰਘ,ਹਰਮਨ ਸਿੰਘ, ਸ਼ਿਵਮ ,ਅੰਸ਼, ਅਨਮੋਲ, ਜਸ਼ਨਪ੍ਰੀਤ ਕੌਰ, ਸੀਰਤ, ਸੋਨੂ, ਹਰਜੋਤ ਕੌਰ ਵੀ ਹਾਜ਼ਰ ਸਨ।

## ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ

ਪਟਿਆਲਾ, 29 ਮਈ (ਚ.ਨ.ਸ) : ਥਾਣਾ ਲਾਹੌਰੀ ਗੇਟ ਪਟਿਆਲਾ ਦੇ ਮੁੱਖ ਅਫਸਰ ਨੇ ਦੱਸਿਆ ਕਿ ਇੱਕ ਅਣਪਛਾਤਾ ਵਿਅਕਤੀ, ਮੰਗਤਾ ਟਾਈਪ, ਜਿਸ ਦੀ ਉਮਰ ਕਰੀਬ 55 ਸਾਲ, ਕੱਦ ਕਰੀਬ 5 ਫੁੱਟ 5 ਇੰਚ, ਰੰਗ ਕਣਕ ਵੰਨਾ, ਸਿਰ ਤੋਂ ਮੋਨਾ, ਦਾੜੀ ਮੁੱਛ ਕਤਰਾਵੀ, ਸਿਰ ਦੇ ਵਾਲ ਚਿੱਟੇ, ਜਿਸ ਨੇ ਨੀਲੀ ਸ਼ਰਟ, ਕਾਲੇ ਰੰਗ ਦੀ ਲੋਅਰ, ਪੈਰਾਂ ਤੋਂ ਨੰਗਾ ਹੈ, ਦੀ ਡੈਡਬਾਡੀ ਵੀਰ ਹਕੀਕਤ ਰਾਏ ਸਕੂਲ ਪਟਿਆਲਾ ਨੇੜੇ ਖੰਡਰ ਹੋਈ ਪਾਣੀ ਦੀ ਟੈਂਕੀ ਦੀ ਬੈਕ ਸਾਈਡ ਤੋਂ ਮਿਲੀ ਹੈ, ਜਿਸ ਦੇ ਵਾਰਸਾਂ ਬਾਰੇ ਕੁਝ ਵੀ ਪਤਾ ਨਹੀਂ ਲੱਗ ਸਕਿਆ, ਜਿਸ ਦੀ ਤਲਾਸ਼ ਨੂੰ ਸ਼ਨਾਖਤ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ 72 ਘੰਟਿਆਂ ਲਈ ਮੋਰਚਰੀ ਵਿਚ ਰੱਖਿਆ ਗਿਆ ਹੈ। ਜੇਕਰ ਇਸ ਅਣਪਛਾਤੇ ਵਿਅਕਤੀ ਦੇ ਵਾਰਸਾਂ ਬਾਰੇ ਕੋਈ ਵੀ ਪਤਾ ਲੱਗੇ ਤਾਂ 95929-12518, 95929-17915 ਅਤੇ 98964-02421 ਨੰਬਰਾਂ 'ਤੇ ਸੰਪਰਕ ਕੀਤਾ ਜਾਵੇ।



## ਡੀ.ਸੀ. ਵੱਲੋਂ ਲੋਕਾਂ ਨੂੰ ਜਨਗਣਨਾ ਦੇ ਕਾਰਜ 'ਚ ਸਹਿਯੋਗ ਕਰਨ ਦੀ ਅਪੀਲ

ਪਟਿਆਲਾ, 29 ਮਈ (ਰੁਪਾਣਾ) : ਜ਼ਿਲ੍ਹਾ ਪਟਿਆਲਾ ਵਿਖੇ 6 ਤਹਿਸੀਲਾਂ ਰਾਜਪੁਰਾ, ਪਟਿਆਲਾ, ਪਾਤੜਾਂ, ਸਮਾਣਾ, ਦੂਧਨਸਾਧਾਂ ਅਤੇ ਨਾਭਾ ਸਮੇਤ 5 ਨਗਰ ਕੌਂਸਲਾਂ ਨਾਭਾ, ਰਾਜਪੁਰਾ, ਪਾਤੜਾਂ, ਸਮਾਣਾ, ਸਨੌਰ ਅਤੇ 4 ਨਗਰ ਪੰਚਾਇਤਾਂ ਘਨੌਰ, ਘੱਗਾ, ਭਾਦਸੋਂ ਅਤੇ ਦੇਵੀਗੜ੍ਹ ਵਿੱਚ ਜਨਗਣਨਾ 2027 ਦਾ ਫੀਲਡ ਵਰਕ, ਡਿਪਟੀ ਕਮਿਸ਼ਨਰ-ਪ੍ਰਿੰਸੀਪਲ ਸੈਂਸੇਜ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਅਤੇ ਜ਼ਿਲ੍ਹੇ ਦੇ ਸੈਂਸੇਜ ਨੋਡਲ ਅਫ਼ਸਰ ਤੇ ਏ ਡੀ ਸੀ (ਪੇਂਡੂ ਵਿਕਾਸ) ਦਮਨਜੀਤ ਸਿੰਘ ਮਾਨ ਦੀ ਅਗਵਾਈ ਹੇਠ 15 ਮਈ ਤੋਂ ਸ਼ੁਰੂ ਹੋ ਗਿਆ ਹੈ। ਇਸ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਲਗਭਗ 3000 ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਦਾ ਸਟਾਫ ਜਨਗਣਨਾ ਦੇ ਕੰਮ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨ ਲਈ ਲਗਾਇਆ ਗਿਆ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਕੰਮ ਵਿਚ ਪੂਰਨ ਸਹਿਯੋਗ ਕਰਨ। ਜਨਗਣਨਾ ਦੇ ਕੰਮ ਦੀ ਸੰਪੂਰਨਤਾ, ਸਟੀਕਤਾ ਅਤੇ ਉੱਚ ਗੁਣਵੱਤਾ ਨੂੰ ਬਣਾਈ ਰੱਖਣ ਲਈ, ਸਹਾਇਕ ਖੋਜ ਅਫ਼ਸਰ, ਉਪ ਅਰਥ ਅਤੇ ਅੰਕੜਾ ਸਲਾਹਕਾਰ-ਕਮ-ਵਧੀਕ ਜ਼ਿਲ੍ਹਾ ਸੈਂਸੰਜ ਅਫ਼ਸਰ, ਜਸਵਿੰਦਰ ਕੌਰ ਨੇ ਤਹਿਸੀਲ ਪਟਿਆਲਾ ਦੇ ਪਿੰਡਾਂ ਲਚਕਾਣੀ, ਜੱਸੋਵਾਲ, ਰੌਂਗਲਾ, ਬਖ਼ਸ਼ੀਵਾਲਾ ਉਰਫ ਕਿਸ਼ਨਪੁਰਾ ਅਤੇ ਸਿੱਧੂਵਾਲ ਆਦਿ ਵਿੱਚ ਖੁਦ ਜਾ ਕੇ ਸੈਂਸੰਜ ਦੇ ਕੰਮ ਸਬੰਧੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਨੂੰ ਹਦਾਇਤ ਕੀਤੀ ਕਿ ਜਨਗਣਨਾ ਭਾਰਤ ਸਰਕਾਰ ਦਾ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਮਿਤੀ ਬੱਧ ਕੰਮ ਹੈ। ਦੇਸ਼ ਵਿੱਚ ਸਾਰੀਆਂ ਨਵੀਆਂ ਨੀਤੀਆ/ਸਕੀਮਾਂ ਇਸ ਡੇਟਾ ਦੇ ਅਧਾਰ 'ਤੇ ਬਣਾਈਆਂ ਜਾਣੀਆਂ ਹਨ, ਇਸ ਲਈ ਇਹ ਡੇਟਾ ਉੱਚ ਗੁਣਵੱਤਾ ਵਾਲਾ ਅਤੇ ਸਟੀਕ ਹੋਣਾ ਬਹੁਤ ਜ਼ਰੂਰੀ ਹੈ। ਜਸਵਿੰਦਰ ਕੌਰ ਨੇ ਦੱਸਿਆ ਕਿ ਜਨਗਣਨਾ ਦੇ ਪਹਿਲੇ ਫੇਜ ਵਿੱਚ (15 ਮਈ 2026 ਤੋਂ 13 ਜੂਨ 2026 ਤੱਕ) ਹਾਊਸ ਲਿਸਟਿੰਗ ਵਜੋਂ ਕੰਮ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਜਿਸ ਵਿੱਚ ਇਨੁਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਹਾਊਸ ਲਿਸਟਿੰਗ ਦਾ ਕੰਮ ਕਰ ਰਹੇ ਹਨ।